# ਸੈਂਟਰ ਫ਼ਾਰ ਡਿਸਟੈਂਸ ਐਂਡ ਆਨਲਾਈਨ ਐਜੂਕੇਸ਼ਨ
## ਪੰਜਾਬੀ ਯੂਨੀਵਰਸਿਟੀ, ਪਟਿਆਲਾ


**ਕਲਾਸ : ਬੀ. ਏ. (ਪੰਜਾਬੀ ਲਾਜ਼ਮੀ)** **ਸਮੈਸਟਰ ਤੀਜਾ**

**ਪੇਪਰ : ਪੰਜਾਬੀ ਲਾਜ਼ਮੀ** **ਯੂਨਿਟ : 1**

**ਪਾਠ ਨੰ.**


1.1 ਕਰਮਜੀਤ ਸਿੰਘ ਕੁੱਸੇ ਦੇ ਨਾਵਲ 'ਰੋਹੀ ਬੀਆਬਾਨ' ਦੀ ਸਮੱਸਿਆ ਅਤੇ ਲੇਖਕ ਦਾ ਦ੍ਰਿਸ਼ਟੀਕੋਣ

1.2 ਕਰਮਜੀਤ ਸਿੰਘ ਕੁੱਸੇ ਦੇ ਨਾਵਲ 'ਰੋਹੀ ਬੀਆਬਾਨ' ਦੀ ਪਾਤਰ ਉਸਾਰੀ ਅਤੇ ਪ੍ਰਮੁੱਖ ਪਾਤਰਾਂ ਨਾਲ ਜਾਣ ਪਹਿਚਾਣ

1.3 ਕਰਮਜੀਤ ਸਿੰਘ ਕੁੱਸੇ ਦੇ ਨਾਵਲ 'ਰੋਹੀ ਬੀਆਬਾਨ' ਦਾ ਕਥਾਨਕ,ਕਥਾ ਜੁਗਤਾਂ ਅਤੇ ਭਾਸ਼ਾ ਸ਼ੈਲੀ

1.4 ਕਰਮਜੀਤ ਸਿੰਘ ਕੁੱਸੇ ਦਾ ਪੰਜਾਬੀ ਨਾਵਲ ਵਿਚ ਸਥਾਨ

1.5 'ਰੋਹੀ ਬੀਆਬਾਨ' ਨਾਲ ਸੰਬੰਧਤ ਛੋਟੇ ਪ੍ਰਸ਼ਨ-ਉਤਰ



**Department website : www.pbidde.org**

## ਬੀ.ਏ. ਦੂਜਾ, ਪੰਜਾਬੀ ਲਾਜ਼ਮੀ (ਸਮੈਸਟਰ ਤੀਜਾ)
## 2021-22, 2022-23 ਅਤੇ 2023-24 ਸ਼ੈਸ਼ਨ ਲਈ

**ਕੁਲ ਅੰਕ : 100** **ਵਿਸ਼ੇ ਵਿਚੋਂ ਪਾਸ ਹੋਣ ਲਈ ਅੰਕ : 35**

**ਸਮਾਂ : 3 ਘੰਟੇ**

### ਪਾਠਕ੍ਰਮ ਅਤੇ ਪ੍ਰਸ਼ਨ-ਪੱਤਰ ਦੀ ਰੂਪ-ਰੇਖਾ

**ਭਾਗ-ੳ**

ੳ-1. ਨਾਵਲ ਕੀ ਹੁੰਦਾ ਹੈ, ਨਾਵਲ ਦਾ ਸਰੂਪ, ਨਾਵਲ ਅਤੇ ਨਾਵਲੈਟ ਵਿਚ ਅੰਤਰ, ਨਾਵਲ ਅਤੇ ਕਹਾਣੀ ਵਿਚ ਅੰਤਰ

ੳ-2. ਨਾਵਲ : ਰੋਹੀ ਬੀਆਬਾਨ (ਕਰਮਜੀਤ ਸਿੰਘ ਕੁੱਸਾ),

**ਭਾਗ-ਅ**

ਅ-1 : ਪੰਜਾਬੀ ਪੱਤਰਕਾਰੀ,

ੳ) ਖ਼ਬਰ ਅ) ਵਿਸ਼ੇਸ਼ ਅਖ਼ਬਾਰੀ ਰਿਪੋਰਟ ੲ) ਫੀਚਰ ਲੇਖਣ ਸ) ਇਸ਼ਤਿਹਾਰ ਲੇਖਣ ਹ) ਇਸ਼ਤਿਹਾਰੀ ਖ਼ਬਰ ; ਸੰਕਲਪ ਅਤੇ ਅਭਿਆਸ

ਅ-2 ਪੰਜਾਬੀ ਭਾਸ਼ਾ ਅਤੇ ਗੁਰਮੁਖੀ ਲਿੱਪੀ ਨਾਲ ਜਾਣ-ਪਛਾਣ :

ੳ) ਪੰਜਾਬੀ ਭਾਸ਼ਾ ਦਾ ਇਤਿਹਾਸ ਅਤੇ ਇਲਾਕਾਈ ਵੰਨਗੀਆਂ

ਅ) ਗੁਰਮੁਖੀ ਲਿੱਪੀ ਦਾ ਇਤਿਹਾਸ ਅਤੇ ਗੁਰਮੁਖੀ ਆਰਥੋਗਰਾਫੀ

ੲ) ਪੰਜਾਬੀ ਧੁਨੀ ਵਿਉਂਤ : ਸਵਰ, ਵਿਅੰਜਨ, ਖੰਡੀ ਅਤੇ ਅਖੰਡੀ ਧੁਨੀਆਂ

**ਭਾਗ-ੲ**

ਪਾਠਕ੍ਰਮ ਦੇ ਭਾਗ ੳ ਅਤੇ ਅ ਵਿਚੋਂ ਸੰਖੇਪ ਉੱਤਰਾਂ ਵਾਲੇ ਪ੍ਰਸ਼ਨ)

### ਅੰਕ-ਵੰਡ ਅਤੇ ਪੇਪਰ ਸੈਂਟਰ ਲਈ ਹਦਾਇਤਾਂ

1. ਪਾਠਕ੍ਰਮ ਦੇ ਦੋ ਭਾਗ ੳ ਅਤੇ ਅ ਹਨ ਪਰ ਪ੍ਰਸ਼ਨ ਪੱਤਰ ਦੇ ਤਿੰਨ ਭਾਗ ੳ, ਅ ਅਤੇ ੲ ਹੋਣਗੇ।
2. ਭਾਗ ੳ-1 ਵਿਚੋਂ 2 ਪ੍ਰਸ਼ਨ ਪੁੱਛੇ ਜਾਣਗੇ, ਜਿਨ੍ਹਾਂ ਵਿਚੋਂ ਵਿਦਿਆਰਥੀ ਇੱਕ ਪ੍ਰਸ਼ਨ ਦਾ ਉੱਤਰ ਦੇਵੇਗਾ। ਇਹ ਪ੍ਰਸ਼ਨ ਦਿੱਤੇ ਗਏ ਗਲਪ ਰੂਪਾਂ ਦੇ ਸਰੂਪ, ਤੱਤਾਂ ਬਾਰੇ ਜਾਂ ਇਨ੍ਹਾਂ ਵਿਚਕਾਰ ਸਮਾਨਤਾਵਾਂ ਜਾਂ ਅੰਤਰਾਂ ਬਾਰੇ ਹੋਣਗੇ। 15 ਅੰਕ
3. ਭਾਗ ੳ-2 ਵਿੱਚੋਂ ਦੋ ਪ੍ਰਸ਼ਨ ਪੁੱਛੇ ਜਾਣਗੇ, ਜਿਨ੍ਹਾਂ ਵਿਚੋਂ ਵਿਦਿਆਰਥੀ ਨੇ ਇੱਕ ਦਾ ਉੱਤਰ ਦੇਣਾ ਹੋਵੇਗਾ। ਨਾਵਲ ਬਾਰੇ ਪਾਠਕੀ ਹੁੰਗਾਰਾ, ਨਾਵਲ ਬਾਰੇ ਵਿਦਿਆਰਥੀ ਦੇ ਪ੍ਰਭਾਵ, ਨਾਵਲ ਦੇ ਮੰਤਵ ਅਤੇ ਜੀਵਨ ਨੂੰ ਸਮਝਣ ਵਿਚ ਨਾਵਲ ਦੇ ਮਹੱਤਵ ਬਾਰੇ ਪ੍ਰਸ਼ਨ ਪੁੱਛਿਆ ਜਾ ਸਕਦਾ ਹੈ। ਇਸ ਭਾਗ ਵਿਚ ਪਾਤਰਾਂ ਬਾਰੇ ਵੀ ਪ੍ਰਸ਼ਨ ਪੁੱਛੇ ਜਾ ਸਕਦੇ ਹਨ। ਨਾਵਲ ਦੇ ਵਿਸ਼ੇ-ਵਸਤੂ, ਵਿਚਾਰਧਾਰਾ, ਸਮਕਾਲੀ ਜੀਵਨ ਵਿਚ ਨਾਵਲ ਦੇ ਵਿਸ਼ੇ ਦੇ ਮਹੱਤਵ, ਪਾਤਰਾਂ ਦੀ ਘਾੜਤ, ਮਨਪਸੰਦ ਪਾਤਰ, ਪਾਤਰਾਂ ਦੇ ਸੁਭਾਅ ਦਾ ਵਿਸ਼ਲੇਸ਼ਣ ਕਰਨ ਲਈ ਕਿਹਾ ਜਾ ਸਕਦਾ ਹੈ। ਪ੍ਰਸ਼ਨ ਪੱਤਰ ਬਣਾਉਣ ਲੱਗਿਆ ਧਿਆਨ ਰੱਖਿਆ ਜਾਵੇ ਕਿ ਵਿਦਿਆਰਥੀ ਦੇ ਆਪਣੇ ਵਿਚਾਰਾਂ ਦੇ ਪ੍ਰਗਟਾਵੇ ਨੂੰ ਉਤਸਾਹਿਤ ਕੀਤਾ ਜਾਵੇ। 15 ਅੰਕ
4. ਭਾਗ ਅ-1 ਵਿਚ ਦਰਜ ਪੱਤਰਕਾਰੀ ਰੂਪਾਂ ਦੀ ਪਰਿਭਾਸ਼ਾ, ਸਰੂਪ, ਪ੍ਰਕਾਰਜ ਅਤੇ ਮਹੱਤਵ ਦੇ ਨਾਲ ਨਾਲ ਇਨ੍ਹਾਂ ਰੂਪਾਂ ਦੇ ਆਪਸੀ ਨਿਖੇੜੇ ਬਾਰੇ ਪ੍ਰਸ਼ਨ ਪੁੱਛੇ ਜਾ ਸਕਦੇ ਹਨ। ਇਸ ਭਾਗ ਵਿਚੋਂ ਕੁਲ 5 ਪ੍ਰਸ਼ਨ ਪੁੱਛੇ ਜਾਣਗੇ, ਜਿਨ੍ਹਾਂ ਵਿਚੋਂ ਵਿਦਿਆਰਥੀ ਨੇ 3 ਪ੍ਰਸ਼ਨ ਦਾ ਉੱਤਰ ਇੱਕ-ਡੇਢ ਪੰਨੇ ਵਿਚ ਦੇਣਾ ਹੋਵੇਗਾ। 15 ਅੰਕ
5. ਭਾਗ ਅ-2 ਵਿਚੋਂ ਵੀ 5 ਪ੍ਰਸ਼ਨ ਪੁੱਛੇ ਜਾਣਗੇ, ਜਿਨ੍ਹਾਂ ਵਿਚੋਂ ਵਿਦਿਆਰਥੀ ਨੇ 3 ਪ੍ਰਸ਼ਨ ਦਾ ਉੱਤਰ ਇੱਕ-ਡੇਢ ਪੰਨੇ ਵਿਚ ਦੇਣਾ ਹੋਵੇਗਾ। 5×3=15 ਅੰਕ

6. ਪ੍ਰਸ਼ਨ ਪੱਤਰ ਦੇ ਭਾਗ ਏ ਵਿਚ ਪਾਠਕ੍ਰਮ ਦੇ ਭਾਗ ੳ ਅਤੇ ਅ ਵਿਚੋਂ 20 ਪ੍ਰਸ਼ਨ ਪੁੱਛੇ ਜਾਣਗੇ, ਵਿਦਿਆਰਥੀ ਨੇ ਇਨ੍ਹਾਂ ਸਾਰੇ ਪ੍ਰਸ਼ਨਾਂ ਦਾ ਉੱਤਰ 5-6 ਸਤਰਾਂ ਵਿਚ ਦੇਣਾ ਹੋਵੇਗਾ। 20×2=40 ਅੰਕ

## ਸਹਾਇਕ ਪਾਠ-ਸਮੱਗਰੀ


1. ਰਾਜਿੰਦਰਪਾਲ ਸਿੰਘ, ਬਲਦੇਵ ਸਿੰਘ ਚੀਮਾ, ਆਧੁਨਿਕ ਪੰਜਾਬੀ ਸਾਹਿਤ ਰੂਪਾਕਾਰ: ਸਿਧਾਂਤ ਅਤੇ ਰੂਪਾਂਤਰਣ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2011
2. ਸਾਹਿਤ ਕੋਸ਼, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1989
3. ਡਾ. ਪਰਮਿੰਦਰ ਸਿਘ ਤੇ ਕਿਰਪਾਲ ਸਿੰਘ ਕਸੇਲ, ਸਾਹਿਤ ਦੇ ਰੂਪ, ਲਹੌਰ ਬੁੱਕ ਸ਼ਾਪ, 1977
4. ਡਾ. ਟੀ.ਆਰ. ਵਿਨੋਦ, ਨਾਵਲ ਆਲੋਚਨਾ ਸ਼ਬਦਾਵਲੀ ਕੋਸ਼, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1999
5. ਗਿ. ਲਾਲ ਸਿੰਘ ਤੇ ਹਰਕੀਰਤ ਸਿੰਘ, ਕਾਲਜ ਪੰਜਾਬੀ ਵਿਆਕਰਣ, ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟਬੁੱਕ ਬੋਰਡ, ਚੰਡੀਗੜ੍ਹ
6. ਸੰਤ ਸਿੰਘ ਸੇਖੋਂ, ਸਾਹਿਤਆਰਥ, ਲਾਹੌਰ ਬੁੱਕ ਸ਼ਾਪ, ਲੁਧਿਆਣਾ
7. ਖੋਜ ਪਤ੍ਰਿਕਾ (ਗਲਪ ਵਿਸ਼ੇਸ਼ ਅੰਕ), ਪੰਜਾਬੀ ਯੂਨੀਵਰਸਿਟੀ, ਪਟਿਆਲਾ

ਪਾਠ ਨੰਬਰ : 1.1 ਲੇਖਕ : ਡਾ.ਬਲਜੀਤ ਕੌਰ ਬਲੀ

# ਨਾਵਲ : ਰੋਹੀ ਬੀਆਬਾਨ

# ਕਰਮਜੀਤ ਸਿੰਘ ਕੁੱਸੇ ਦੇ ਨਾਵਲ 'ਰੋਹੀ ਬੀਆਬਾਨ' ਦੀ ਸਮੱਸਿਆ ਅਤੇ ਲੇਖਕ ਦਾ ਦ੍ਰਿਸ਼ਟੀਕੋਣ


1.1.1 ਪਾਠ ਦਾ ਉਦੇਸ਼

1.1.2 ਭੂਮਿਕਾ

1.1.3 ਪਾਠ ਦੀ ਰੂਪ-ਰੇਖਾ

- 1.1.3.1 ਕਰਮਜੀਤ ਸਿੰਘ ਕੁੱਸੇ ਦੇ ਨਾਵਲ 'ਰੋਹੀ ਬੀਆਬਾਨ' ਦੀ ਸਮੱਸਿਆ ਅਤੇ ਲੇਖਕ ਦਾ ਦ੍ਰਿਸ਼ਟੀਕੋਣ

1.1.4 ਸਿੱਟਾ

1.1.5 ਅਭਿਆਸ ਲਈ ਪ੍ਰਸ਼ਨ

1.1.6 ਸਹਾਇਕ ਪੁਸਤਕ ਸੂਚੀ


## 1.1.1 ਪਾਠ ਦਾ ਉਦੇਸ਼

ਪੰਜਾਬ ਦੀ ਕਿਸਾਨੀ ਦੇ ਸਮੁੱਚੇ ਸੰਕਟ ਸੰਬੰਧੀ ਕੁੱਸੇ ਦਾ ਇਹ ਨਾਵਲ ਮਹੱਤਵਪੂਰਨ ਹੈ। ਇਹ ਪਾਠ 'ਰੋਹੀ ਬੀਆਬਾਨ' ਵਿਚ ਪੇਸ਼ ਕੀਤੀ ਗਈ ਸਮੱਸਿਆ ਉਤੇ ਕੇਂਦਰਤ ਹੈ। ਨਾਵਲ ਉਤੇ ਆਧਾਰਤ ਇਸ ਪਾਠ ਵਿਚ ਕਿਸਾਨੀ ਦੇ ਆਰਥਕ-ਸਮਾਜਕ-ਰਾਜਨੀਤਿਕ ਸੰਕਟਾਂ ਦਾ ਵਿਸ਼ਲੇਸ਼ਣ ਕੀਤਾ ਗਿਆ ਹੈ। ਕਿਸੇ ਵੀ ਸਮੱਸਿਆ ਪੇ ਸ਼ ਕਰਦੇ ਸਮੇਂ ਲੇਖਕ ਦਾ ਦਿਸ਼ਟੀਕੋਣ ਮਹੱਤਵਪੂਰਨ ਹੁੰਦਾ ਹੈ। ਨਾਵਲ ਵਿਚ ਸਮੱਸਿਆ ਦੇ ਸੰਬੰਧ ਵਿਚ ਲੇਖਕ ਦੇ ਦ੍ਰਿਸ਼ਟੀਕੋਣ ਬਾਰੇ ਵੀ ਵਿਸਥਾਰ ਰੂਪ ਵਿਚ ਦੱਸਿਆ ਗਿਆ ਹੈ।

## 1.1.2 ਭੂਮਿਕਾ

ਕਰਮਜੀਤ ਸਿੰਘ ਕੁੱਸਾ ਦਾ ਨਾਵਲ ਰੋਹੀ ਬੀਆਬਾਨ ਮਾਲਵੇ ਦੀ ਕਿਰਸਾਣੀ ਦੇ ਆਰਥਕ ਸੰਕਟ ਦਾ ਇਤਿਹਾਸਕ ਦਸਤਾਵੇਜ਼ ਹੈ। ਸਿਰਜਣਾ ਦੀ ਪੱਧਰ ਤੇ ਭਾਵੇਂ ਇਹ ਨਾਵਲ ਮਾਲਵਾ ਖੇਤਰ ਨਾਲ ਜੁੜਿਆ ਹੋਇਆ ਹੈ ਪਰੰਤੂ, ਇਸ ਨਾਵਲ ਰਾਹੀ ਲੇਖਕ ਨੇ ਸਮੁੱਚੇ ਪੰਜਾਬ ਦੀ ਹੀ ਨਹੀਂ ਬਲਕਿ ਭਾਰਤ ਦੀ ਛੋਟੀ ਕਿਰਸਾਣੀ ਦੇ ਆਰਥਕ ਸੰਕਟ ਨੂੰ ਪੇਸ਼ ਕਰਨ ਦਾ ਯਤਨ ਕੀਤਾ ਹੈ। ਇਸ ਦਾ ਮੁੱਖ ਕਾਰਨ ਪੰਜਾਬ ਦੀ ਕਿਰਸਾਣੀ ਦੀ ਸਮਕਾਲੀਨ ਸਮੱਸਿਆ ਦੀ ਪ੍ਰਮਾਣਿਕ ਪੇਸ਼ਕਾਰੀ ਹੈ। ਇਸ ਕਰਕੇ ਇਹ ਰਚਨਾ ਮਾਲਵਾ ਖੇਤਰ ਨਾਲ ਜੁੜੀ ਹੋਈ ਹੋਣ ਕਰਕੇ ਵੀ ਵਡੇਰੇ ਪਰਿਪੇਖ ਵਿਚ ਛੋਟੀ ਕਿਰਸਾਣੀ ਨੂੰ ਪੇਸ਼ ਕਰਨ ਵਾਲੀ ਮਹੱਤਵਪੂਰਨ ਰਚਨਾ ਜਾਪਦੀ ਹੈ। ਨਾਵਲ ਵਿਚ ਸਿਰਜਤ ਦੌਰ ਵਿਚ ਕਿਰਸਾਣੀ ਪੰਜਾਬੀਆਂ ਦੇ ਜੀਵਨ ਪ੍ਰਵਾਹ ਦਾ ਮੁੱਖ ਧੁਰਾ ਹੈ। ਇਸ ਦੌਰ ਵਿਚ ਉਤਪਾਦਨ ਦੇ ਦੂਜੇ ਖੇਤਰ ਬਹੁਤ ਘੱਟ ਵਿਕਸਤ ਹੋਣ ਕਰਕੇ ਉਤਪਾਦਨ ਪ੍ਰਕ੍ਰਿਆ ਸਿਰਫ ਜ਼ਮੀਨ ਉਤੇ ਅਧਾਰਤ ਹੈ। ਇਹੀ ਕਾਰਨ ਹੈ ਕਿ ਨਾਵਲ ਵਿਚ ਪੇਸ਼ ਕਿਰਸਾਣੀ ਦੀ ਜੀਵਨ ਗਤੀ ਇਕ ਪਾਸੇ ਸਮੁੱਚੇ ਪੰਜਾਬੀਆਂ ਦੀ ਜੀਵਨ ਗਤੀ ਨਾਲ ਜੁੜੀ ਹੋਈ ਹੈ, ਦੂਜੇ ਪਾਸੇ ਸਮਕਾਲੀਨ ਇਤਿਹਾਸਕ ਗਤੀ ਨਾਲ ਲੇਖਕ ਨੇ ਵਸਤੂ ਸਮਗਰੀ ਦੀ ਚੋਣ ਕਰਦੇ ਸਮੇਂ ਪੈਦਾਵਾਰ ਦੇ ਉਨ੍ਹਾਂ ਸਾਰੇ ਸਾਧਨਾਂ ਵੱਲ ਧਿਆਨ ਦਵਾਇਆ ਹੈ ਜਿਹੜੇ ਪੰਜਾਬ ਵਿਚ ਆਈ ਹਰੀ ਕ੍ਰਾਂਤੀ ਤੋਂ ਕਿਸੇ ਨਾ ਕਿਸੇ ਰੂਪ ਵਿਚ ਪ੍ਰਭਾਵਤ ਹੋਏ। ਇਸ ਪ੍ਰਭਾਵ ਹੇਠਾ ਆਈ ਮਾਲਵਾ ਖੇਤਰ ਦੀ ਛੋਟੀ ਕਿਰਸਾਣੀ ਦੇ ਆਰਥਕ ਸੰਕਟ ਨੂੰ ਨਾਵਲ ਵਿਚ ਕੇਂਦਰੀ ਧੁਰਾ ਬਣਾਇਆ ਗਿਆ ਹੈ। ਸਾਂਸਕ੍ਰਿਤਕ ਤੇ ਨੈਤਿਕ ਮੁੱਲਾਂ ਨੂੰ ਦੁਜੈਲੀ ਥਾਂ ਦਿੱਤੀ ਹੈ।

### 1.1.3 ਪਾਠ ਦੀ ਰੂਪ-ਰੇਖਾ

### 1.1.3.1 ਕਰਮਜੀਤ ਸਿੰਘ ਕੁੱਸੇ ਦੇ ਨਾਵਲ 'ਰੋਹੀ ਬੀਆਬਾਨ' ਦੀ ਸਮੱਸਿਆ ਅਤੇ ਲੇਖਕ ਦਾ ਦ੍ਰਿਸ਼ਟੀਕੋਣ

ਇਹ ਨਾਵਲ ਪੰਜਾਬੀ ਮਨੁੱਖ ਦੇ ਸਮਕਾਲੀ ਪਰਿਪੇਖ ਦੀ ਉਸਾਰੀ ਰਾਹੀਂ ਵਰਤਮਾਨ ਅਤੇ ਭਵਿੱਖ ਦੇ ਸੰਕਟ ਨੂੰ ਸਮੁੱਚੇ ਰੂਪ ਵਿਚ ਪੇਸ਼ ਕਰਦਾ ਹੈ। 'ਰੋਹੀ ਬੀਆਬਾਨ' ਨਾਵਲ ਦਾ ਪ੍ਰਕਾਸ਼ਨ ਸਮਾਂ ਉਨੀ ਸੌ ਤਿਰਾਸੀ ਹੈ। ਪੰਜਾਬ ਦੀ ਕਿਰਸਾਣੀ ਦੀ ਆਰਥਕ ਸਥਿਤੀ ਪੱਖੋਂ ਇਹ ਸਮਾਂ ਬਹੁਤ ਹੀ ਮਹੱਤਵਪੂਰਨ ਹੈ ਕਿਉਂਕਿ ਪੰਜਾਬ ਵਿਚ ਉਨੀ ਸੌ ਪੈਂਹਟ ਵਿਚ ਹਰੀ ਕ੍ਰਾਂਤੀ ਦਾ ਆਰੰਭ ਹੁੰਦਾ ਹੈ ਤੇ ਇਸਦਾ ਆਰਥਕ ਵਿਕਾਸ ਉਨੀ ਸੌ ਤਰਾਸੀ ਤੱਕ ਆਪਣੀ ਚਰਨ ਸੀਮਾ ਨੂੰ ਪਹੁੰਚ ਜਾਂਦਾ ਹੈ। ਹਰੀ ਕ੍ਰਾਂਤੀ ਦੇ ਆਉਣ ਨਾਲ ਭਾਵੇਂ ਪੰਜਾਬ ਦੇ ਕਿਸਾਨ ਦੀ ਥੋਹੜੀ ਬਹੁਤ ਆਰਥਕ ਹਾਲਤ ਸੁਧਰਦੀ ਹੈ ਪਰ ਛੋਟੀ ਕਿਰਸਾਣੀ ਨੂੰ ਇਸਦਾ ਲਾਭ ਬਹੁਤ ਘੱਟ ਹੋਇਆ ਹੈ। ਪੰਜਾਬ ਦੇ ਸਮੁੱਚੇ ਮਹੌਲ ਤੇ ਇਸ ਕ੍ਰਾਂਤੀ ਦਾ ਨਾਕਾਰਾਤਮਕ ਪ੍ਰਭਾਵ ਵੀ ਦੇਖਣ ਨੂੰ ਮਿਲਦਾ ਹੈ।

ਇਸ ਨਾਵਲ ਵਿਚ ਪੇਸ਼ ਕਿਸਾਨੀ ਸਮਾਜ ਦੀਆਂ ਆਰਥਿਕ ਦ੍ਰਿਸ਼ਟੀ ਤੋਂ ਤਿੰਨੇ ਜਮਾਤੀ ਪਰਤਾਂ ਦੀ ਜਿਨਸੀ ਪੈਦਾਵਾਰ ਨਾਲ ਸੰਬੰਧਤ ਟਰੈਕਟਰ ਮਸ਼ੀਨਰੀ ਆਦਿ ਲੁਧਿਆਣਾ ਸ਼ਹਿਰ ਭਾਵ ਮਹਾਂਨਗਰਾਂ ਦਾ ਵਿਕਾਸ ਭਾਰਤੀ ਲੋਕਤੰਤਰ ਦੀ ਸਥਿਤੀ, ਬੈਂਕਾਂ ਦੇ ਕਰਜ਼ੇ, ਸਕੂਲਾਂ ਦੀ ਸਥਿਤੀ, ਅਨਾਜ ਦੇ ਭੰਡਾਰਾਂ ਵਿਚ ਅਨਾਜ ਦੀ ਬੇਕਦਰੀ ਆਦਿ ਇਸ ਨਾਵਲ ਨੂੰ ਉਨੀ ਸੌ ਤਰਾਸੀ ਤੱਕ ਦੇ ਪੰਜਾਬ ਦੇ ਆਰਥਿਕ ਵਿਕਾਸ ਅਤੇ ਵਿਨਾਸ਼ ਨਾਲ ਜੋੜਦਾ ਹੈ। ਇਹੀ ਕਾਰਨ ਹੈ ਕਿ ਡਾ.ਜੋਗਿੰਦਰ ਸਿੰਘ ਰਾਹੀ ਇਸ ਨਾਵਲ ਨੂੰ "ਕਿਰਸਾਣੀ ਸਭਿਆਚਾਰ ਦਾ ਇਤਿਹਾਸਕ ਦਸਤਾਵੇਜ਼" ਦਾ ਰੁਤਬਾ ਦਿੰਦਾ ਹੋਇਆ ਆਖਦਾ ਹੈ :

'ਰੋਹੀ ਬੀਆਬਾਨ' ਵਿਚ ਕੁੱਸਾ ਅਜੋਕੇ ਪੰਜਾਬ ਦੀ ਜੱਟ ਕਿਰਸਾਣੀ ਦੇ ਹੇਠਲੇ ਹਿਸੇ ਦੀਆਂ ਸਮੱਸਿਆਵਾਂ ਨੂੰ ਇਕ ਐਸੇ ਪੈਮਾਨੇ ਉਤੇ ਚਿੱਤਰਦਾ ਹੈ ਕਿ ਜਿਸਨੂੰ ਸਹਿਜੇ ਹੀ ਇਤਿਹਾਸਿਕ ਦਸਤਾਵੇਜ਼ ਦਾ ਨਾਂ ਦਿਤਾ ਜਾ ਸਕਦਾ ਹੈ।'' ਰੋਹੀ ਬੀਆਬਾਨ' ਨਾਵਲ ਇਤਿਹਾਸਕ ਦਸਤਾਵੇਜ਼ ਇਸ ਲਈ ਬਣਦਾ ਹੈ ਕਿ ਇਸ ਵਿਚ ਪੇਸ਼ ਕੀਤਾ ਗਿਆ ਸਮਾਜ ਵਿਸ਼ੇਸ਼ ਸਮੇਂ ਉਤੇ ਇਤਿਹਾਸਕ ਗਤੀ ਨਾਲ ਜੁੜਿਆ ਹੋਇਆ ਹੈ।

ਨਾਵਲ ਵਿਚ ਸਿਰਜਤ ਮੁਖ ਪਾਤਰ ਗੋਰਾ ਅਤੇ ਗਿੰਦਰ ਪਿਓ ਪੁੱਤਰ ਹਨ ਜਿਨ੍ਹਾਂ ਕੋਲ ਪੌਣਾ ਏਕੜ ਜ਼ਮੀਨ ਹੈ। ਜਿਸ ਕਰਕੇ ਉਨ੍ਹਾਂ ਦੇ ਘਰ ਦੀ ਆਰਥਕ ਹਾਲਤ ਬਹੁਤ ਮੰਦੀ ਹੈ। ਉਨ੍ਹਾਂ ਦਾ ਜੀਵਨ ਮੁਸ਼ੱਕਤ ਭਰਿਆ ਤੇ ਮੰਦਹਾਲੀ ਵਾਲਾ ਹੈ। ਜਿਸ ਕਰਕੇ ਉਹ ਘੋਰ ਸੰਕਟ ਵਿਚੋਂ ਲੰਘਦੇ ਹੋਏ ਅਮਾਨਵੀ ਰਿਸ਼ਤਿਆਂ ਨੂੰ ਭੋਗਦੇ ਹਨ। ਛੋਟੀ ਕਿਰਸਾਣੀ ਦੀ ਮੰਦਹਾਲੀ ਵਿਚੋਂ ਪੈਦਾ ਹੋਏ ਅਮਾਨਵੀ ਵਾਤਾਵਰਨ ਦੇ ਵਿਵੇਕ ਨੂੰ ਸਿਰਜਣ ਲਈ ਲੇਖਕ ਨੇ ਪਿਉ-ਪੁੱਤ, ਮਾਂ-ਪੁੱਤ, ਤੀਵੀਂ-ਆਦਮੀ, ਦਾਦੀ-ਪੋਤਾ ਤੇ ਹੋਰ ਸਮਾਜਕ ਸੰਬੰਧਾਂ ਨੂੰ ਪੇਸ਼ ਕਰਨ ਲਈ ਅਜਿਹੀਆਂ ਸਥਿਤੀਆਂ ਦੀ ਸਿਰਜਣਾ ਕੀਤੀ ਹੈ ਜਿਸ ਰਾਹੀ ਕੁੱਸੇ ਦੀ ਗਲਪ ਦ੍ਰਿਸ਼ਟੀ ਦੀ ਪ੍ਰਮਾਣਿਕਤਾ ਸਪਸ਼ਟ ਰੂਪ ਵਿਚ ਦਿਖਾਈ ਦਿੰਦੀ ਹੈ। ਲੇਖਕ ਨੂੰ ਕਿਰਸਾਣੀ ਜੀਵਨ ਅਤੇ ਜੀਵਨ ਵਿਚਲੀਆਂ ਕਠੋਰ ਸਥਿਤੀਆਂ ਦੀ ਡੂੰਘੀ ਸਮਝ ਹੈ ਜਿਸ ਕਰਕੇ ਉਹ ਰਿਸ਼ਤਿਆਂ ਦੀ ਕਠੋਰਤਾ ਨੂੰ ਸਿਰਜਣ ਸਮੇਂ ਜਿਥੇ ਸਥਿਤੀ ਦੀ ਕਠੋਰਤਾ ਨੂੰ ਸਿਰਜਦਾ ਹੈ, ਉਥੇ ਉਸਨੂੰ ਵਿਗਿਆਨਕ ਦ੍ਰਿਸ਼ਟੀ ਤੋਂ ਵੀ ਨਾਪਦਾ ਤੋਲਦਾ ਹੈ। ਗਿੰਦਰ ਅਤੇ ਮਹਿੰਦਰੋ ਦਾ ਬੱਚਿਆਂ ਪ੍ਰਤੀ ਕਠੋਰ ਰਵੱਈਆਂ ਉਨ੍ਹਾਂ ਕਠੋਰ ਸਥਿਤੀਆਂ ਦੀ ਯਥਾਰਕ ਉਪਜ ਹੈ ਜੋ ਮਨੁੱਖ ਨੂੰ ਅਮਾਨਵੀ ਬਣਾ ਦਿੰਦੀਆਂ ਹਨ।

ਪਹਿਲਾ ਕਾਰਨ ਜ਼ਮੀਨ ਦਾ ਘੱਟ ਹੋਣਾ ਹੈ ਜਿਸ ਕਰਕੇ ਗਿੰਦਰ ਅਤੇ ਮਹਿੰਦਰੋ ਨੂੰ ਭਾਰੀ ਮੁਸ਼ੱਕਤ ਕਰਨੀ ਪੈਂਦੀ ਹੈ। ਇਸ ਕਰੜੀ ਅਤੇ ਭਾਰੀ ਮੁਸ਼ੱਕਤ ਨੇ ਉਨ੍ਹਾਂ ਦੇ ਚਾਅ ਅਤੇ ਮਲਾਰ ਮਾਰ ਦਿੱਤੇ ਹਨ ਕਿਉਂਕਿ ਇਨ੍ਹਾਂ ਪਾਤਰਾਂ ਦੀ ਸਾਰੀ ਸਰੀਰਕ ਤੇ ਮਾਨਸਿਕ ਸ਼ਕਤੀ ਰੋਜ਼ੀ ਰੋਟੀ ਕਮਾਉਣ ਵਿਚ ਲੱਗ ਜਾਂਦੀ ਹੈ। ਨਾਵਲ ਦੇ ਅਰੰਭ ਵਿਚ ਲੇਖਕ ਨੇ ਮਹਿੰਦਰੋ ਦੇ ਘਰ ਦੀ ਜੋ ਤਸਵੀਰ ਪੇਸ਼ ਕੀਤੀ ਹੈ ਉਹ ਇਸੇ ਗੱਲ ਦਾ ਪ੍ਰਮਾਣ ਹੈ ਕਿ ਮਹਿੰਦਰੋ ਜੀਵਨ ਜਿਉਂ ਨਹੀਂ ਰਹੀ ਬਲਕਿ ਇਉਂ ਲੱਗਦਾ ਹੈ ਜਿਵੇਂ ਜੀਵਨ ਮੌਤ ਦਾ ਯੁੱਧ ਲੜ ਰਹੀ ਹੋਵੇ।

"ਗੋਹਾ ਕੂੜਾ ਅਜੇ ਅੱਧਾ ਹੀ ਰੂੜੀ ਉਤੇ ਸਿੱਟਿਆ ਹੁੰਦਾ, ਉਦੋਂ ਨੂੰ ਹਾਜ਼ਰੀ ਲਿਜਾਣ ਦਾ ਮੌਕਾ ਹੋ ਜਾਂਦਾ। ਦਬਾ ਦਬ ਵਿੰਗੀਆਂ ਬੌਲੀਆਂ ਥੱਪਕੇ, ਚਾਹ ਦੀ ਗੜਵੀ ਜਾਂ ਡੋਲਣੇ 'ਚ ਲੱਸੀ ਪਾਕੇ ਖੇਤ ਨੂੰ ਵਾਹੋਦਾਰੀ ਹੋ ਲੈਂਦੀ ......ਏਸ ਵਕਤ ਜੇ ਕੁੜੀ ਸੁੱਤੀ ਹੁੰਦੀ ਤਾਂ ਉਸੇ ਤਰ੍ਹਾਂ ਬਾਹਰੋਂ ਜਿੰਦਾ ਲਾਕੇ ਤੁਰ ਜਾਂਦੀ। ਪਰ ਆਉਂਦੀ ਨੂੰ ਕੁੜੀ

ਡਾਡਾਂ ਮਾਰਦੀ ਤੱਖਤਿਆਂ ਨਾਲ ਚਿੰਬੜੀ ਇੱਕ ਗਲ ਉਤੇ ਦੱਬ ਦੇਈ ਜਾਂਦੀ "ਹਾਏ ਬੀਬੀ, ਹਾਏ ਬੀਬੀ !" ਜੇ ਕੁੜੀ ਨਾਲ ਹੁੰਦੀ ਤਾਂ ਖੇਤ ਦੀ ਵਾਟ ਉਸ ਲਈ ਮੁਲਤਾਨ ਦਾ ਮਾਰੂਥਲ ਹੋ ਜਾਂਦੀ। ਸਾਰੇ ਰਾਹ ਚੰਘਿਆੜਾਂ ਮਾਰਦੀ ਕੁੜੀ ਨੂੰ ਗੋਦੀ ਬਦਲਦੀ ਮਸਾਂ ਘਰ ਆਕੇ ਡਿਗਦੀ ਫੇਰ ਉਨ੍ਹਾਂ (ਬੱਚਿਆਂ) ਨੂੰ ਪੱਠੇ ਕੁਤਰਨ ਲਾਉਂਦੀ। ਜੇ ਮਸ਼ੀਨ ਫੇਰਨ ਲਗਦੀ, ਤਾਂ ਨਿਆਣਿਆਂ ਤੋਂ ਚੱਜ ਨਾਲ ਰੁੱਗ ਨਾ ਲਗਦੇ, ਜੇ ਰੁੱਗ ਧਰਨ ਲਗਦੀ ਤਾਂ ਛੋਹਰਾ ਤੋਂ ਚੱਜ ਨਾਲ ਮਸ਼ੀਨ ਨਾ ਗਿੜਦੀ।

ਲੇਖਕ ਨੇ ਮਹਿੰਦਰੋ ਅਤੇ ਗਿੰਦਰ ਦੇ ਸੱਤ ਅੱਠ ਸਾਲ ਦੇ ਆਪਣੇ ਪੁੱਤਰ ਕੱਦੂ ਅਤੇ ਉਸਤੋਂ ਵੱਡੇ ਗੋਰੇ ਤੋਂ ਵੱਡੇ ਬੰਦਿਆਂ ਵਾਂਗ ਕੰਮ ਲੈਣ ਦੀ ਮਜ਼ਬੂਰੀ ਨੂੰ ਬੜੇ ਯਥਾਰਕ ਰੂਪ ਵਿਚ ਸਿਰਜਿਆ ਹੈ। ਗੋਰੇ ਨੂੰ ਸਕੂਲੋਂ ਆਉਣ ਸਾਰ ਹੀ ਆਪਣੀ ਛੋਟੀ ਭੈਣ ਨੂੰ ਚੁੱਕਣਾ ਪੈਂਦਾ ਤਾਂ ਜਾਕੇ ਉਸਦੀ ਬੀਬੀ ਕੋਈ ਕੰਮ ਧੰਦਾ ਕਰ ਸਕਦੀ ਹੈ। ਘਰ ਦੇ ਹੋਰ ਵੀ ਨਿੱਕੇ ਮੋਟੇ ਕੰਮ ਗੋਰੇ ਨੂੰ ਕਰਨੇ ਪੈਂਦੇ। ਜਦੋਂ ਕਦੇ ਗੋਰਾ ਪਿੰਡ ਦੇ ਹੋਰ ਮੁੰਡਿਆਂ ਨਾਲ ਖੇਡਣ ਦੀ ਤਮੰਨਾ ਰੱਖਦਾ ਹੋਇਆ 'ਵੀਚੂਰ' ਜਾਂਦਾਂ ਤਾਂ ਮਹਿੰਦਰੋ ਦਾ ਸਾਰਾ ਕੰਮ ਵਿਗੜ ਜਾਂਦਾ ਜਿਸ ਨਾਲ ਉਸਦੀ ਮਾਨਸਿਕ ਹਾਲਤ ਵੀ ਵਿਗੜ ਜਾਂਦੀ ਹੈ ਜਿਸ ਕਰਕੇ ਉਹ ਤਪੀ ਹੋਈ ਗੋਰੇ ਨੂੰ ਅੰਤ ਗਾਲ੍ਹਾਂ ਕੱਢਦੀ ਹੈ। ਇਸ ਸਥਿਤੀ ਵਿਚ ਮਹਿੰਦਰੋਂ ਲਈ ਘਰ ਦੇ ਕੰਮ ਦੀ ਬਹੁਤਾਤ ਅਤੇ ਮੁਸ਼ਕੱਤ ਉਸਨੂੰ ਬੱਚਿਆਂ ਪ੍ਰਤੀ ਕਠੋਰ ਬਣਾ ਦਿੰਦੀ ਹੈ। ਇਸੇ ਤਰ੍ਹਾਂ ਗਿੰਦਰ ਵੀ ਗੋਰੇ ਦੇ ਬਚਪਨ ਨੂੰ ਭੁੱਲਕੇ ਗੋਰੇ ਨੂੰ ਕੁਟੱਦਾ ਹੈ ਜਿਹੜਾ ਬੜਾ ਹੀ ਹਿਰਦੇ ਵੇਧਕ ਲਗਦਾ ਹੈ। ਪਰੰਤੂ, ਜਿਨ੍ਹਾਂ ਸਥਿਤੀਆਂ ਵਿਚ ਗਿੰਦਰ ਤੇ ਮਹਿੰਦਰੋ ਆਪਣੇ ਬੱਚਿਆਂ ਪ੍ਰਤੀ ਅਮਾਨਵੀ ਬਣ ਜਾਂਦੇ ਹਨ ਉਨ੍ਹਾਂ ਨੂੰ ਲੇਖਕ ਨੇ ਬਹੁਤ ਹੀ ਵਾਸਤਕ ਰੂਪ ਵਿਚ ਚਿੱਤਰਿਆ ਹੈ। ਮਿੰਦਰ ਤੇ ਮਹਿੰਦਰੋ ਦੀ ਕਠੋਰਤਾ ਜਦੋਂ ਮਮਤਾ ਦਾ ਤਰਲ ਰੂਪ ਧਾਰਦੀ ਹੈ ਤਾਂ ਸਥਿਤੀ ਹੋਰ ਵੀ ਕੁਰਣਾਮਈ ਹੋ ਜਾਂਦੀ ਹੈ। ਇਸ ਮੋਹ ਵਿਚ ਉਨ੍ਹਾਂ ਦੀ ਬੇਵਸੀ ਦੀ ਤੜਪ ਉਨ੍ਹਾਂ ਦੀ ਕਠੋਰਤਾ ਨਾਲੋਂ ਵੀ ਵੱਧ ਭਿਆਨਕ ਜਾਪਦੀ ਹੈ।

ਦੂਜਾ, ਇਸ ਨਾਵਲ ਵਿਚ ਲੇਖਕ ਨੇ ਮਾਲਵਾ ਖੇਤਰ ਦੀ ਸਮਕਾਲੀਨ ਸਥਿਤੀ ਦੀ ਕਠੋਰਤਾ ਤੋਂ ਉਪਜੀ ਅਮਾਨਵੀਕਰਨ ਦੀ ਪ੍ਰਕ੍ਰਿਆ ਨੂੰ ਵਿਆਹ ਸੰਬੰਧਾਂ ਰਾਹੀ ਬੜੀ ਖੂਬਸੂਰਤੀ ਨਾਲ ਪੇਸ਼ ਕੀਤਾ ਹੈ। ਮਾਲਵਾ ਖੇਤਰ ਵਿਚ ਜ਼ਮੀਨ ਦੀ ਪੀੜ੍ਹੀ ਦਰ ਪੀੜ੍ਹੀ ਵੰਡ ਹੋਣ ਕਰਕੇ ਜ਼ਮੀਨ ਦੀਆਂ ਇਕਾਈਆਂ ਘੱਟ ਗਈਆਂ ਹਨ। ਇਸ ਲਈ ਘੱਟ ਜ਼ਮੀਨ ਹੋਣ ਕਰਕੇ ਇਸ ਖੇਤਰ ਵਿਸ਼ੇਸ਼ ਵਿਚ ਇਕੋ ਜੱਟ-ਪਰਿਵਾਰ ਦੇ ਸਾਰੇ ਮੁੰਡਿਆਂ ਦੇ ਵਿਆਹ ਹੋਣੇ ਸੰਭਵ ਨਹੀਂ। ਇਸ ਲਈ ਛੋਟੀ ਕਿਰਸਾਣੀ ਵਿਚ ਆਮ ਤੌਰ ਤੇ ਇਕ ਜਾਂ ਦੋ ਮਰਦ ਮੈਂਬਰਾਂ ਦਾ ਵਿਆਹ ਹੁੰਦਾ ਹੈ, ਦੂਜੇ ਕੁਆਰੇ ਰਹਿੰਦੇ ਹਨ ਜਾਂ ਉਹ ਲੁਕਵੇਂ ਰੂਪ ਵਿਚ ਦੂਜੇ ਭਰਾ ਦੀ ਪਤਨੀ ਨਾਲ ਰਹੀ ਜਾਂਦੇ ਹਨ। ਕਈ ਵਾਰੀ ਔਰਤ-ਮਰਦ ਦੇ ਜਿਨਸੀ ਸੰਬੰਧਾਂ ਦੀ ਘਾਟ ਉਨ੍ਹਾਂ ਨੂੰ ਨਸ਼ਿਆਂ ਵੱਲ ਵੀ ਪ੍ਰੇਰਿਤ ਕਰਦੀ ਹੈ। ਅਜਿਹੀ ਸਥਿਤੀ ਜਾਂ ਅਸਾਵਾਂ ਇਸ ਕਰਕੇ ਵੀ ਵਾਪਰਦਾ ਹੈ ਕਿ ਪੰਜਾਬ ਵਿਚ ਔਰਤਾਂ ਦੀ ਗਿਣਤੀ ਮਰਦਾਂ ਨਾਲੋਂ ਘੱਟ ਹੈ। ਕਰਮਜੀਤ ਸਿੰਘ ਕੁੱਸੇ ਦੇ ਇਸ ਨਾਵਲ ਦੀ ਕੇਂਦਰੀ ਸਮੱਸਿਆ ਦਾ ਅਧਾਰ ਜਿਥੇ ਆਰਥਕਤਾ ਹੈ ਉਥੇ ਉਸ ਤੋਂ ਪੈਦਾ ਹੋਈ ਇਹ ਮੁਢਲੀ ਸਮੱਸਿਆ ਹੈ ਜਿਹੜੀ ਵਿਆਹ ਸੰਬੰਧਾਂ ਨੂੰ ਅਮਾਨਵੀ ਬਣਾ ਦਿੰਦੀ ਹੈ। ਕੁੱਸਾ ਆਪਣੇ ਨਾਵਲਾਂ ਵਿਚ ਇਸ ਸਮੱਸਿਆ ਨੂੰ ਵਿਸਥਾਰਪੂਰਵਕ ਪੇਸ਼ ਕਰਦਾ ਹੈ। ਗਿੰਦਰ ਵਿਆਹਿਆ ਹੋਇਆ ਹੈ ਉਹ ਆਪਣੇ ਭਰਾਵਾਂ ਨਾਲੋਂ ਅੱਡ ਹੈ। ਪਰੰਤੂ, ਜਦੋਂ ਅਚਾਨਕ ਉਸਦੇ ਵੱਡੇ ਭਰਾ ਦੀ ਮੌਤ ਹੋ ਜਾਂਦੀ ਹੈ ਤਾਂ ਰਿਸ਼ਤੇਦਾਰ ਉਸਨੂੰ ਦੂਜੇ ਛੜੇ ਭਰਾਵਾਂ ਅਤੇ ਮਾਂ ਨਾਲ ਇਕੱਠਾ ਕਰ ਦਿੰਦੇ ਹਨ। ਗਿੰਦਰ ਦੇ ਭਰਾਵਾਂ ਨਾਲ ਰਲਣ ਦਾ ਅਸਲੀ ਮਨੋਰਥ ਭਾਵੇਂ ਉਸਦੇ ਸਿਰ ਚੜ੍ਹਿਆ ਕਰਜ਼ਾ ਹੁੰਦਾ ਹੈ ਪਰ ਗਿੰਦਰ ਦੇ ਭਰਾ ਗਿੰਦਰ ਦੀ ਜ਼ਨਾਨੀ ਨੂੰ ਵੀ ਸਾਂਝੇ ਤੌਰ ਤੇ ਰੱਖਣਾ ਚਾਹੁੰਦੇ ਹਨ। ਗਿੰਦਰ ਦਾ ਵੱਡਾ ਭਰਾ ਘੱਟ ਜ਼ਮੀਨ ਕਰਕੇ ਹੀ ਛੜਾ ਰਹਿ ਜਾਂਦਾ ਹੈ ਜਿਸ ਕਰਕੇ ਟਹਿਲੇ ਦੀ ਤੀਮੀਂ ਨਾਲ ਉਸਦੇ ਅਸਮਾਜਕ ਜਿਨਸੀ ਸੰਬੰਧ ਬਣ ਜਾਂਦੇ ਹਨ। ਟਹਿਲਾ ਆਪਣੀ ਔਰਤ ਨੂੰ ਤਾਂ ਕੁਝ ਕਹਿ ਨਹੀਂ ਸਕਦਾ ਪਰ ਗੁਰਮੇਲ ਨੂੰ ਧੋਖੇ ਨਾਲ ਜ਼ਹਿਰੀਲੀ ਸ਼ਰਾਬ ਪਿਆਕੇ ਮਾਰ ਦਿੰਦਾ ਹੈ। ਗਿੰਦਰ ਦਾ ਛੋਟਾ ਭਰਾ ਘੋਅਟੀ ਅਤੇ ਜੈਲਾ-ਗਿੰਦਰ ਨੂੰ ਮੁੜ ਇਸੇ ਕਰਕੇ ਆਪਣੇ ਨਾਲ ਰਲਾਉਂਦੇ ਹਨ ਕਿ ਉਹ ਆਪਣੀ ਭਰਜਾਈ ਮਹਿੰਦਰੋਂ ਨਾਲ ਆਪਣੀ ਕਾਮ ਭੁੱਖ ਦੀ ਤ੍ਰਿਪਤੀ ਕਰਨੀ ਚਾਹੁੰਦੇ ਹਨ। ਕਾਮ ਭੁੱਖ ਦੀ ਅਤ੍ਰਿਪਤੀ ਦੋਵੇਂ ਛੜੇ ਭਰਾਵਾਂ ਜੈਲੂ ਅਤੇ ਘੋਅਟੀ ਨੂੰ ਅਮਾਨਵੀ ਬਣਾ ਦਿੰਦੀ ਹੈ। ਘੋਅਟੀ ਮਹਿੰਦਰੋਂ ਨੂੰ ਇਸ ਗੱਲ ਦਾ ਸੰਕੇਤ ਦਿੰਦਾ ਹੈ "ਭਾਬੀ! ਤੂੰ ਹੁਣ ਏਸ ਘਰ ਨੂੰ ਆਪਣਾ ਹੀ ਸਮਝ! ਚਿਤ 'ਚ ਐਂ ਨਾ ਰੱਖੀ ਬਈ ਇਹ ਤਾਂ ਇਨ੍ਹਾਂ ਦਾ ਐ। ਇਹ ਸਾਰਾ ਕੁਸ ਤੇਰਾ ਈ ਐ।"

ਕਾਮ ਬਿਰਤੀ ਦੀ ਅਤ੍ਰਿਪਤੀ ਘੋਅਟੀ ਨੂੰ ਇਸ ਕਦਰ ਅਮਾਨਵੀ ਬਣਾ ਦਿੰਦੀ ਹੈ ਕਿ ਉਹ ਉਮਰੋਂ ਵੱਡੀ ਭਰਜਾਈ ਮਹਿੰਦਰੋ ਨੂੰ ਸਰੀਰਕ ਤੌਰ ਤੇ ਭੋਗਣ ਲਈ ਅਜਿਹਾ ਯਤਨ ਕਰਦਾ ਹੈ। ਮਹਿੰਦਰੋਂ ਇਸ ਗੱਲ ਨੂੰ ਸਵੀਕਾਰ ਨਹੀਂ ਕਰਦੀ ਜਿਸ ਕਰਕੇ ਉਸਨੂੰ ਮੂੰਹ ਤੋੜ ਜੁਆਬ ਦਿੰਦੀ ਹੈ:

"ਵੇ ਤੂੰ ਕੁਸ਼ ਅਕਲ ਕਰ, ਮੈਂ ਤੇਰੀ ਮਾਵਾਂ ਵਰਗੀਆਂ।"

"ਮਾਂ ਵਰਗੀਓ ਈ ਐ। ਮਾਂ ਤਾਂ ਨਹੀਂ।"

ਇਸ ਸਮੱਸਿਆ ਨਾਲ ਸੰਬੰਧਤ ਨਾਵਲ ਵਿਚ ਹੋਰ ਵੀ ਬਹੁਤ ਸਾਰੇ ਵੇਰਵੇ ਮਿਲ ਜਾਂਦੇ ਹਨ ਜਿਵੇਂ ; ਸੇਮੇ ਦੇ ਚਾਰ ਭਰਾਵਾਂ ਦੀ ਇਕ ਪਤਨੀ, ਦਲਬੀਰ ਦਾ ਛੜਾ ਭਰਾ ਅਤੇ ਭਰਜਾਈ, ਕੁਮਿਕਰ ਅਤੇ ਮਧਰੇ ਮੁਖਤਿਆਰ ਦੀ ਤੀਮੀਂ ਆਦਿ ਦੇ ਜਿਨਸੀ ਸੰਬੰਧਾਂ ਦੇ ਵੇਰਵੇ ਇਸ ਸਮੱਸਿਆ ਦੇ ਵਿਭਿੰਨ ਪਾਸਾਰਾਂ ਬਾਰੇ ਜਾਣਕਾਰੀ ਦਿੰਦੇ ਹਨ। ਦਲਬੀਰ ਅਤੇ ਉਸਦੀ ਪਤਨੀ ਇਨ੍ਹਾਂ ਅਸਮਾਜਕ ਜਿਨਸੀ ਸੰਬੰਧਾਂ ਨੂੰ ਸਵੀਕਾਰ ਕਰੀ ਬੈਠੀ ਹੈ। ਦਬਲੀਰ ਦਾ ਭਰਾ ਆਪਣੀ ਜ਼ਮੀਨ ਦੀ ਆੜ ਵਿਚ ਇਨ੍ਹਾਂ ਤੋਂ ਸ਼ਾਹੀ ਖਰਚ ਭਾਲਦਾ ਹੈ। ਸ਼ਾਹੀ ਖਰਚ ਨਾ ਮਿਲਣ ਦੀ ਸ਼ਰਤ ਵਿਚ ਉਹ ਜ਼ਮੀਨ ਵੰਡਾਉਣ ਤੱਕ ਜਾਂਦਾ ਹੈ। ਦਲਬੀਰ ਭਰੀ ਪੰਚਾਇਤ ਵਿਚ ਅਮਾਨਵੀ ਯਥਾਰਥ ਨੂੰ ਇਸ ਲਈ ਮੂੰਹ ਪਾੜਕੇ ਬੋਲਦੀ ਹੈ ਕਿ ਉਹ ਜਿਸਮਾਨੀ ਧੱਕਾ ਤਾਂ ਸਹਿੰਦੀ ਹੈ ਜ਼ਮੀਨ ਰੱਖਣ ਲਈ। ਅਮਾਨਵੀ ਯਥਾਰਥ ਨੂੰ ਵਾਸਤਵਿਕ ਰੂਪ ਵਿਚ ਪੇਸ਼ ਕਰਦੀ ਹੋਈ ਕਹਿੰਦੀ ਹੈ :

"ਜਿਥੇ ਪੰਚੋ, ਇਹਨੂੰ ਘਰ ਜ਼ਮੀਨ ਵੰਡ ਕੇ ਦੇਣੀ ਐ, ਉਥੇ ਘਰ 'ਚ ਅੱਠ ਜਵਾਕ ਵੀ ਐ, ਉਹ ਵੀ ਵੰਡ ਦਿਓ।" ਇਸ ਗੱਲ ਤੇ ਜਦੋਂ ਦਲਬੀਰ ਦਾ ਭਰਾ ਤਿੜ ਫਿੜ ਕਰਨ ਲਗਦਾ ਹੈ ਤਾਂ ਗੱਲ ਹੱਥ ਚੋਂ ਜਾਂਦੀ ਦੇਖ ਦਲਬੀਰ ਬੜੇ ਕਠੋਰ ਯਥਾਰਥ ਨੂੰ ਪੇਸ਼ ਕਰਦਾ ਹੋਇਆ ਕਹਿੰਦਾ ਹੈ :

"ਕੀ ਗੱਲ ਉਦੋਂ ਤਾਂ ਬਾਰੀਆਂ ਬੰਨ੍ਹਦਾ ਹੁੰਦਾ ਸੀ।" ਇਸੇ ਤਰ੍ਹਾਂ ਮੁਖਤਿਆਰ ਮਧਰਾ ਆਪਣੇ ਸ਼ਰੀਕੇ 'ਚ ਛੜੇ ਕੁਮਿਕਰ ਨੂੰ ਆਪਣੀ ਤੀਵੀਂ ਸੌਂਪ ਦਿੰਦਾ ਹੈ। ਇਹ ਵੇਰਵੇ ਕਠੋਰ ਸਥਿਤੀ ਦੇ ਵਿਵੇਕ ਨੂੰ ਸਿਰਜਦੇ ਹੋਏ ਛੋਟੀ ਕਿਰਸਾਣੀ ਦੇ ਇਨ੍ਹਾਂ ਔਰਤ-ਮਰਦ ਆਰਥਕ ਮਜ਼ਬੂਰੀ ਵੱਸ ਅਮਾਨਵੀ ਜਿਨਸੀ ਸੰਬੰਧਾਂ ਨੂੰ ਭੋਗਦੇ ਹੋਏ ਅਦਰਸ਼ਕ ਸੰਸਕ੍ਰਿਤੀ ਦੇ ਮੁੱਲ ਵਿਧਾਨ ਦੇ ਖੋਖਲੇ ਪਣ ਨੂੰ ਵੀ ਦਰਸਾਉਂਦੇ ਹਨ। ਸਭਿਅਕ ਕਿਸਾਨੀ ਜਮਾਤ ਦੇ ਮਨੁੱਖੀ ਸੁਭਾ ਦਾ ਇਹ ਪ੍ਰਗਟਾਵਾ ਇਕ ਤਰ੍ਹਾਂ ਵਿਭਚਾਰ ਅਤੇ ਵੇਸ਼ਵਾਗਾਮਨੀ ਰਾਹੀਂ ਹੋ ਜਾਂਦਾ ਹੈ। ਮਹਿੰਦਰੋ ਇਸ ਨਾਵਲ ਵਿਚ ਅਜਿਹੀ ਪਾਤਰ ਹੈ ਜਿਹੜੀ ਇਨ੍ਹਾਂ ਅਣਮਨੁੱਖੀ ਜਿਨਸੀ ਸਬੰਧਾਂ ਨੂੰ ਅਸਵੀਕਾਰ ਕਰਦੀ ਹੋਈ ਆਦਰਸ਼ਕ ਮਾਨਵੀਂ ਸਾਂਸਕ੍ਰਿਤਕ ਮੁੱਲਾਂ ਦੀ ਰਾਖੀ ਕਰਦੀ ਹੈ। ਉਹ ਆਪਣੇ ਛੜੇ ਦਿਉਰਾਂ ਦੇ ਅਜਿਹੇ ਯਤਨਾਂ ਨੂੰ ਸਫਲ ਨਹੀਂ ਹੋਣ ਦਿੰਦੀ। ਜਦੋਂ ਕਿ ਨਾਵਲ ਵਿਚ ਮਹਿੰਦਰੋਂ ਦਾ ਪਤੀ ਵੀ ਸੰਕੇਤਕ ਤੌਰ 'ਤੇ ਅਮਾਨਵੀ ਜਿਨਸੀ ਸੰਬੰਧਾਂ ਨੂੰ ਸਵੀਕਾਰ ਕਰ ਲੈਣ ਦੀ ਹਾਮੀ ਭਰਦਾ ਹੋਇਆ ਮਹਿੰਦਰੋਂ ਨੂੰ ਕਹਿੰਦਾ ਹੈ ਕਿ ਇਹ ਕਦੇ ਕਿਸੇ ਨਾਲ ਲਾ ਕੇ ਖਾਣ ਬਾਰੇ ਨਹੀਂ ਸੋਚਦੀ ਬਲਕਿ ਹਰ ਵੇ ਲੇ ਧੌਣ ਵਿਚ ਕਿੱਲਾ ਹੀ ਅੜਾਈ ਰੱਖਦੀ ਹੈ। ਮਹਿੰਦਰੋ ਇਕ ਰਾਤ ਜੈਲੀ ਦੇ ਧੱਕੇ ਨੂੰ ਤਾਂ ਜਰ ਜਾਂਦੀ ਹੈ 'ਪਰ ਪੰਜਾਲੀ ਹੇਠ ਧੌਣ ਦੇਕੇ ਬਲਦ ਵਾਂਗ ਉਸਨੂੰ ਤੁਰਨਾ ਨਹੀਂ ਆਉਂਦਾ ਇਸੇ ਲਈ ਉਹ ਆਰਥਕਤਾ ਤੇ ਨੈਤਿਕਤਾ ਦੇ ਦਵੰਧ ਵਿਚੋਂ ਨਿਕਲਦੀ ਹੋਈ ਕਹਿੰਦੀ ਹੈ :

"ਜਾਇ ਨੂੰ ਖਾਵੇ ਐ ਹੋ ਜੀ ਸਰਦਾਰੀ! ਮੈ ਤਾਂ ਇਹੋ ਜੇ ਕੰਮ ਦੇ ਛਿੱਤਰ ਨ੍ਹੀ ਮਾਰਦੀ। ਜੁਆਕ ਮੈਂ ਗਿੰਦਰ ਦੇ ਜੰਮੇ ਨੇ ! ਹੁਣ ਥੋੜੇ ਨਾਲ ਖੇਹ ਖਾਵਾਂ ਨਹੀਂ ਪੁੱਤ ਵਿਆਹੇ ਜਾਣਗੇ, ਨਾ ਵਿਆਹੇ ਜਾਣ ! ਅੱਗੇ ਕਿਹੜਾ ਚਾਚੇ -ਤਾਏ ਸਾਰੇ ਵਿਆਹੇ ਹੋਏ ਆ!"

ਔਰਤ ਮਰਦ ਦੇ ਜਿਨਸੀ ਸੰਬੰਧਾਂ ਨਾਲ ਸੰਬੰਧਤ ਇਹ ਵੇਰਵੇ ਮਾਲਵਾ ਖੇਤਰ ਦੇ ਜੀਵਨ ਨਾਲ ਸੰਬੰਧਤ ਇਸ ਵਿਵੇਕ ਦੀ ਸਿਰਜਣਾ ਕਰਦੇ ਹਨ ਕਿ ਇਸ ਖੇਤਰ ਵਿਚ ਮਨੁੱਖੀ ਰਿਸ਼ਤੇ ਪੁਰਾਣੇ ਜਾਗੀਰਦਾਰੀ ਰੂਪ ਵਾਲੇ ਹਨ। ਹਰੀ ਕ੍ਰਾਂਤੀ ਉਪਰੰਤ ਪੂੰਜੀਵਾਦੀ ਵਿਵਸਥਾ ਦੇ ਪ੍ਰਫੁਲਤ ਹੋਣ ਕਰਕੇ ਜਿੱਥੇ ਸ਼ਹਿਰੀ ਅਤੇ ਪੇਂਡੂ ਖੇਤਰ ਵਿਚ ਰੋਜ਼ਗਾਰ ਵਿਚ ਵਾਧਾ ਹੋਇਆ ਹੈ ਉਥੇ ਇਸ ਖੇਤਰ ਦੇ ਪਛੜੇ ਹੋਣ ਕਰਕੇ ਔਰਤ ਮਰਦੇ ਦੇ ਜਿਨਸੀ ਸੰਬੰਧ ਵੀ ਇਸ ਗੱਲ ਦਾ ਪ੍ਰਮਾਣ ਹਨ ਕਿ ਇਨ੍ਹਾਂ ਖੇਤਰਾਂ ਵਿਚ ਹਰੀ ਕ੍ਰਾਂਤੀ ਦੇ ਆਰਥਕ ਲਾਭ ਇਨ੍ਹਾਂ ਖੇਤਰਾਂ ਤੱਕ ਨਹੀਂ ਪਹੁੰਚੇ। ਜੇ ਕਰ ਪਹੁੰਚੇ ਹਨ ਤਾਂ ਕਿਸਾਨੀ ਦੀਆਂ ਉਪਰਲੀਆਂ ਪਰਤਾਂ ਤੱਕ ਹੀ।

ਲੇਖਕ ਨੇ ਜਿਥੇ ਛੋਟੀ ਕਿਰਸਾਣੀ ਦੇ ਸੰਕਟ ਨੂੰ ਆਰਥਕ ਅਤੇ ਸਭਿਆਚਾਰਕ ਪੱਖ ਤੋਂ ਪੇਸ਼ ਕਰਨ ਦਾ ਯਤਨ ਕੀਤਾ ਹੈ ਉਥੇ ਮਨੁੱਖੀ ਸੰਬੰਧਾਂ ਵਿਚ ਆਈ ਅਮਾਨਵੀਕਰਨ ਦੀ ਪ੍ਰਕ੍ਰਿਆ ਨੂੰ ਵੀ ਬੜੇ ਯਥਾਰਕ ਰੂਪ ਵਿਚ ਪੇਸ਼ ਕੀਤਾ

ਹੈ। ਇਸ ਪ੍ਰਕ੍ਰਿਆ ਨੂੰ ਗਿੰਦਰ ਅਤੇ ਮਹਿੰਦਰੋ ਦੇ ਪਰਿਵਾਰ ਦੇ ਆਪਸੀ ਵਿਵਹਾਰ ਵਿਚੋਂ ਸਹਿਜੇ ਹੀ ਦੇਖਿਆ ਜਾ ਸਕਦਾ ਹੈ। ਘੋਅਟੀ ਦਾ ਨੌਂ ਦਸ ਸਾਲ ਦੇ ਬੱਚੇ ਗੋਰੇ ਤੋ ਸ਼ਰੀਕਾਂ ਵਾਂਗ ਵੱਡੇ ਬੰਦੇ ਜਿਨਾਂ ਕੰਮ ਲੈਣਾ, ਗੋਰੇ ਦਾ ਘੋਅਟੀ ਨੂੰ ਆਪਣੀ ਮਾਂ ਨਾਲ ਜਿਨਸੀ ਸੰਬੰਧਾਂ ਲਈ ਧਕਾ ਕਰਦੇ ਵੇਖਣਾ ਤੇ ਗੋਰੇ ਦਾ ਮਰਨ ਨੂੰ ਜੀਅ ਕਰਨਾ, ਗੋਰੇ ਦਾ ਘੋਅਟੀ ਦਾ ਸਿਰ ਵੱਢਣ ਬਾਰੇ ਸੋਚਣਾ, ਘੋਅਟੀ ਨੂੰ ਚੂਹੇ ਮਾਰ ਗੋਲੀਆਂ ਦੇਕੇ ਮਾਰਨ ਬਾਰੇ ਸੋਚਣ, ਗੋਰੇ ਦੀ ਦਾਦੀ ਦਾ ਗੋਰੇ ਨੂੰ ਆਂਡਾ ਖਾਣ ਤੋਂ ਰੋਕਣਾ ਅਤੇ ਗੋਰੇ ਦੇ ਜ਼ਿਦ ਕਰਨ ਤੇ ਉਸਦੇ ਮੂੰਹ ਤੇ ਥੱਪੜ ਮਾਰਨਾ ਆਦਿ ਅਜਿਹੇ ਬ੍ਰਿਤਾਂਤਕ ਵੇਰਵੇ ਹਨ ਜਿਹੜੇ ਕਿਰਸਾਣੀ ਥੁੜਾਂ ਦੇ ਨਾਲ ਨਾਲ ਮਨੁੱਖੀ ਰਿਸ਼ਤਿਆਂ ਵਿਚ ਆਈ ਅਮਾਨਵੀ ਰੁਚੀ ਨੂੰ ਵੀ ਯਥਾਰਕ ਰੂਪ ਵਿਚ ਪੇਸ਼ ਕਰਦੇ ਹਨ।

ਗੋਰੇ ਦੇ ਪਰਿਵਾਰ ਦੀ ਉਪਰੋਕਤ ਬ੍ਰਿਤਾਂਤਕ ਲੜੀ ਜਿਥੇ ਮਹਿੰਦਰੋ ਅਤੇ ਗਿੰਦਰ ਅਤੇ ਇਨ੍ਹਾਂ ਦੇ ਪਰਿਵਾਰ ਦੇ ਗੋਰੇ ਪ੍ਰਤੀ ਵਿਵਹਾਰ ਨੂੰ ਸਿਰਜਦੀ ਹੈ ਉਥੇ ਇਨ੍ਹਾਂ ਮੈਂਬਰਾਂ ਦੇ ਵਿਵਹਾਰ ਦੇ ਪ੍ਰਤੀਕਰਮ ਵਜੋਂ ਗੋਰੇ ਦੇ ਸੁਭਾਅ ਵਿਚ ਆਈ ਕਠੋਰਤਾ ਅਤੇ ਅੱਖੜਪੁਣੇ ਨੂੰ ਵੀ ਸਿਰਜਦੀ ਹੈ। ਨਾਵਲ ਵਿਚ ਪੇਸ਼ ਇਸ ਤਰ੍ਹਾਂ ਦੇ ਵੇਰਵੇ ਪ੍ਰਤੀਕਾਤਮਕ ਪੱਧਰ ਤੇ ਇਸ ਤੱਥ ਨੂੰ ਵੀ ਪੇਸ਼ ਕਰਦੇ ਹਨ ਕਿ ਛੋਟੀ ਕਿਰਸਾਣੀ ਆਰਥਕ ਮਜ਼ਬੂਰੀਆਂ ਵੱਸ ਨਵੀਂ ਪੀੜ੍ਹੀ ਦੇ ਪਾਤਰਾਂ ਦਾ ਭਵਿੱਖ ਬਨਾਉਣ ਦੀ ਥਾਂ ਉਨ੍ਹਾਂ ਨੂੰ ਅਮਾਨਵੀ ਬਣਾਉਂਦੀ ਹੋਈ ਦਿਸ਼ਾਹੀਨ ਕਰਦੀ ਹੈ। ਗੋਰੇ ਵਰਗਾ ਵਿਯੋਗਿਆ ਬੱਚਾ ਇਨ੍ਹਾਂ ਸਥਿਤਿਆਂ ਦੀ ਦੇਣ ਹੈ। ਗੋਰੇ ਲਈ ਘਰ ਪਰਿਵਾਰ ਦੀ ਸਥਿਤੀ ਹੀ ਅਮਾਨਵੀ ਨਹੀਂ ਬਲਕਿ ਉਸ ਲਈ ਘਰ ਤੋਂ ਬਾਹਰ ਉਸਦਾ ਆਲਾ ਦੁਆਲਾ ਉਸਦੇ ਸਕੂਲ ਦੇ ਅਧਿਆਪਕ ਵੀ ਸ਼ਾਮਲ ਹਨ। ਜਿਹੜੇ ਆਪਣੇ ਅੱਖੜ ਤੇ ਅਧਪੜ ਹੋਣ ਕਰਕੇ ਬੱਚਿਆਂ ਵਿਰੋਧੀ ਮਾਨਸਿਕਤਾ ਦਾ ਸ਼ਿਕਾਰ ਹੁੰਦੇ ਹਨ। ਘਰ ਦੀਆਂ ਤੰਗੀਆਂ ਤੁਰਸ਼ੀਆਂ ਕਰਕੇ ਗੋਰਾ ਨਾ ਚੰਗੇ ਕੱਪੜੇ ਪਾ ਸਕਦਾ ਹੈ ਨਾ ਵਕਤ ਸਿਰ ਸਕੂਲ ਜਾ ਸਕਦਾ ਹੈ। ਇਕ ਪਾਸੇ ਉਹ ਘਰ ਪਰਿਵਾਰ ਦੀ ਤ੍ਰਾਸਦਿਕ ਸਥਿਤੀ ਕਾਰਨ ਹੋਂਦ ਦਾ ਸੰਕਟ ਹੰਢਾ ਰਿਹਾ ਹੈ ਦੂਜੇ ਪਾਸੇ ਸਕੂਲ ਵਿਚ ਪੀ.ਟੀ ਮਾਸਟਰ ਅਤੇ ਘੋਨੇ ਮਾਸਟਰ ਦੀ ਪਸ਼ੂ ਕੁੱਟ ਉਸ ਵਿਚ ਹੀਨਤਾ ਭਾਵ ਪੈਦਾ ਕਰਦੀ ਹੈ। ਅਧਿਆਪਕਾਂ ਦੇ ਬੱਚਿਆਂ ਪ੍ਰਤੀ ਵਰਤੇ ਜਾਂਦੇ "ਸੂਰ ਦਾ ਹੱਡ" ਵਰਗੇ ਸ਼ਬਦ ਬੱਚਿਆਂ ਵਿਚ ਸਵੈ-ਮਾਨ ਨਾਲ ਜਿਉਣ ਦੀ ਭਾਵਨਾ ਨੂੰ ਸੱਟ ਮਾਰਦੇ ਹਨ। ਇਸ ਤਰ੍ਹਾਂ ਲੇਖਕ ਨੇ ਅਜ਼ਾਦੀ ਉਪਰੰਤ ਪੇਂਡੂ ਵਿਦਿਅਕ ਵਿਵਸਥਾ, ਉਤੇ ਵੀ ਕਰਾਰੀ ਚੋਟ ਕੀਤੀ ਹੈ। ਛੋਟੀ ਕਿਰਸਾਣੀ ਦੇ ਗੋਰੇ ਵਰਗੇ ਆਰਥਕ ਮੰਦਹਾਲੀ ਵਿਚ ਜੀਵਨ ਬਿਤਾ ਰਹੇ ਬੱਚਿਆਂ ਲਈ ਘਰ ਅਤੇ ਸਕੂਲ ਦੋਵੇਂ ਸੰਸਥਾਵਾਂ ਅਣ ਮਨੁੱਖੀ ਹਨ ਜਿਸ ਕਰਕੇ ਗੋਰਾ ਸਕੂਲੋਂ ਭੱਜਦਾ ਹੈ। ਗੋਰਾ ਪਾਲੀ ਮੁੰਡਿਆਂ ਦੀ ਹਵਸ ਦਾ ਸ਼ਿਕਾਰ ਹੁੰਦਾ ਹੈ।

ਨਾਵਲ ਵਿਚ ਪੇਸ਼ ਇਨ੍ਹਾਂ ਵੇਰਵਿਆਂ ਰਾਹੀਂ ਲੇਖਕ ਨੇ ਇਸ ਗੱਲ ਦਾ ਪ੍ਰਮਾਣ ਦਿਤਾ ਹੈ ਕਿ ਉਸਦੀ ਗਲਪ ਚੇ ਤਨਾ ਇਕ ਪਾਸੇ ਛੋਟੀ ਕਿਰਸਾਣੀ ਦੇ ਘਰ-ਪਰਿਵਾਰ, ਸਰਕਾਰੀ ਸਕੂਲ, ਪੇਂਡੂ ਮਹੌਲ ਰਾਹੀਂ ਵਾਸਤਵਿਕ ਸਥਿਤੀਆਂ ਨੂੰ ਪੇਸ਼ ਕਰਦੀ ਹੈ, ਦੂਜੇ ਪਾਸੇ ਇਨ੍ਹਾਂ ਸਥਿਤੀਆਂ ਵਿਚ ਗਰੀਬ ਕਿਸਾਨੀ ਦੇ ਪੇਂਡੂ ਬੱਚਿਆਂ ਦੀ ਹੋਂਦ ਗੁਆਚਣ ਦੀ ਪ੍ਰਕ੍ਰਿਆ ਨੂੰ ਵਿਗਿਆਨਕ ਢੰਗ ਨਾਲ ਪੇਸ਼ ਕਰਦੀ ਹੈ।

'ਰੋਹੀ ਬੀਆਬਾਨ' ਨਾਵਲ ਰਾਹੀਂ ਅਜੋਕੇ ਪੰਜਾਬ ਦਾ ਉਹ ਸਾਰਾ ਇਤਿਹਾਸਕ ਵਰਤਾਰਾ ਮੂਰਤੀਮਾਨ ਹੁੰਦਾ ਹੈ ਜੋ ਇਸ ਸਮੇਂ ਬੜੀ ਤੇਜ਼ੀ ਨਾਲ ਬੇਜ਼ਮੀਨ ਹੁੰਦੀ ਜਾ ਰਹੀ ਛੋਟੀ ਕਿਰਸਾਣੀ ਨਾਲ ਵਾਪਰ ਰਿਹਾ ਹੈ। ਨਾਵਲ ਦਾ ਮੁੱਢਲਾ ਭਾਗ ਕਿਰਸਾਣੀ ਦੇ ਆਰਥਕ ਸਭਿਆਚਾਰਕ ਸੰਕਟ ਉਤੇ ਕੇਂਦਰਤ ਹੈ। ਕਰਮਜੀਤ ਕੁੱਸਾ ਇਕ ਪਾਸੇ ਛੋਟੀ ਕਿਰਸਾਣੀ ਦੀ ਆਰਥਕ ਸਭਿਆਚਾਰਕ ਦੁਰਦਸ਼ਾ ਨੂੰ ਪੇਸ਼ ਕਰਦਾ ਹੈ, ਦੂਜੇ ਪਾਸੇ ਇਨ੍ਹਾਂ ਸਮੱਸਿਆਵਾਂ ਦੇ ਹੱਲ ਦੀਆਂ ਸੰਭਾਵਨਾਵਾਂ ਨੂੰ ਵੀ ਨਕਾਰਦਾ ਹੈ। ਪਹਿਲੀ ਸੰਭਾਵਨਾ ਪੇਂਡੂ ਸਮਾਜ ਦੀ ਬਹੁਪਤਨੀ ਪ੍ਰਥਾ ਹੈ ਜੋ ਜ਼ਮੀਨ ਦੀ ਵੰਡ ਨੂੰ ਰੋਕਦੀ ਹੈ। ਦੂਜੀ ਸੰਭਾਵਨਾ ਬੇਜ਼ਮੀਨ ਹੋ ਰਹੀ ਛੋਟੀ ਕਿਸਾਨੀ ਅਤੇ ਬੇਜ਼ਮੀਨ ਜਾਤਾਂ, ਜਮਾਤਾਂ ਨਾਲ ਆਪਸੀ ਸਾਂਝ ਦੀ ਹੈ ਜਿਸ ਵਿਚ ਛੋਟੀ ਕਿਰਸਾਣੀ ਦੇ ਸੰਸਕਾਰ ਭਾਵ ਉਚ ਜਾਤੀ ਭਾਵ ਇਸ ਰਾਹ ਵਿਚ ਰੁਕਾਵਟ ਬਣਦੇ ਹਨ। ਇਹੀ ਕਾਰਨ ਹੈ ਕਿ ਨਾਵਲ ਵਿਚ ਗੋਰਾ ਸਪੰਨ ਕਿਸਾਨੀ ਦੇ ਮੁੰਡਿਆਂ ਤੋਂ ਪੀੜਤ ਹੋਣ ਕਰਕੇ ਨੀਵੀਂ ਜਾਤੀ ਦੇ ਮੁੰਡਿਆਂ ਨਾਲ ਸਾਂਝ ਪਾਉਂਦਾ ਹੈ। ਇਸਦੇ ਨਾਲ ਹੀ ਨਾਵਲਕਾਰ ਨੇ ਨਾਵਲ ਵਿਚ ਸਿਰਜਤ ਕਿਰਸਾਣੀ ਅਤੇ ਮਜ਼ਬੀਆਂ ਦੇ ਸੰਬਧਾਂ ਰਾਹੀਂ ਇਹ ਵਿਅੰਗ ਸਿਰਜਣ ਦਾ ਵੀ ਯਤਨ ਕੀਤਾ ਹੈ ਕਿ ਹਰੀ ਕ੍ਰਾਂਤੀ ਉਪਰੰਤ ਖੇ ਤੀ ਘਾਟੇ ਵਾਲਾ ਸੌਦਾ ਬਣ ਗਿਆ ਹੈ ਜਿਸ ਕਰਕੇ ਅਧਿਓਂ ਬਹੁਤਾ ਪਿੰਡ ਮੱਜ਼ਬੀ ਚਮਿਆਰਾਂ ਨਾਲ ਰਲਿਆ ਪਿਆ

ਹੈ। ਨਿਮਨ ਵਰਗ ਇਹ ਸੋਚਦਾ ਹੈ ਕਿ "ਚੂਹੜੇ ਚਮਿਆਰਾਂ ਵਰਗੇ ਤਾਂ ਹੋਏ ਪਏ ਐ। ਜੱਟ ਜ਼ਿਮੀਦਾਰਾਂ ਵਾਲੀ ਕਿਹੜੀ ਗੱਲ ਰਹਿ ਗਈ ਹੈ ਜਦੋਂ ਘਾਹ ਤਾਂ ਬਗਾਨੀਆਂ ਵੱਟਾਂ ਤੋਂ ਹੀ ਖੋਤਣੈ।" ਛੋਟੀ ਕਿਰਸਾਨੀ ਨੂੰ ਇਹ ਤਾਂ ਅਹਿਸਾਸ ਹੈ ਕਿ ਉਹ ਬੇਜ਼ਮੀਨ ਵਰਗਾਂ ਹੋ ਗਏ ਹਨ। ਪਰੰਤੂ, ਜੱਟ ਹਊਮੇ ਛੱਡਣ ਲਈ ਤਿਆਰ ਨਹੀਂ ਜਿਸ ਕਰਕੇ ਗੋਰੇ ਵਰਗੇ ਪਾਤਰ ਸਾਰੀ ਉਮਰ ਕਸ਼ਟ ਭੋਗਦੇ ਹਨ। ਇਕ ਪਾਸੇ ਇਹ ਜਮਾਤ ਮਜ਼ਬੀਆਂ ਦੇ ਵਿਹੜੇ ਜਾਕੇ ਦਿਹਾੜੀਆਂ ਦੀ ਖੁਸ਼ਾਮਦ ਵੀ ਕਰਦੀ ਹੈ, ਪਰ ਦੂਜੇ ਪਾਸੇ ਉਨ੍ਹਾਂ ਵਿਚ ਰਲ ਜਾਣ ਨੂੰ ਹਤੱਕ ਸਮਝ ਦੀ। ਇਉਂ ਨ੍ਹਾਵਲ ਵਿਚ ਮੱਜ਼੍ਹਬੀ ਵੀ ਨਿਮਨ ਕਿਸਾਨ ਲਈ 'ਭੁੱਖੇ ਨੰਗੇ ਜੱਟ' ਦਾ ਵਿਸ਼ੇਸ਼ਣ ਵਰਤਣ ਲੱਗ ਪਏ ਹਨ।

ਤੀਜੀ ਵੱਡੀ ਗੱਲ ਇਹ ਹੈ ਕਿ ਨਾਵਲਕਾਰ ਇਸ ਤੱਥ ਰਾਹੀ ਇਹ ਦਸਣ ਦਾ ਵੀ ਯਤਨ ਕਰਦਾ ਹੈ ਕਿ ਸੁਤੰਤਰਤਾ ਪ੍ਰਾਪਤੀ ਉਪਰੰਤ ਲੋਕਤਾਂਤਰਿਕ ਢਾਂਚੇ ਦੇ ਹੋਂਦ ਵਿਚ ਆਉਣ ਨਾਲ ਨਜ਼ਾਮ ਪ੍ਰਚਾਰਦਾ ਹੈ ਕਿ ਸਮੁੱਚੀ ਲੁਕਾਈ ਨੂੰ ਵਿੱਦਿਆ, ਰੁਜ਼ਗਾਰ ਦੇ ਸਮਾਨ ਸਾਧਨ ਅਤੇ ਮੌਕੇ ਪ੍ਰਾਪਤ ਹਨ ਤੇ ਪੰਜਾਬ ਵਿਚ ਹਰੀ ਕਰਾਂਤੀ ਉਪਰੰਤ ਪੰਜਾਬ ਦੀ ਕਿਸਾਨੀ ਨੇ ਬਹੁਤ ਵਿਕਾਸ ਕੀਤਾ ਹੈ। ਪਰੰਤੂ, ਲੇਖਕ ਗੋਰੇ ਦੇ ਘਰ ਪਰਿਵਾਰ ਦੀਆਂ ਕਠੋਰ ਸਥਿਤੀਆਂ ਰਾਹੀ ਲੋਕਤਾਂਤਰਿਕ ਢਾਂਚੇ ਦੇ ਇਸ ਭਰਾਂਤੀ ਮੂਲਕ ਪ੍ਰਚਾਰ ਨੂੰ ਥੋਥਾ ਸਮਝਦਾ ਹੈ। ਤਤਕਾਲੀ ਸਰਕਾਰ ਦਾ ਪ੍ਰਚਾਰ ਤੰਤਰ ਇਹ ਦਾਹਵੇ ਕਰਨ ਤੇ ਲੱਗਿਆ ਹੋਇਆ ਹੈ ਕਿ ਹਰੀ ਕ੍ਰਾਂਤੀ ਉਪਰੰਤ ਲੋਕਾਈ ਲਈ ਸ਼ਹਿਰੀ ਨੌਕਰੀ, ਮੁਰਗੀ ਪਾਲਣ, ਡੇਅਰੀ ਫਾਰਮਿੰਗ, ਟਰੱਕ ਡਰਾਇਵਰੀ, ਅਤੇ ਵਿਦੇਸ਼ਾਂ ਵਿਚ ਪ੍ਰਵਾਸ ਰੋਜ਼ਗਾਰ ਦੇ ਨਵੇ ਂ ਨਵੇਂ ਵਸੀਲੇ ਉਪਲੱਬਧ ਹਨ। ਪਰੰਤੂ, ਨਾਵਲਕਾਰ ਨੇ ਗੋਰੇ ਦੇ ਜੀਵਨ ਵੇਰਵਿਆਂ ਰਾਹੀਂ ਇਹ ਦੱਸਣ ਦਾ ਯਤਨ ਕੀਤਾ ਹੈ ਕਿ ਇਹ ਸਾਰੇ ਵਸੀਲੇ ਸਮਾਜ ਦੀ ਜਮਾਤੀ ਬਣਤਰ ਕਾਰਨ ਨਿਮਨ ਅਤੇ ਮੱਧਵਰਗੀ ਕਿਰਸਾਨੀ ਦਾ ਪਹੁੰਚ ਤੋਂ ਬਾਹਰ ਹਨ। ਪੰਜਾਬ ਵਿਚ ਨਿੱਜੀ ਜਾਇਦਾਦ ਤੇ ਉਸਰੀ ਜਮਾਤੀ ਵਿਵਸਥਾ ਵਿਚ ਹਰੀ ਕ੍ਰਾਂਤੀ ਤੋਂ ਅਸਾਵਾਂ ਵਿਕਾਸ ਹੋਇਆ ਹੈ। ਕਿਸਾਣੀ ਸਮਾਜ ਤੇ ਸਪੰਨ ਵਰਗ 'ਜੀਪਾਂ ਵਾਲੇ' ਹੋਰ ਅਮੀਰ ਹੋ ਗਏ ਹਨ। ਪਰੰਤੂ, ਹੇਠਲੇ ਵਰਗ ਖੇਤੀ ਦਾ ਮਸ਼ੀਨੀਕਰਨ ਹੋਣ ਨਾਲ ਤੇ ਭੂਮੀਹੀਣ ਹੋਣ ਕਾਰਨ ਬੇਰੁਜ਼ਗਾਰ ਤੇ ਵਿਹਲੇ ਹੋ ਗਏ ਹਨ। ਇਸ ਨਾਵਲ ਦਾ ਪ੍ਰਮੁੱਖ ਪਾਤਰ ਗੋਰਾ ਇਸ ਸਥਿਤੀ ਦੇ ਵਿਵੇਕ ਦੀ ਸਿਰਜਣਾ ਕਰਦਾ ਹੈ।

ਗੋਰਾ ਆਪਣੀ ਆਰਥਕ ਬਿਹਤਰੀ ਲਈ ਫੈਕਟਰੀ ਵਿਚ ਕੰਮ ਕਰਦਾ ਹੈ, ਡਰਾਇਵਰੀ ਸਿਖਦਾ ਹੈ, ਠੇਕੇ ਵਟਾਈ ਤੇ ਜ਼ਮੀਨ ਲੈਕੇ ਅਤੇ ਵਿਦੇਸ਼ਾਂ ਵਿਚ ਜਾਕੇ ਕਮਾਈ ਕਰਨਾ ਚਾਹੁੰਦਾ ਹੈ। ਪਰੰਤੂ, ਪੰਜਾਬ ਦੇ ਅਸਾਵੇਂ ਵਿਕਾਸ ਕਰਕੇ ਅਤੇ ਜਮਾਤੀ ਵਿਵਸਥਾ ਕਾਰਨ ਇਹ ਸਾਰੀਆਂ ਸੰਭਾਵਨਾਵਾਂ ਉਸਨੂੰ ਪ੍ਰਾਪਤ ਨਹੀਂ ਹੁੰਦੀਆਂ। ਗੋਰੇ ਦਾ ਸੰਕਟ ਇਸੇ ਸਥਿਤੀ ਦੀ ਉਪਜ ਹੈ। ਫੈਕਟਰੀ ਦੇ ਮਾਲਕ ਦੇ ਘਰ ਗੋਹਾ ਚੁੱਕਣਾ, ਡਰਾਇਵਰੀ ਸਿੱਖਣ ਸਮੇਂ ਹੁੰਦਾ ਅਣ ਮਨੁੱਖੀ ਵਿਵਹਾਰ ਤੇ ਜ਼ਮੀਨ ਠੇਕੇ ਤੇ ਲੈਣ ਕਰਕੇ ਸਾਧੂ ਵਰਗਿਆ ਦਾ ਉਸ ਨਾਲ ਕੀਤਾ ਸੀਰੀਆਂ ਵਾਲਾ ਵਿਵਹਾਰ ਗੋਰੇ ਨੂੰ ਕਦਾਚਿਤ ਮਨਜ਼ੂਰ ਨਹੀਂ। ਗੋਰਾ ਜੇਕਰ ਇਨ੍ਹਾਂ ਰਿਸ਼ਤਿਆਂ ਦੀ ਅਧੀਨਗੀ ਨੂੰ ਸਵੀਕਾਰ ਕਰਦਾ ਹੈ ਤਾਂ ਇਹ ਇਤਿਹਾਸ ਨੂੰ ਪਿਛਲਖੁਰੀ ਮੋੜਾ ਦੇਣ ਵਾਲੀ ਗੱਲ ਹੈ। 'ਰੋਹੀ ਬੀਆਬਾਨ' ਨਾਵਲ ਵਿਚ ਪੇਸ਼ ਸਥਿਤੀਆਂ ਦੇ ਵਿਵੇ ਕ ਦੀ ਸਿਰਜਣਾ ਉਤਪਾਦਨ ਦੇ ਰਿਸ਼ਤਿਆਂ ਨੂੰ ਪਿਛਾਂਹ ਵੱਲ ਨਹੀਂ ਅਗਾਂਹ ਵੱਲ ਮੋੜਦੀ ਹੈ। ਇਹੋ ਕਾਰਨ ਹੈ ਕਿ ਗੋਰਾ ਇਨ੍ਹਾਂ ਰਿਸ਼ਤਿਆਂ ਨੂੰ ਸਵੀਕਾਰ ਨਹੀਂ ਕਰਦਾ।

ਹਰੀ ਕ੍ਰਾਂਤੀ ਉਪਰੰਤ ਵਿੱਤੀ ਪੂੰਜੀ ਪੰਜਾਬ ਦੀ ਕਿਰਸਾਣੀ ਨੂੰ ਸਪਸ਼ਟ ਰੂਪ ਵਿਚ ਤਿੰਨ ਵਰਗਾਂ ਵਿਚ ਵੰਡ ਦਿੰਦੀ ਹੈ। 'ਰੋਹੀ ਬੀਆਬਾਨ' ਨਾਵਲ ਵਿਚ ਕਿਸਾਨੀ ਦੇ ਇਨ੍ਹਾਂ ਤਿੰਨਾਂ ਵਰਗਾਂ ਨੂੰ ਲੇਖਕ ਨੇ 'ਜੀਪਾਂ ਵਾਲੇ', 'ਟਰੈਕਟਰਾਂ ਵਾਲੇ' ਅਤੇ 'ਕੈਨਾ ਵਾਲੇ' ਦੇ ਸੰਕੇਤ ਰਾਹੀਂ ਪ੍ਰਗਟਾਇਆ ਹੈ। 'ਕੈਨਾਂ ਵਾਲੇ' ਛੋਟੀ ਕਿਰਸਾਣੀ ਦਾ ਪ੍ਰਤੀਨਿਧ ਰੂਪ ਹਨ। ਇਹ ਵਰਗ ਆਪਣੀ ਹੋਂਦ ਲਈ ਜੀਵਨ ਮੌਤ ਦਾ ਸੰਘਰਸ਼ ਲੜ ਰਹੇ ਹਨ। ਟਰੈਕਟਰਾਂ ਵਾਲੇ ਦਰਮਿਆਨੀ ਕਿਰਸਾਣੀ ਦਾ ਪ੍ਰਤੀਕ ਹਨ। ਜਿਸਦਾ ਪ੍ਰਤੀਨਿੱਧ ਰੂਪ ਸਾਧੂ ਸਿੰਘ ਤੇ ਉਸਦਾ ਪਰਿਵਾਰ ਹੈ ਜਿਸ ਕੋਲ ਛੋਟੀ ਕਿਰਸਾਨੀ ਨਾਲੋਂ ਥੋਹੜੀ ਵੱਧ ਜ਼ਮੀਨ ਹੈ। ਜਿਨ੍ਹਾਂ ਨੇ ਕਰਜ਼ਿਆਂ ਰਾਹੀਂ ਖੇਤੀ ਦਾ ਮਸ਼ੀਨੀਕਰਨ ਤਾਂ ਭਾਵੇਂ ਕੀਤਾ ਹੋਇਆ ਹੈ ਪਰੰਤੂ ਇਸ ਵਰਗ ਦੀ ਸਥਿਤੀ ਵੀ ਸੰਪੰਨ ਨਹੀਂ। ਵਾਸਤਵਿਕ ਰੂਪ ਵਿਚ ਇਸ ਵਰਗ ਦਾ ਪੱਧਰ ਵੀ ਨੀਵਾਂ ਹੈ। ਇਹ ਵਰਗ ਆਪਣੇ ਨਿਆਣਿਆਂ ਨੂੰ 'ਲੱਸੀ ਨਾਲੋਂ ਭੈੜਾ ਦੁੱਧ' 'ਫੋਕੇ ਪਾਣੀ ਵਰਗੀ ਮੂੰਗੀ ਦੀ ਦਾਲ' ਖੁਆਕੇ ਹੀ ਪਾਲਦੇ ਹਨ, 'ਜੀਪਾਂ ਵਾਲੇਂ' ਅਮੀਰ ਜ਼ਿਮੀਦਾਰ ਹਨ। ਲੇਖਕ ਨੇ ਪੈਟਰੋਲ ਪੰਪ ਤੇ ਸਿਰਜੀ ਘਟਨਾ ਰਾਹੀ ਇਸ ਵਰਗ ਦੇ ਕਿਰਦਾਰ ਨੂੰ ਪ੍ਰਗਟਾਇਆ ਹੈ। ਪੂੰਜੀ ਦੇ ਪਸਾਰ ਰਾਹੀਂ ਅਣ ਕਮਾਇਆ ਧਨ ਤੇ

ਇਸ ਧਨ ਰਾਹੀਂ ਪਾਲੇ ਹੋਏ ਗੁੰਡੇ ਮੌਜੂਦਾ ਪ੍ਰਬੰਧ ਵਿਚ ਇਸ ਵਰਗ ਦੀ ਪ੍ਰਮੁੱਖ ਪਹਿਚਾਣ ਹਨ। ਪਿੰਡ ਪੱਧਰ ਤੇ ਇਸ ਵਰਗ ਦਾ ਕਿਰਦਾਰ ਲੋਟੂ ਬੁਰਜੂਆਂ ਸ਼੍ਰੇਣੀ ਵਰਗ ਹੈ। ਨਾਵਲ ਦੀ ਵਿਲੱਖਣਤਾ ਇਸ ਗੱਲ ਵਿਚ ਹੈ ਕਿ ਨਾਵਲਕਾਰ ਇਨ੍ਹਾਂ ਤਿੰਨਾਂ ਵਰਗਾਂ ਨੂੰ ਪੇਸ਼ ਹੀ ਨਹੀਂ ਕਰਦਾ ਬਲਕਿ ਇਨ੍ਹਾਂ ਦੇ ਆਪਸੀ ਟਕਰਾਅ ਅਤੇ ਤਣਾਅ ਨੂੰ ਵੀ ਪੇਸ਼ ਕਰਦਾ ਹੈ। ਇਨ੍ਹਾਂ ਦੇ ਆਪਸੀ ਵਿਵਹਾਰ ਨੂੰ ਪੇਸ਼ ਕਰਦਾ ਹੋਇਆ ਦਸਦਾ ਹੈ ਕਿ ਦਰਮਿਆਨੀ ਅਤੇ ਅਮੀਰ ਕਿਰਸਾਣੀ ਨਿਮਨ ਕਿਰਸਾਣੀ ਨਾਲ ਕੇਵਲ ਸ਼ਾਬਦਿਕ ਹਮਦਰਦੀ ਤਾਂ ਰਖਦੀ ਹੈ ਪਰੰਤੂ, ਇਹ ਇਸ ਜਮਾਤ ਦਾ ਸੋਸ਼ਣ ਕਰਦੀ ਹੈ। ਗਿੰਦਰ ਅਤੇ ਗੋਰੇ ਦੀ ਸਾਧੂ ਨਾਲ ਪਾਈ ਸਾਂਝ, ਤੇਲੂ ਦੇ ਪਿਉ ਦੀ ਵਟਾਈ ਉਤੇ ਲਈ ਜ਼ਮੀਨ, ਤੇ ਬਦੇਸ਼ ਜਾਣ ਲਈ ਲਏ ਕਰਜ਼ੇ ਆਦਿ ਦੇ ਵਸਤੂ ਵੇਰਵੇ ਇਸ ਗੱਲ ਦਾ ਪ੍ਰਮਾਣ ਹਨ ਕਿ ਇਨ੍ਹਾਂ ਵਰਗਾਂ ਦੀ ਆਪਸੀ ਸਾਂਝ ਕੇਵਲ ਸੋਸ਼ਣ ਕਰਨ ਤੱਕ ਮਹਿਦੂਦ ਹੈ, ਮਨੁੱਖਤਾ ਵਰਗੀ ਸਾਂਝ ਨਹੀਂ। ਬਲਕਿ ਜਮਾਤੀ ਵਿਵਸਥਾ ਦੀ ਸ਼ੋਸ਼ਣ ਪ੍ਰਵਿਰਤੀ ਅਤੇ ਸੀਮਤ ਚੇਤਨਾ ਇਨ੍ਹਾਂ ਵਰਗਾਂ ਆਪਸ ਵਿਚ ਲੜਾਈ ਰੱਖਦੀ ਹੈ। ਗਿੰਦਰ ਦਾ ਆਪਣੇ ਭਰਾਵਾਂ ਨਾਲੋਂ ਵੱਖ ਹੋਣਾ, ਮੁੜ ਇੱਕਠੇ ਹੋਣਾ, ਗਿੰਦਰ ਦੇ ਭਰਾ ਗੁਰਮੇਲ ਨੂੰ ਧੋਖੇ ਨਾਲ ਸ਼ਰਾਬ ਬਹਾਨੇ ਜ਼ਹਿਰ ਦੇਣਾ ਆਦਿ ਅਜਿਹੇ ਵਸਤੂ ਵੇਰਵੇ ਹਨ ਜਿਹੜੇ ਕਿਰਸਾਣੀ ਦੇ ਸੰਕਟ ਵਿਚੋਂ ਉਪਜੀ ਖੁਦਗਰਜ਼ੀ ਅਤੇ ਅਣ-ਮਨੁੱਖੀ ਬਿਰਤੀ ਨੂੰ ਯਥਾਰਥਕ ਰੂਪ ਵਿਚ ਪੇਸ਼ ਕਰਦੇ ਹਨ।

ਇਸ ਨਾਵਲ ਰਾਹੀਂ ਛੋਟੀ ਅਤੇ ਦਰਮਿਆਨੀ ਕਿਰਸਾਨੀ ਦੀ ਮੰਦਹਾਲੀ ਦੇ ਪ੍ਰਸੰਗ ਵਿਚ ਲੇਖਕ ਨੇ ਵਿਸ਼ੇਸ਼ ਇਤਿਹਾਸਕ ਕਾਲ ਸਮੇਂ ਰਾਜ ਅਤੇ ਪ੍ਰਬੰਧ ਤੰਤਰ ਨੂੰ ਵਿਗਿਆਨਕ ਰੂਪ ਵਿਚ ਚਿੱਤਰਿਆ ਹੈ। ਮੰਡੀ ਦਾ ਦ੍ਰਿਸ਼, ਕਿਸਾਨ ਪਾਤਰਾਂ ਦੀ ਮੰਡੀ ਵਿਚ ਹੋਈ ਵਾਰਤਾਲਾਪ, ਆੜ੍ਹਤੀਆਂ ਤੇ ਪ੍ਰਬੰਧ ਤੰਤਰ ਦੀ ਮਿਲੀ ਭੁਗਤ ਨਾਲ ਕਿਸਾਨਾਂ ਦੀ ਹੁੰਦੀ ਲੁੱਟ ਦੇ ਵਸਤੂ ਵੇਰਵੇ ਇਸ ਗੱਲ ਦਾ ਪ੍ਰਮਾਣ ਹਨ ਕਿ ਛੋਟੀ ਕਿਰਸਾਣੀ ਨੂੰ ਮਜ਼ਬੂਰੀ ਵੱਸ 'ਚਿੱਟੇ ਦਿਨ ਝੰਡ ਮਨਾਉਣਾ' ਪੈਂਦਾ ਹੈ। ਪੈਟਰੋਲ ਪੰਪ ਦੇ ਵਸਤੂ ਵੇਰਵੇ ਕਿਰਸਾਣੀ ਦੇ ਆਂਤਰਿਕ ਸ੍ਰੈਣਿਕ ਸੰਬੰਧਾਂ ਦਾ ਪ੍ਰਮਾਣਕ ਰੂਪ ਸਿਰਜਦੇ ਹਨ। ਕਿਰਸਾਣੀ ਦੇ ਇਹ ਵਰਗ ਸੰਕਟ ਸਮੇਂ ਭਾਵੇਂ ਵਕਤੀ ਤੌਰ ਤੇ ਇਕੱਠੇ ਹੁੰਦੇ ਹਨ ਪਰੰਤੂ, ਮੱਧ ਵਰਗ ਜਮਾਤੀ ਚੇਤਨਾ ਦੀ ਘਾਟ ਕਰਕੇ ਤੇ ਸਵਾਰਥੀ ਹੋਣ ਕਰਕੇ ਹੇਠਲੇ ਵਰਗ ਨੂੰ ਭੁਲਾ ਹੀ ਦਿੰਦਾ ਹੈ। ਇਹ ਲੋਕ ਮੌਜੂਦਾ ਲੋਕ ਪੱਖੀ ਪਾਰਟੀਆਂ ਤੋਂ ਵੀ ਮਾਯੂਸ ਹਨ। ਹੇਠ ਲਿਖੇ ਵਾਰਤਾਲਾਪ ਰਾਹੀਂ ਸਾਰੀਆਂ ਪਾਰਟੀਆਂ ਵੱਲ ਸੰਕੇਤ ਕੀਤਾ ਗਿਆ ਹੈ :

"ਨੀਲੀਆਂ ਅਤੇ ਚਿੱਟੀਆਂ ਪੱਗਾਂ ਵਾਲੇ, ਫੇਰ ਕਛਹਰਿਆ ਆਲੇ, ਫੇਰ ਗੁਰੂ ਤੇਰਾ ਭਲਾ ਕਰੇ ਚੋਪੜੀਆਂ ਦਾਹੜੀਆਂ ਆਲੇ, ਸਭ ਕੇਰਾ ਐਨ ਬਣਾਕੇ ਫੱਟੀ ਪੋਚ ਜਾਂਦੇ ਆਂ।"

ਇਨ੍ਹਾਂ ਸ਼ੋਸ਼ਿਤ ਵਰਗਾਂ ਦੀ ਸਮੁੱਚੀ ਸੰਕਟਮਈ ਸਥਿਤੀ ਅਤੇ ਇਸ ਸਥਿਤੀ ਵਿਚੋਂ ਨਿਕਲਣ ਦੀਆਂ ਸੰਭਾਵਨਾਵਾਂ ਬਹੁਤ ਘੱਟ ਹਨ।

ਕੁੱਸੇ ਨੇ ਇਨ੍ਹਾਂ ਪਾਤਰਾਂ ਦੇ ਜੀਵਨ ਨੂੰ 'ਰੋਹੀ ਬੀਆਬਾਨ' ਨਾਲ ਤੁਲਣਾ ਦਿਤੀ ਹੈ। ਕੁੱਸੇ ਨੇ ਸਮੁੱਚੇ ਨਾਵਲ ਵਿਚ ਇਕ ਪਾਸੇ ਕ੍ਰਾਂਤੀਕਾਰੀ ਪਰਿਵਰਤਨ ਦੀ ਅਣਹੋਂਦ ਦੇ ਸਮਾਜਕ ਰਾਜਨੀਤਕ ਕਾਰਨਾਂ ਨੂੰ ਵਿਗਿਆਨਕ ਦ੍ਰਿਸ਼ਟੀ ਤੋਂ ਪੇਸ਼ ਕੀਤਾ ਹੈ, ਦੂਜੇ ਪਾਸੇ ਇਨ੍ਹਾਂ ਪਾਤਰਾਂ ਦੀ ਕਠੋਰ ਸਥਿਤੀਆਂ ਦੇ ਸਨਮੁਖ ਤ੍ਰਾਸਦਿਕ ਸਥਿਤੀ ਨੂੰ ਵਾਸਤਵਿਕ ਰੂਪ ਵਿਚ ਸਿਰਜਣ ਦਾ ਯਤਨ ਕੀਤਾ ਹੈ।

ਨਾਵਲ ਸਿਰਜਣਾ ਵਿਚ ਮਹੱਤਵਪੂਰਨ ਗੱਲ ਲੇਖਕ ਦੀ ਗਲਪ ਦ੍ਰਿਸ਼ਟੀ ਹੁੰਦੀ ਹੈ ਜਿਸਦੇ ਕਾਰਨ ਉਸਦੀ ਰਚਨਾ ਦਾ ਸਾਹਿਤਕ ਮੁੱਲ ਆਂਕਿਆ ਜਾਣਾ ਹੁੰਦਾ ਹੈ। ਕਰਮਜੀਤ ਸਿੰਘ ਕੁੱਸੇ ਦੀ ਨਾਵਲ ਦ੍ਰਿਸ਼ਟੀ ਬਾਰੇ ਪੰਜਾਬੀ ਦੇ ਵਿਦਵਾਨਾਂ ਵਿਚ ਸਹਿਮਤੀ ਨਹੀਂ ਹੈ। ਡਾ.ਜੋਗਿੰਦਰ ਸਿੰਘ ਰਾਹੀ ਕੁੱਸੇ ਦੀ ਨਾਵਲ ਦ੍ਰਿਸ਼ਟੀ ਨੂੰ ਪ੍ਰਕ੍ਰਿਤਿਕਵਾਦੀ ਬ੍ਰਿਤਾਂਤਕ ਸ਼ੈਲੀ ਆਖਦਾ ਹੈ ਜਦੋਂ ਕਿ ਡਾ.ਕੇਸਰ ਸਿੰਘ ਇਸ ਸ਼ੈਲੀ ਨੂੰ ਪ੍ਰਗਤੀਸ਼ੀਲ ਯਥਾਰਥਵਾਦ ਆਖਦਾ ਹੈ। ਡਾ.ਰਾਹੀ ਦਾ ਕਥਨ ਹੈ:

"ਇਤਿਹਾਸਕ ਹਾਲਤਾਂ ਨੂੰ ਉਹ ਉਨ੍ਹਾਂ ਦੇ ਪੂਰੇ ਖਿਲਾਰ ਵਿਚ ਇਕ ਭਾਂਤ ਦੀ ਪ੍ਰਕਿਰਤੀਵਾਕ (Naturalistic) ਸ਼ੈਲੀ ਵਿਚ ਦਰਸਾਉਂਦਾ ਹੈ ........ਨਾਵਲ ਦੀ ਕੇਂਦਰੀ ਸਮੱਸਿਆ ਪਰਿਭਾਸ਼ਤ ਕਰ ਦੇਣ ਵਾਲੇ ਸੂਤਰ ਵਿਚ ਸ਼ੈਲੀ ਵਿਚ ਜਿੰਨੇ ਕਾਰਗਰ ਢੰਗ ਨਾਲ ਕੁੱਸਾ ਸਿਰਜਦਾ ਹੈ ਉਨੇ ਕਾਰਗਰ ਢੰਗ ਨਾਲ ਸਾਡਾ ਕੋਈ ਹੋਰ ਗਲਪਕਾਰ ਨਹੀਂ ਸਿਰਜ ਸਕਿਆ।"

ਡਾ.ਜੋਗਿੰਦਰ ਸਿੰਘ ਰਾਹੀਂ ਦਾ ਰੋਹੀ ਬੀਆਬਾਨ ਦੀ ਗਲਪ ਦ੍ਰਿਸ਼ਟੀ ਬਾਰੇ ਇਹ ਮੱਤ ਠੀਕ ਨਹੀਂ ਜਾਪਦਾ ਡਾ. ਕੇਸਰ ਇਸ ਨਾਵਲ ਬਾਰੇ ਆਪਣਾ ਵਿਚਾਰ ਪੇਸ਼ ਕਰਦੇ ਹੋਏ ਇਸਨੂੰ ਇਕ ਦੁਖਾਂਤਕ ਰਚਨਾ ਨਿਸ਼ਚਤ ਕਰਦੇ ਹੋਏ ਲਿਖਦੇ ਹਨ :

"ਦੁਖਾਂਤਕ ਸਾਹਿਤ ਰਚਨਾ ਉਦੋਂ ਹੋਂਦ ਵਿਚ ਆਉਂਦੀ ਹੈ ਜਦੋਂ ਸੰਵੇਦਨਸ਼ੀਲ ਵਿਅਕਤੀਆਂ ਨੂੰ ਅਜਿਹੇ ਬੁਨਿਆਦੀ ਸੰਕਟ ਵਾਪਰਦੇ ਹਨ ਜਿਨ੍ਹਾਂ ਦਾ ਹੱਲ ਉਨ੍ਹਾਂ ਦੀ ਵਿਅਕਤੀਗਤ ਪਹੁੰਚ ਤੋਂ ਦੂਰ ਸਮਾਜਕ, ਸਭਿਆਚਾਰਕ ਤੇ ਰਾਜਨੀਤਿਕ ਇਨਕਲਾਬੀ ਤਬਦੀਲੀਆਂ ਵਿਚ ਪਿਆ ਹੁੰਦਾ ਹੈ .......ਪਰ ਦੁਖਾਂਤਕ ਰਚਨਾ ਲਈ ਸੰਵਦੇਨਸ਼ੀਲ ਪਾਤਰ, ਸੰਕਟਮਈ ਘਟਨਾਵਾਂ ਤੇ ਉਨ੍ਹਾਂ ਸੰਕਟਾਂ ਦੇ ਨਿਵਾਰਨ ਲਈ ਕ੍ਰਾਂਤੀਕਾਰੀ ਪਰਿਵਰਤਨਾਂ ਦੀ ਅਨਿਵਾਰਤਾ ਹੀ ਕਾਫੀ ਨਹੀਂ, ਤ੍ਰਾਸਦੀ ਦੀ ਸਰੰਚਨਾ ਦੇ ਫੈਸਲਾਕੁਨ ਤੱਤ ਆਪਣੀ ਸਥਿਰਤਾ ਦੀ ਦੱਸ ਬਾਰੇ ਤੇ ਆਪਣੀ ਬੇ ਵਸੀ ਸੰਬੰਧੀ ਪਾਤਰਾਂ ਦੀ ਵਿਅਕਤੀਗਤ ਸੁਚੇਤਨਾ ਤੇ ਰਚਨਹਾਰ ਦੀ ਜੀਵਨ ਦ੍ਰਿਸ਼ਟੀ ਦਾ ਮਾਨਵਵਾਦੀ ਪਰਿਪੇਖ ਹੁੰਦੇ ਹਨ। 'ਰੋਹੀ ਬੀਆਬਾਨ' ਦਾ ਸੁਹਜ ਮੁੱਲ ਸੰਵੇਦਨਾ, ਸੰਕਟ ਤੇ ਸੁਚੇਤਨਾ ਤੇ ਮਾਨਵਤਾ ਦੇ ਤੱਤਾਂ ਦੀ ਤ੍ਰਾਸਦਿਕ ਸਰੰਚਨਾ ਹੋਣ ਵਿਚ ਹੈ।

ਡਾ.ਰਘਬੀਰ ਸਿੰਘ ਸਿਰਜਣਾ ਵੀ ਡਾ.ਰਾਹੀ ਦੇ ਮੱਤ ਨਾਲ ਸਹਿਮਤ ਨਹੀਂ ਕਿਉਂਕਿ ਪ੍ਰਕ੍ਰਿਤੀਵਾਦੀ ਯਥਾਰਥਵਾਦ ਦੇ ਸੰਕਲਪ ਨੂੰ ਸਿਧਾਂਤਕ ਤੌਰ ਤੇ ਪਹਿਲਾਂ ਹੀ ਨਾਵਲ ਆਲੋਚਨਾ ਦੇ ਖੇਤਰ ਵਿਚ ਨਿਸ਼ਚਤ ਕੀਤਾ ਗਿਆ ਹੈ। ਹਰ ਇਕ ਯਥਾਰਥਵਾਦੀ ਲੇਖਕ ਵਸਤੂ ਜਗਤ ਦੇ ਵਾਸਤਵਿਕ ਵੇਰਵਿਆਂ ਨੂੰ ਨਾਵਲ ਸਿਰਜਣਾ ਵਿਚ ਰੂਪਾਂਤਰਿਤ ਕਰਦਾ ਹੈ। ਇਨ੍ਹਾਂ ਵੇਰਵਿਆਂ ਨੂੰ ਨਾਵਲਕਾਰ ਜਿਸ ਰੂਪ ਜਾਂ ਵਿਉਂਤ ਵਿਚ ਵਰਤ ਕੇ ਰਚਨਾ ਦੇ ਅਰਥ ਉਤਪਾਦਨ ਕਰਦਾ ਹੈ ਉਹੀ ਲੇਖਕ ਦੀ ਨਾਵਲ ਦ੍ਰਿਸ਼ਟੀ ਹੁੰਦੀ ਹੈ। ਇਸ ਪ੍ਰਕਾਰ ਕੁੱਸੇ ਦੀ ਨਾਵਲ ਦ੍ਰਿਸ਼ਟੀ ਨੂੰ ਪ੍ਰਕ੍ਰਿਤਿਕਵਾਦੀ ਆਖਣਾ ਠੀਕ ਨਹੀਂ ਜਾਪਦਾ ਇਸ ਸੰਬੰਧ ਵਿਚ ਡਾ.ਕੇਸਰ ਦਾ ਮਤ ਵਧੇਰੇ ਤਰਕ ਸੰਗਤ ਹੈ।

### 1.1.4 ਸਿੱਟਾ

ਕਰਮਜੀਤ ਸਿੰਘ ਕੁੱਸਾ ਦੀ ਤ੍ਰਾਸਦਕ ਰਚਨਾ ਦੇ ਗਲਪੀ ਪੈਰਾਡਾਈਮ ਦਾ ਇਕ ਕੇਂਦਰੀ ਤੱਤ ਇਹ ਹੈ ਕਿ ਉਸਦੀ ਗਲਪ-ਦ੍ਰਿਸ਼ਟੀ ਦਾ ਮਾਨਵਵਾਦੀ ਪਰਿਪੇਖ ਜ਼ਿੰਦਗੀ ਦੇ ਯਥਾਰਥ ਨੂੰ ਸਹੀ ਤੇ ਵਾਸਤਵਿਕ ਰੂਪ ਵਿਚ ਦੇਖਣ ਤੇ ਗ੍ਰਹਿਣ ਕਰਨ ਦੇ ਸਮਰਥ ਹੈ। ਕੁੱਸਾ ਵਾਸਤਵਿਕਤਾ ਦੇ ਬੇਲੋੜ ਵੇਰਵਿਆਂ ਵਿਚ ਜਾਣ ਦੀ ਥਾਂ ਇਕ ਗਤੀਸ਼ੀਲ ਬਿੰਬ ਅਤੇ ਵਿਜ਼ਨ ਸਿਰਜਣ ਦੇ ਸਮਰਥ ਹੈ। ਜਿਸ ਕਰਕੇ 'ਰੋਹੀ ਬੀਆਬਾਨ' ਨਾਵਲ ਵਿਚ ਯਥਾਰਥਵਾਦੀ ਗਲਪ ਜੁਗਤਾਂ ਦਾ ਸਫਲਤਾ ਪੂਰਵਕ ਉਪਯੋਗ ਹੋਇਆ ਹੈ। ਇਸਦੇ ਨਾਲ ਹੀ ਸਮਕਾਲੀ ਪੇਂਡੂ ਪੰਜਾਬੀ ਜੀਵਨ ਨੂੰ ਇਤਿਹਾਸਕ ਗਤੀ ਵਿਚ ਰੱਖਕੇ ਪੇਸ਼ ਕੀਤਾ ਗਿਆ ਹੈ ਜਿਸ ਨਾਲ ਇਹ ਰਚਨਾ ਇਕ ਇਤਿਹਾਸਕ ਦਸਤਾਵੇਜ਼ ਹੋ ਨਿਬੜੀ ਹੈ।

### 1.1.5 ਅਭਿਆਸ ਲਈ ਪ੍ਰਸ਼ਨ

1. ਕਰਮਜੀਤ ਸਿੰਘ ਕੁੱਸਾ ਰਚਿਤ 'ਰੋਹੀ ਬੀਆਬਨ' ਕਿਸ ਸਮੱਸਿਆ ਤੇ ਫੋਕਸ ਕਰਦਾ ਹੈ? ਵਿਸਥਾਰਸਹਿਤ ਲਿਖੋ।
2. ਕਰਮਜੀਤ ਸਿੰਘ ਕੁੱਸਾ ਰਚਿਤ 'ਰੋਹੀ ਬੀਆਬਨ' ਵਿੱਚ ਛੋਟੀ ਕਿਰਸਾਨੀ ਨਾਲ ਸੰਬੰਧਤ ਕੋਈ ਦੋ ਮਹੱਤਵਪੂਰਣ ਘਟਨਾਵਾਂ ਲਿਖੋ।

### 1.1.6 ਸਹਾਇਕ ਪੁਸਤਕ ਸੂਚੀ

ਰੋਹੀ ਬੀਆਬਾਨ – ਕਰਮਜੀਤ ਸਿੰਘ ਕੁੱਸਾ

ਕਰਮਜੀਤ ਸਿੰਘ ਕੁੱਸਾ ਦੇ ਨਾਵਲ : ਬਿਰਤਾਂਤ ਚੇਤਨਾ ਦੇ ਪਾਸਾਰ – ਡਾ. ਬਲਦੇਵ ਸਿੰਘ ਧਾਲੀਵਾਲ

**Converted in Self Learning Mode by Dr. Gurpreet Kaur Brar**
**Last Update May, 2023**

ਪਾਠ ਨੰਬਰ :1.2 ਲੇਖਕ: ਡਾ.ਬਲਜੀਤ ਕੌਰ ਬਲੀ

# ਕਰਮਜੀਤ ਸਿੰਘ ਕੁੱਸਾ ਦੇ ਨਾਵਲ ਰੋਹੀ ਬੀਆਬਾਨ ਦੀ ਪਾਤਰ ਉਸਾਰੀ ਅਤੇ ਪ੍ਰਮੁੱਖ ਪਾਤਰਾਂ ਨਾਲ ਜਾਣ ਪਹਿਚਾਣ

1.2.1 ਪਾਠ ਦਾ ਉਦੇਸ਼
1.2.2 ਭੂਮਿਕਾ
1.2.3 ਪਾਠ ਦੀ ਰੂਪ-ਰੇਖਾ
    1.2.3.1 ਰੂਪ-ਰਚਨਾ ਦੀ ਦ੍ਰਿਸ਼ਟੀ ਤੋਂ ਪੰਜਾਬੀ ਨਾਵਲ ਦੀ ਵਰਗ-ਵੰਡ
    1.2.3.2 ਰੋਹੀ-ਬੀਆਬਾਨ ਨਾਵਲ ਦੇ ਪਾਤਰ
1.2.4 ਸਿੱਟਾ
1.2.5 ਅਭਿਆਸ ਲਈ ਪ੍ਰਸ਼ਨ
1.2.6 ਸਹਾਇਕ ਪੁਸਤਕ ਸੂਚੀ

## 1.2.1 ਪਾਠ ਦਾ ਉਦੇਸ਼

ਕੋਈ ਵੀ ਨਾਵਲ ਸਿਰਜਣਾ ਇਕ ਅਖੰਡ ਸਿਰਜਣਾ ਹੁੰਦੀ ਹੈ। ਨਾਵਲ ਦੇ ਸਾਰੇ ਤੱਤ, ਕਥਾਨਕ, ਵਿਸ਼ਾ ਵਸਤੂ, ਪਾਤਰ-ਉਸਾਰੀ, ਬੋਲੀ ਸ਼ੈਲੀ ਆਦਿ ਇਕ ਦੂਜੇ ਵਿਚ ਮਿਲੇ ਹੁੰਦੇ ਹਨ। ਪਰੰਤੂ, ਇਨ੍ਹਾਂ ਦੀ ਆਪਣੀ ਇਕ ਵੱਖਰੀ ਹੋਂਦ ਵੀ ਹੁੰਦੀ ਹੈ। ਨਾਵਲ ਦਾ ਵਿਸ਼ਲੇਸ਼ਣ ਕਰਨ ਲੱਗਿਆਂ ਇਨ੍ਹਾਂ ਨੂੰ ਵੱਖਰੇ ਵੱਖਰੇ ਰੂਪ ਵਿਚ ਨਹੀਂ ਲਿਆ ਜਾਂਦਾ ਬਲਕਿ ਸਮੁੱਚੀ ਰਚਨਾ ਦੇ ਸੰਧਰਭ ਵਿਚ ਹੀ ਵੇਖਿਆ ਜਾਂਦਾ ਹੈ। ਇਨ੍ਹਾਂ ਨਾਵਲੀ ਤੱਤਾਂ ਦਾ ਵੱਖਰੇ ਵੱਖਰੇ ਰੂਪ ਵਿਚ ਅਧਿਆਨ ਕਰਨ ਵਾਲੀ ਵਿਧੀ ਰਵਾਇਤੀ ਵਿਧੀ ਹੈ। ਕੇਵਲ ਅਧਿਐਨ ਦੀ ਸੁਵਿਧਾ ਲਈ ਅਤੇ ਪ੍ਰੀਖਿਆ ਦੀਆਂ ਲੋੜਾਂ ਅਨੁਸਾਰ ਇਸ ਵਿਧੀ ਦਾ ਪ੍ਰਯੋਗ ਕੀਤਾ ਜਾਂਦਾ ਹੈ।

## 1.2.2 ਭੂਮਿਕਾ

'ਰੋਹੀ ਬੀਆਬਾਨ' ਨਾਵਲ ਦੇ ਪਾਤਰਾਂ ਨੂੰ ਸਮੁੱਚੇ ਰੂਪ ਵਿਚ ਤਿੰਨ ਵਰਗਾਂ ਵਿਚ ਵੰਡਿਆ ਜਾ ਸਕਦਾ ਹੈ। ਪ੍ਰਤੀਕਾਤਮਕ ਪੱਧਰ ਤੇ ਨਾਵਲਕਾਰ ਨੇ ਇਨ੍ਹਾਂ ਪਾਤਰਾਂ ਨੂੰ 'ਜੀਪਾਂ ਵਾਲੇ', 'ਟਰੈਕਟਰਾਂ ਵਾਲੇ' ਤੇ 'ਕੈਨਾਂ ਵਾਲੇ' ਵਿਚ ਵੰਡਿਆ ਹੈ। 'ਕੈਨਾਂ ਵਾਲੇ' ਛੋਟੀ ਕਿਰਸਾਣੀ ਨਾਲ ਸੰਬੰਧਤ ਪਾਤਰ ਹਨ। ਇਹ ਪਾਤਰ ਗਿੰਦਰ, ਮਹਿੰਦਰੋ, ਗੋਰਾ ਅਤੇ ਇਨ੍ਹਾਂ ਦਾ ਸਮੁੱਚਾ ਕੋੜਮਾ ਹੈ। ਲੇਖਕ ਨੇ ਇਨ੍ਹਾਂ ਪਾਤਰਾਂ ਰਾਹੀਂ ਛੋਟੀ ਕਿਰਸਾਣੀ ਦੇ ਨਿਘਾਰਗ੍ਰਸਤ ਆਰਥਿਕ ਸਭਿਆਚਾਰ ਸੰਕਟਾਂ ਨੂੰ ਪੇਸ਼ ਕੀਤਾ ਹੈ। ਜੋ ਆਪਣੀ ਹੋਂਦ ਲਈ ਜੀਵਨ ਮੌਤ ਦਾ ਸੰਘਰਸ਼ ਲੜ ਰਹੇ ਹਨ। 'ਟਰੈਕਟਰਾਂ ਵਾਲੇ' ਦਰਮਿਆਨੀ ਕਿਰਸਾਣੀ ਦੇ ਪਾਤਰ ਹਨ। ਇਸਦਾ ਪ੍ਰਤੀਨਿਧ ਰੂਪ ਸਾਧੂ ਅਤੇ ਉਸਦਾ ਪਰਿਵਾਰ ਹੈ। ਇਸ ਵਰਗ ਦੇ ਪਾਤਰ ਵੀ ਛੋਟੀ ਕਿਰਸਾਣੀ ਦੇ ਪਾਤਰਾਂ ਵਾਂਗ ਹੀ ਥੁੜਾਂ ਵਾਲਾ ਜੀਵਨ ਬਤੀਤ ਕਰਦੇ ਹਨ। ਇਨ੍ਹਾਂ ਪਾਤਰਾਂ ਦਾ ਜੀਵਨ ਪੱਧਰ ਬਹੁਤ ਨੀਵਾਂ ਹੈ। ਇਹ ਵਰਗ ਆਪਣੇ ਬੱਚਿਆਂ ਨੂੰ 'ਲੱਸੀ ਨਾਲੋਂ ਭੈੜਾ ਦੁੱਧ' ਅਤੇ 'ਫੋਕੇ ਪਾਣੀ ਵਰਗੀ ਮੂੰਗੀ ਦੀ ਦਾਲ' ਖਵਾਕੇ ਪਾਲਦੇ ਹਨ। 'ਜੀਪਾਂ ਵਾਲੇ' ਅਮੀਰ ਕਿਸਮ ਦੇ ਪਾਤਰ ਹਨ। ਇਹ ਅਮੀਰ ਜ਼ਿੰਮੀਦਾਰਾਂ ਦੇ ਪ੍ਰਤੀਨਿਧ ਪਾਤਰ ਹਨ। ਹਰੀ ਕ੍ਰਾਂਤੀ ਉਪਰੰਤ ਇਸ ਵਰਗ ਦੇ ਪਾਤਰਾਂ ਨੇ ਸਭ ਤੋਂ ਵਧ ਲਾਭ ਉਠਾਇਆ ਹੈ। ਪੈਟਰੋਲ ਪੰਪ ਉਤੇ ਸਿਰਜੀ ਗਈ ਘਟਨਾ ਰਾਹੀਂ ਲੇਖਕ ਨੇ ਇਸ ਵਰਗ ਦੇ ਕਿਰਦਾਰ

ਨੂੰ ਪ੍ਰਗਟ ਕੀਤਾ ਹੈ। ਇਹ ਉਹ ਪਾਤਰ ਹਨ ਜਿਨ੍ਹਾਂ ਕੋਲ ਅਣ ਕਮਾਇਆ ਧਨ ਆ ਜਾਣ ਕਰਕੇ ਇਹ ਉਸ ਧਨ ਦੀ ਕੁਵਰਤੋਂ ਕਰਦੇ ਹੋਏ ਗੁੰਡੇ ਪਾਲਦੇ ਅਤੇ ਦੂਜੇ ਵਰਗਾਂ ਉਤੇ ਆਪਣੀ ਸਰਦਾਰੀ ਕਾਇਮ ਕਰਦੇ ਹਨ।

## 1.2.3 ਪਾਠ ਦੀ ਰੂਪ-ਰੇਖਾ

### 1.2.3.1 ਰੂਪ-ਰਚਨਾ ਦੀ ਦ੍ਰਿਸ਼ਟੀ ਤੋਂ ਪੰਜਾਬੀ ਨਾਵਲ ਦੀ ਵਰਗ-ਵੰਡ

ਪੰਜਾਬੀ ਨਾਵਲ ਨੂੰ ਰੂਪ-ਰਚਨਾ ਦੀ ਦ੍ਰਿਸ਼ਟੀ ਤੋਂ ਤਿੰਨ ਵਰਗਾਂ ਵਿਚ ਵੰਡਿਆ ਜਾ ਸਕਦਾ ਹੈ। ਪਹਿਲੇ ਵਰਗ ਵਿਚ ਪਰੰਪਰਕ ਦ੍ਰਿਸ਼ਟੀ ਵਾਲੇ ਨਾਵਲ ਆਉਂਦੇ ਹਨ। ਦੂਜੇ ਵਰਗ ਵਿਚ ਆਧੁਨਿਕ ਦ੍ਰਿਸ਼ਟੀ ਵਾਲੇ। ਤੀਜਾ ਵਰਗ ਵਿਸ਼ੁੱਧ ਯਥਾਰਥਵਾਦੀ ਨਾਵਲਾਂ ਦਾ ਹੈ। ਡਾ. ਰਾਹੀ ਵਿਸ਼ੁਧ ਯਥਾਰਥਵਾਦੀ ਨਾਵਲ ਨੂੰ ਪ੍ਰਤੀਰੂਪਕ ਗਲਪ ਦਾ ਨਾਂ ਦਿੰਦਾ ਹੈ। ਪੰਜਾਬੀ ਨਾਵਲ ਸਿਰਜਣਾ ਦੇ ਇਨ੍ਹਾਂ ਤਿੰਨੇ ਵਰਗਾਂ ਦੀ ਰਚਨਾ ਦ੍ਰਿਸ਼ਟੀ ਦੇ ਅੰਤਰ ਕਰਕੇ ਤਿੰਨੇ ਵਰਗਾਂ ਵਿਚ ਪਾਤਰ ਉਸਾਰੀ ਦੀਆਂ ਵਿਧੀਆਂ ਵਿਚ ਵੀ ਭਿੰਨਤਾ ਹੁੰਦੀ ਹੈ। ਪੰਜਾਬੀ ਦਾ ਪਰੰਪਰਕ ਨਾਵਲ ਵਿਸ਼ੇਸ਼ ਮਨੋਰਥ ਅਧੀਨ ਰਚਿਆ ਗਿਆ ਹੈ। ਇਸ ਵਿਧੀ ਦਾ ਪ੍ਰਯੋਗ ਭਾਈ ਵੀਰ ਸਿੰਘ, ਨਾਨਕ ਸਿੰਘ ਅਤੇ ਕੰਵਲ ਦੇ ਨਾਵਲਾਂ ਵਿਚ ਕੀਤਾ ਗਿਆ ਹੈ। ਨਾਵਲ ਦੀ ਸਿਰਜਣਾ ਕਿਸੇ ਵਿਸ਼ੇਸ਼ ਮਨੋਰਥ ਅਧੀਨ ਕੀਤੀ ਹੋਣ ਕਰਕੇ ਇਸਦੇ ਪਾਤਰ ਜਾਂ ਤਾਂ ਧਾਰਮਕ ਸੁਧਾਰਵਾਦ ਦੇ ਕਾਰਜ ਵਿਚ ਜੁੜੇ ਸ਼ਹੀਦ ਹੁੰਦੇ ਹਨ ਜਾਂ ਅਧਾਰਮਿਕ ਬ੍ਰਿਤੀ ਵਾਲੇ ਖਲਨਾਇਕ। ਇਨ੍ਹਾਂ ਪਾਤਰਾਂ ਨੂੰ ਬਾਹਰਮੁਖੀ ਵਿਧੀ ਰਾਹੀਂ ਚਿੱਤਰਿਆ ਜਾਂਦਾ ਹੈ। ਜਿਸਨੂੰ ਵਰਨਣਾਤਮਕ ਵਿਧੀ ਕਿਹਾ ਜਾਂਦਾ ਹੈ। ਲੇਖਕ ਆਪਣੇ ਵਲੋਂ ਹੀ ਪਾਤਰਾਂ ਦਾ ਹੁਲੀਆਂ ਉਨ੍ਹਾਂ ਦੀ ਸਰੀਰਕ ਮਾਨਸਿਕ ਬਣਤਰ ਬਾਰੇ ਵਰਨਣ ਕਰਦਾ ਹੈ। ਦੂਜੀ ਵਿਧੀ ਇਹ ਹੈ ਕਿ ਇਸ ਵਿਚ ਲੇਖਕ ਆਪਣੇ ਮਨੋਰਥ ਦੀ ਸਿਧੀ ਲਈ ਮਨੋਕਲਪਿਤ ਘਟਨਾਵਾਂ ਦੀ ਸਿਰਜਣਾ ਕਰਦਾ ਹੈ ਤਾਂ ਜੋ ਪਾਤਰ ਦੇ ਵਿਸ਼ੇਸ਼ ਅਤੇ ਪ੍ਰਤੀਨਿਧ ਰੂਪ ਨੂੰ ਸਿਰਜਿਆ ਜਾ ਸਕੇ। ਕੋਈ ਵਿਸ਼ੇਸ਼ ਸੁਭਾ ਨਹੀਂ।

ਪੰਜਾਬੀ ਨਾਵਲ ਦਾ ਦੂਜਾ ਵਰਗ ਆਧੁਨਿਕ ਨਾਵਲਾਂ ਦਾ ਹੈ। ਇਨ੍ਹਾਂ ਨਾਵਲਾਂ ਵਿਚ ਲੇਖਕ ਪਾਤਰ ਦੇ ਮਾਨਸਿਕ ਜੀਵਨ ਉਤੇ ਕੇਂਦਰਿਤ ਰਹਿੰਦਾ ਹੈ। ਬਾਹਰਮੁਖੀ ਘਟਨਾਵਾਂ ਦੀ ਸਿਰਜਣਾ ਨਹੀਂ ਹੁੰਦੀ। ਲੇਖਕ ਦਾ ਉਦੇਸ਼ ਪਾਤਰ ਦੇ ਮਾਨਸਿਕ ਉਤਰਾਵਾਂ ਚੜ੍ਹਾਵਾਂ ਨੂੰ ਪੇਸ਼ ਕਰਨਾ ਹੁੰਦਾ ਹੈ। ਅਹਿਜੇ ਨਾਵਲਾਂ ਵਿਚ ਘਟਨਾਵਾਂ ਸਿਰਜੀਆਂ ਨਹੀਂ ਜਾਂਦੀਆਂ ਬਲਕਿ ਘਟਨਾਵਾਂ ਦੀ ਸੂਚਨਾ ਦੇ ਕੇ ਪਾਤਰਾਂ ਦੇ ਮਾਨਸਿਕ ਜਗਤ ਉਤੇ ਪਏ ਪ੍ਰਭਾਵਾਂ ਨੂੰ ਬਿਆਨ ਕੀਤਾ ਜਾਂਦਾ ਹੈ। ਇਨ੍ਹਾਂ ਨਾਵਲਾਂ ਵਿਚ ਵਧੇਰੇ ਪ੍ਰਮੁੱਖਤਾ ਪਾਤਰਾਂ ਅਤੇ ਪਾਤਰ ਉਸਾਰੀ ਨੂੰ ਦਿਤੀ ਜਾਂਦੀ ਹੈ ਪਲਾਟ ਨੂੰ ਨਹੀਂ। ਇਨ੍ਹਾਂ ਨਾਵਲਾਂ ਵਿਚ ਚੇਤਨਾ ਪ੍ਰਵਾਹ ਦੀ ਵਿਧੀ ਦਾ ਪ੍ਰਯੋਗ ਕੀਤਾ ਜਾਂਦਾ ਹੈ। ਇਨ੍ਹਾਂ ਨਾਵਲਾਂ ਵਿਚ ਪਾਤਰ ਉਸਾਰੀ ਲਈ ਮਨੋਵਿਸ਼ਲੇਸ਼ਣਾਤਮਕ ਵਿਧੀ ਦੀ ਵਰਤੋਂ ਕੀਤੀ ਜਾਂਦੀ ਹੈ। ਇਸ ਵਿਚ ਪਾਤਰਾਂ ਦੇ ਇਕ ਪਾਸੜ ਯਥਾਰਥ ਨੂੰ ਹੀ ਚਿੱਤਰਿਆ ਜਾਂਦਾ ਹੈ।

ਤੀਜਾ ਵਰਗ ਸ਼ੁੱਧ ਯਥਾਰਥ ਵਾਦੀ ਨਾਵਲਾਂ ਦਾ ਹੈ। ਇਨ੍ਹਾਂ ਨਾਵਲਾਂ ਦੀ ਸਿਰਜਣਾ ਵਿਚ ਕੋਈ ਸਿਧਾਂਤਕ ਮਨੋਰਥ ਨਹੀ ਹੁੰਦਾ ਬਲਕਿ ਨਾਵਲਕਾਰ ਦਾ ਪ੍ਰਮੁੱਖ ਮਨੋਰਥ ਪਾਤਰ ਦੇ ਜੀਵਨ ਦੇ ਯਥਾਰਥ ਅਤੇ ਵਾਸਤਵਿਕ ਸੱਥਿਤੀਆਂ ਨੂੰ ਪੇਸ਼ ਕਰਨਾ ਹੁੰਦਾ ਹੈ। ਇਸ ਕਰਕੇ ਨਾਵਲਕਾਰ ਪਾਤਰ ਦੇ ਪਰਿਪੇਖ ਨੂੰ ਜੀਵਨਮਈ ਘਟਨਾਵਾਂ ਰਾਹੀਂ ਸਿਰਜਦਾ ਹੈ। ਇਹ ਘਟਨਾਵਾਂ ਸਿਰਜਤ ਹੁੰਦੀਆਂ ਹਨ ਮਨੋਕਲਪਿਤ ਨਹੀਂ। ਇਨ੍ਹਾਂ ਨਾਵਲਾਂ ਦਾ ਸਿਰਜਣ ਵਰਨਣਾਤਮਕ ਵਿਧੀ ਦੀ ਵਰਤੋਂ ਕਰਦਾ ਹੈ। ਵਰਨਣਾਤਮਕ ਵਿਧੀ ਦਾ ਪ੍ਰਯੋਗ ਪਾਤਰਾਂ ਦੇ ਜੀਵਨ ਸਮਾਚਾਰਾਂ ਦੇ ਬਾਹਰਮੁਖੀ ਪਰਿਪੇਖ ਨੂੰ ਸਿਰਜਦਾ ਹੈ। ਪਾਤਰਾਂ ਦੇ ਮਾਨਸਿਕ ਜਗਤ ਦੀਆਂ ਕ੍ਰਿਆਵਾਂ ਪ੍ਰਤੀਕ੍ਰਿਆਵਾਂ ਬਾਹਰਮੁਖੀ ਪਰਿਪੇਖ ਅਧੀਨ ਹੀ ਹੋਂਦ ਵਿਚ ਆਉਂਦੀਆਂ ਹਨ। ਇਹੋ ਕਾਰਨ ਹੈ ਕਿ ਇਹ ਨਾਵਲ ਲੋੜ ਅਨੁਸਾਰ ਵਰਨਣਾਤਮਕ ਅਤੇ ਵਿਸ਼ਲੇਸ਼ਣਾਤਮਕ ਦੋਹਾਂ ਵਿਧੀਆਂ ਦੀ ਵਰਤੋਂ ਕਰਦਾ ਹੈ। ਕਰਮਜੀਤ ਸਿੰਘ ਕੁੱਸਾ ਦਾ ਨਾਵਲ 'ਰੋਹੀਬੀਆਬਾਨ' ਸ਼ੁੱਧ ਯਥਾਰਥਵਾਦੀ ਦੇ ਵਰਗ ਵਿਚ ਆਉਣ ਵਾਲਾ ਨਾਵਲ ਹੋਣ ਕਰਕੇ ਦੋਹਾਂ ਵਿਧੀਆਂ ਦੀ ਵਰਤੋਂ ਕਰਦਾ ਹੈ।

### 1.2.3.2 ਰੋਹੀ-ਬੀਆਬਾਨ ਨਾਵਲ ਦੇ ਪਾਤਰ

'ਰੋਹੀ ਬੀਆਬਾਨ' ਨਾਵਲ ਵਿਚ ਪੇਸ਼ ਮਹਿੰਦਰੋਂ ਅਤੇ ਗਿੰਦਰ ਦੇ ਪਰਿਵਾਰ ਦੇ ਮੈਂਬਰ ਆਰਥਕ ਸੰਕਟ ਦੇ ਨਾਲ ਨਾਲ ਮਾਨਸਕ ਸੰਕਟ ਅਤੇ ਮਨੁਖੀ ਹੋਂਦ ਦੇ ਸੰਕਟ ਨੂੰ ਵੀ ਭੋਗਦੇ ਹਨ। ਇਨ੍ਹਾਂ ਪਾਤਰਾਂ ਦਾ ਮਾਨਸਿਕ ਕਲੇਸ਼

ਪਦਾਰਥਕ ਕਲੇਸ਼ ਦੇ ਪਰਿਪੇਖ ਵਿਚ ਚਿੱਤਰਿਆ ਗਿਆ ਹੈ। ਇਹੋ ਕਾਰਨ ਹੈ ਕਿ ਲੇਖਕ ਨੇ ਵਰਨਣਾਤਮਕ ਅਤੇ ਵਿਸ਼ਲੇਸ਼ਣਾਤਮਕ ਦੋਹਾਂ ਵਿਧੀਆਂ ਦੀ ਸਿਰਜਣਾ ਰਾਹੀਂ ਪਾਤਰਾਂ ਦੀ ਪਾਤਰ ਉਸਾਰੀ ਕੀਤੀ ਹੈ। ਵਰਨਣਾਤਮਕ ਵਿਧੀ ਦੀ ਪਹਿਲੀ ਮਿਸਾਲ ਇਹ ਹੈ ਕਿ ਲੇਖਕ ਮਹੱਤਵਪੂਰਨ ਪਾਤਰਾਂ ਦੀ ਸਰੀਰਕ ਦਿਖ ਦੀ ਸਿਰਜਣਾ ਕਰਦਾ ਹੈ। ਜਿਵੇਂ, ਮਹਿੰਦਰੋਂ ਦੇ ਸਰੀਰ ਬਾਰੇ ਟਿੱਪਣੀ, 'ਥੁਲ ਥੁਲ' ਕਰਦਾ ਸਰੀਰ ਤੇ ਗਿੰਦਰ ਦੀਆਂ ਪਿੰਜਣੀਆਂ ਦੀਆਂ ਉਭਰੀਆਂ ਹੋਈਆਂ ਨਾੜਾਂ ਤੇ ਕਰਚਿਆਂ ਵਾਂਗ ਖੜੇ ਲੱਤਾਂ ਦੇ ਵਾਲਾਂ ਦੀ ਪੇਸ਼ਕਾਰੀ ਕਰਦਾ ਹੋਇਆ ਲਿਖਦਾ ਹੈ:

"ਲੱਤਾਂ ਉਤੇ ਉਭਰੀਆਂ ਨਾੜਾਂ ਜਵਾਨੀ ਜਾਣ ਉਤੇ ਦਿਸਣ ਲੱਗ ਪਈਆਂ ਹਨ। ਕੁਝ ਦਿਨ ਪਹਿਲਾਂ ਪਛਨੇ ਨਾਲ ਨਾਈ ਤੋਂ ਲੁਹਾਏ ਵਾਲ ਹੁਣ ਵਾਹਵਾ ਉੱਗ ਆਏ ਸਨ। ਸਿਰ ਨੰਗਾ ਤੇ ਗਲ ਚਾਰਖਾਨੇ ਦਾ ਹੰਢਿਆ ਹੋਇਆ ਕੁਰਤਾ। ਸਭ ਤੋਂ ਵੱਧ ਡਾਕਟਰ ਨੂੰ ਉਸਦੀ ਮੈਲੀ ਜਿਹੀ ਤੇ ਪੁਰਾਣੀ ਕਾਲੀ ਨੀਕੱਰ ਭੈੜੀ ਜਾਪੀ।"

ਇਸੇ ਤਰ੍ਹਾਂ ਗੋਰੇ ਦੀ ਵੱਧਦੀ ਉਮਰ ਬਾਰੇ ਇਸ ਵਿਧੀ ਦੀ ਵਰਤੋਂ ਕੀਤੀ ਹੈ:

"ਪਿਛਲੇ ਵਰ੍ਹੇ ਨਾਲੋਂ ਕਾਫ਼ੀ ਲੰਬਾ ਹੋ ਗਿਆ ਸੀ, ਰੰਗ ਪੀਲਾ ਵਿਸਾਰ ਵਰਗਾ ਤੇ ਜਾਭਾਂ ਸੁੱਕੀਆਂ ਤੇ ਧਸੀਆਂ। ਦਾਹੜੀ ਅਜੇ ਉਤਰੀ ਨਹੀਂ ਸੀ, ਪਰ ਦੂਸਰਿਆਂ ਦੀ ਰੀਸੇ ਐਂਵੇ ਹੀ ਪਛਨਾ ਫਿਰਾਕੇ ਗੱਲਾਂ ਕਚਰੇ ਵਰਗੀਆਂ ਕੱਢੀਆਂ ਹੋਈਆਂ ਸਨ। ਬੁੱਲ੍ਹਾਂ ਉਪਰ ਫੁੱਟ ਦੀ ਮੱਸ ਦੇ ਕੂਲੇ ਵਾਲਾਂ ਦੀਆਂ ਵੀ ਕੋਨਾਂ ਕੱਢੀਆਂ ਹੋਈਆਂ ਸਨ ਤੇੜ ਲਾਲ ਗੂਹੜਾ ਕਮੀਜ਼ ਪਜ਼ਾਮਾ ਪਾਇਆ ਹੋਇਆ ਤੇ ਸਿਰ ਤੇ ਹਰਾ ਚਾਰਖਾਨੇ ਦਾ ਦੁੱਪਟਾ ਲਪੇਟਿਆ ਹੋਇਆ।"

ਨਾਵਲਕਾਰ ਨੇ ਭਾਵੇਂ ਲੋੜ ਅਨੁਸਾਰ ਵਰਨਣਾਤਮਕ ਵਿਧੀ ਰਾਹੀਂ ਮਹੱਤਵਪੂਰਨ ਪਾਤਰਾਂ ਦੀ ਬਾਹਰੀ ਦਿਖ ਬਾਰੇ ਪੇ ਸ਼ਕਾਰੀ ਕੀਤੀ ਹੈ ਪਰੰਤੂ, ਪ੍ਰਮੁੱਖ ਪਾਤਰ ਮਹਿੰਦਰੋ, ਗਿੰਦਰ ਅਤੇ ਗੋਰੇ ਦੀ ਮਾਨਸਿਕ ਸਥਿਤੀ ਨੂੰ ਪੇਸ਼ ਕਰਨ ਲਈ ਉਸਨੇ ਬਾਹਰੀ ਸਥਿਤੀਆਂ ਦੇ ਪ੍ਰਤੀਕਰਮ ਵਜੋਂ ਉਨ੍ਹਾਂ ਦੀ ਮਾਨਸਿਕਤਾ ਵਿਚ ਆਏ ਵਿਗਾੜ ਨੂੰ ਯਥਾਰਥਕ ਰੂਪ ਵਿਚ ਪੇਸ਼ ਕੀਤਾ ਹੈ। ਲੇਖਕ ਮਹਿੰਦਰੋ ਦੀ ਮਾਨਸਿਕਤਾ ਉਤੇ ਪੈਂਦੇ ਪਦਾਰਥਵਾਦੀ ਦਬਾਉ ਦੇ ਯਥਾਰਥ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕਰਦਾ ਹੈ। ਮਹਿੰਦਰੋਂ ਮਨ ਵਿਚ ਆਰਥਿਕਤਾ ਤੇ ਨੈਤਿਕਤਾ ਦੇ ਦਵੰਧ ਨੂੰ ਪੇਸ਼ ਕਰਦਿਆਂ ਲੇਖਕ ਨੇ ਮਹਿੰਦਰੋਂ ਨੂੰ ਨੈਤਿਕ ਮੁੱਲਾਂ ਦੀ ਧਾਰਨੀ ਦਰਸਾਇਆ ਹੈ।

"ਘੋਅਟੀ ਨੇ ਫੇਰ ਵੀ ਕਈ ਵਾਰ ਦਾਅ ਤਕ ਕੇ ਮਹਿੰਦਰੋਂ ਨੂੰ ਚਾਟ ਪਾਉਣੀ ਚਾਹੀ ਪਰ ਉਹ ਤਾਂ ਏਸ ਤਰ੍ਹਾਂ ਸੋਚ ਵੀ ਨਹੀਂ ਸਕਦੀ ਸੀ। ਨਾਲੇ ਹੁਣ ਅੱਲ੍ਹੜ ਉਮਰ ਨਹੀਂ ਸੀ, ਨਹੀਂ ਤਾਂ ਸ਼ਾਇਦ ਉਹ ਕੋਈ ਸਮਝੌਤਾ ਕਰ ਲੈਂਦੀ ........ਜੈਲੀ ਨੇ ਵੀ ਇਕ ਰਾਤ ਹੱਦ ਕਰ ਦਿੱਤੀ ......ਡਰਦੀ ਮਹਿੰਦਰੋਂ ਨਾ ਰੌਲ਼ਾ ਪਾਉਣ ਜੋਗੀ। ਧੱਕਾ ਤਾਂ ਉਹ ਜਰ ਗਈ; ਪਰ ਪੰਜਾਲੀ ਹੇਠ ਧੌਣ ਦੇਕੇ ਬਲਦ ਵਾਂਗ ਉਹਨੂੰ ਤੁਰਨਾ ਨਹੀਂ ਆਉਂਦਾ ਸੀ।"

ਇਸੇ ਤਰ੍ਹਾਂ ਮਹਿੰਦਰੋਂ ਦੀ ਮਾਨਸਿਕ ਤਸਵੀਰ ਹੇਠ ਲਿਖੇ ਵਾਰਤਾਲਾਪ ਰਾਹੀ ਵੇਖੀ ਜਾ ਸਕਦੀ ਹੈ ਜਿਥੋਂ ਉਸਦੇ ਨੈਤਿਕ ਮੁੱਲਾਂ ਦਾ ਪਤਾ ਲਗਦਾ ਹੈ:

"ਜਾਇ ਨੂੰ ਖਾਵੇ ਐਹੋ ਜੀ ਸਰਦਾਰੀ। ਮੈਂ ਤਾਂ ਇਹੋ ਜੇ ਕੰਮ ਦੇ ਛਿੱਤਰ ਨ੍ਹੀ ਮਾਰਦੀ। ਜੁਆਕ ਮੈਂ ਗਿੰਦਰ ਦੇ ਜੰਮ ਲੇ। ਹੁਣ ਥੋਡੇ ਨਾਲ ਖੇਹ ਖਾਵਾਂ? ਨਹੀਂ ਪੁੱਤ ਵਿਆਹੇ ਜਾਣਗੇ, ਨਾ ਵਿਆਹੇ ਜਾਣ ਅਗੇ ਕਿਹੜਾ ਚਾਚੇ ਤਾਏ ਸਾਰੇ ਵਿਆਹੇ ਹੋਏਆ................"

ਪਾਤਰ ਓਸਾਰੀ ਦੀ ਪਰੰਪਰਕ ਵਰਨਣਤਾਮਕ ਵਿਧੀ ਦਾ ਦੂਜਾ ਵੱਡਾ ਪ੍ਰਯੋਜਨ ਪਾਤਰਾਂ ਦੇ ਪ੍ਰਤੀਨਿਧ ਰੂਪ ਦੀ ਸਿਰਜਣਾ ਕਰਨਾ ਹੁੰਦਾ ਹੈ। ਇਸ ਵਿਧੀ ਅਨੁਸਾਰ ਪਾਤਰਾਂ ਨੂੰ ਨਿਸ਼ਚਤ ਸੁਭਾ ਵਾਲੇ ਸਿਰਜਿਆ ਜਾਂਦਾ ਹੈ। ਪਾਤਰ ਉਸਾਰੀ ਤੇ ਘਟਨਾ ਪ੍ਰਬੰਧ ਦੀ ਸਿਰਜਣਾ ਇਕ ਦੂਜੇ ਦੇ ਅਨੁਕੂਲ ਹੁੰਦੀ ਹੈ। ਪਰੰਤੂ, ਯਥਾਰਥਵਾਦੀ ਨਾਵਲ ਵਿਚ ਨਾਵਲਕਾਰ ਦੀ ਮੁਖ ਟੇਕ ਪਰਿਸਥਿਤੀਆਂ ਦੇ ਸਿਰਜਣ ਉਤੇ ਹੁੰਦੀ ਹੈ। ਉਹ ਕਿਸੇ ਵੀ ਖੇਤਰ ਵਿਸ਼ੇਸ਼ ਤੇ ਕਾਲ ਵਿਸ਼ੇਸ਼ ਦੀਆਂ ਪਰਿਸਥਿਤੀਆਂ ਅਨੁਕੂਲ ਹੀ ਪਾਤਰਾਂ ਦੀ ਸਿਰਜਣਾ ਕਰਦਾ ਹੈ। ਇਸ ਪੱਖੋਂ 'ਰੋਹੀ ਬੀਆਬਾਨ' ਦੇ ਇਨ੍ਹਾਂ ਪਾਤਰਾਂ ਤੇ ਪਰਿਸਥਿਤੀਆਂ ਦਾ ਸੰਬੰਧ ਦਵੰਦਾਤਮਕ ਹੈ। ਦੋਵੇਂ ਇਕ ਦੂਜੇ ਨੂੰ ਆਪਣੇ ਅਨੁਸਾਰ ਮੋੜਨ ਅਤੇ ਬਦਲਣ ਲਈ ਯਤਨਸ਼ੀਲ ਹੁੰਦੇ ਹਨ। ਜਿਵੇਂ ਗਿੰਦਰ ਦੀ ਪਰਿਵਾਰਕ ਸਥਿਤੀ ਵਿਚ ਗੋਰੇ ਨੂੰ ਪਹਿਲਾਂ ਪੜ੍ਹਾਈ

ਕਰਵਾਉਣ ਲਈ ਸੰਭਵ ਯਤਨ ਕੀਤੇ ਜਾਂਦੇ ਹਨ। ਜਦੋਂ ਉਸਦੇ ਮਾਂ ਪਿਉ ਦੀ ਪੇਸ਼ ਨਹੀਂ ਜਾਂਦੀ ਤਾਂ ਉਸਨੂੰ ਮਾਮੇ ਨਾਲ ਫੈਕਟਰੀ ਵਿਚ ਕੰਮ ਕਰਨ ਲਈ ਤੋਰਿਆ ਜਾਂਦਾ ਹੈ; ਉਥੋਂ ਨੱਸ ਆਉਣ ਤੇ ਖੇਤੀ ਦੇ ਕੰਮ ਵਿਚ ਮੁਸ਼ੱਕਤ ਕਰਵਾਈ ਜਾਂਦੀ ਹੈ; ਡਰਾਇਵਰੀ ਸਿਖਣ ਲਈ, ਬਾਹਰ ਭੇਜਣ ਲਈ ਆਦਿ ਕਈ ਯਤਨ ਕੀਤੇ ਜਾਂਦੇ ਹਨ ਜਿਹੜੇ ਘਰ ਦੀ ਹਾਲਤ ਤੇ ਸਥਿਤੀਆਂ ਮੁਜਬ ਬੜੇ ਯਥਾਰਥਕ ਜਾਪਦੇ ਹਨ। ਇਸ ਤਰ੍ਹਾਂ ਨਾਵਲ ਦਾ ਘਟਨਾ ਪ੍ਰਬੰਧ ਪਾਤਰ ਉਸਾਰੀ ਅਨੁਸਾਰ ਸਿਰਜਿਆ ਗਿਆ ਹੈ।

"ਰੋਹੀ ਬੀਆਬਾਨ" ਆਲੋਚਨਾਤਮਕ ਯਥਾਰਥਵਾਦੀ ਨਾਵਲ ਹੈ ਇਸ ਕਰਕੇ ਇਸ ਵਿਚ ਪਾਤਰਾਂ ਦੇ ਨਾ ਹੀ ਤਾਂ ਮਨੋਕਲਪਿਤ ਪ੍ਰਤੀਨਿਧ ਰੂਪ ਦੀ ਸਿਰਜਣਾ ਕੀਤੀ ਗਈ ਹੈ ਅਤੇ ਨਾ ਹੀ ਪਾਤਰਾਂ ਨੂੰ ਵਿਸ਼ੇਸ਼ੀਕ੍ਰਿਤ ਰੂਪ ਵਿਚ ਹੀ ਚਿੱਤਰਿਆ ਗਿਆ ਹੈ। ਇਹ ਪਾਤਰ ਆਪਣੀ ਸ਼੍ਰੇਣੀ ਦੇ ਪ੍ਰਤੀਨਿਧ ਰੂਪ ਵੀ ਹਨ ਅਤੇ ਵਿਸ਼ੇਸ਼ ਮਨੁੱਖੀ ਗੁਣਾ ਵਾਲੇ ਵੀ। ਇਹੋ ਕਾਰਨ ਹੈ ਕਿ ਨਾਵਲਕਾਰ ਪਾਤਰ ਉਸਾਰੀ ਦੀਆਂ ਦੋਹਾਂ ਵਿਧੀਆਂ ਦੀ ਵਰਤੋਂ ਕਰਦਾ ਹੈ। ਨਾਵਲ ਦੇ ਸਾਰੇ ਪ੍ਰਮੁੱਖ ਪਾਤਰ ਮਹਿੰਦਰੋਂ ਗਿੰਦਰ, ਗੋਰਾ ਘੋਅਟੀ, ਜੈਲਾ, ਪਾਲਾ ਆਦਿ ਪਾਤਰਾਂ ਦੀ ਸਿਰਜਣਾ ਇਸੇ ਮਨੋਰਥ ਅਧੀਨ ਕੀਤੀ ਗਈ ਹੈ।

ਪਾਤਰ ਉਸਾਰੀ ਦੀ ਵਿਸ਼ਲੇਸ਼ਣਾਤਮਕ ਵਿਧੀ ਅਨੁਸਾਰ ਪਾਤਰਾਂ ਨੂੰ ਘਟਨਾਵਾਂ ਦੇ ਸਨਮੁੱਖ ਕਰਕੇ ਨਾਵਲਕਾਰ ਪਾਸੇ ਹੋ ਜਾਂਦਾ ਹੈ। ਇਸ ਵਿਧੀ ਅਨੁਸਾਰ ਲੇਖਕ ਆਪਣੇ ਵਲੋਂ ਪਾਤਰਾਂ ਬਾਰੇ ਕੁਝ ਨਹੀਂ ਕਹਿੰਦਾ। ਪਾਤਰ ਉਸਾਰੀ ਦੀ ਇਹ ਵਿਧੀ ਯੋਗ ਅਤੇ ਮਹੱਤਵਪੂਰਨ ਹੈ। 'ਰੋਹੀ ਬੀਆਬਾਨ' ਨਾਵਲ ਵਿਚ ਇਸ ਵਿਧੀ ਦੀ ਵਰਤੋਂ ਦਾ ਪ੍ਰਯੋਗ ਕੀਤਾ ਗਿਆ ਹੈ। ਉਦਾਹਰਨ ਦੇ ਤੌਰ ਤੇ ਜਿਵੇਂ ਗਿੰਦਰ ਅਤੇ ਮਹਿੰਦਰੋਂ ਦੀ ਸਥਿਤੀ ਹੈ। ਉਹ ਇਕਲਾਪੇ ਤੇ ਆਰਥਿਕ ਮਜ਼ਬੂਰੀਆਂ ਕਰਕੇ ਅਤੇ ਘਰਦੇ ਕੰਮਾਂ ਕਾਰਾਂ ਤੋਂ ਅੱਤ ਦੇ ਦੁੱਖੀ ਹੋਕੇ ਜਦੋ ਆਖੇ ਨਾ ਲੱਗਣ ਤੇ ਗੋਰੇ ਨੂੰ ਮਾਰਦੇ ਹਨ ਤਾਂ ਇਨ੍ਹਾਂ ਪਾਤਰਾਂ ਦੇ ਹਰ ਕਿਸਮ ਦੇ ਮਾਨਸਿਕ ਕਲੇਸ਼ ਦਾ ਪਤਾ ਲੱਗਦਾ ਹੈ। ਅੱਕਿਆ ਥੱਕਿਆ ਗਿੰਦਰ ਜਦੋਂ ਗੋਰੇ ਨੂੰ ਹੱਦ ਤੋਂ ਵੱਧ ਮਾਰਦਾ ਹੈ ਤਾਂ ਮਹਿੰਦਰੋਂ ਉਸਨੂੰ ਰੋਕਦੀ ਹੈ। ਗਿੰਦਰ ਉਸਨੂੰ ਗਾਲ੍ਹਾਂ ਕੱਢਦਾ ਹੈ। ਮਹਿੰਦਰ ਇਸ ਤੋਂ ਹੋਰ ਦੁੱਖੀ ਹੁੰਦੀ ਹੈ:

"ਮੈਂ ਤਾਂ ਕੁੱਤੀ ਆਪੇ ਆਂ, ਜਦੋਂ ਥੇਹ ਹੋਣੇ ਮਾਪਿਆਂ ਨੇ ਫੂਕ-ਤੀ ਐਥੇ! ......ਵੱਸ ਪਾ-ਤੀ ਤੇਰੇ !.....। ਚੱਲ, ਮੈਂ ਤਾਂ ਬਣੀਆਂ ਕੱਟਣ-ਨੂੰ ਫਸਗੀ ਸੀ, ਐਹਨਾ ਦੁਸ਼ਟਾਂ ਨੇ ਕਾਹਨੂੰ ਜੰਮਣਾ ਸੀ ਮੇਰੇ! .......ਅਹੁ ਉਜੜ ਜਾਣੇ ਚਾਚੇ ਨੂੰ ਮੈਂ ਤਾਂ ਆਹਨੀਆਂ ਮੰਗਦੇ ਨੂੰ ਟੁੱਕ ਨਾ ਥਿਆਵੇ ..........ਮੈਨੂੰ ਫੂਕਕੇ ਆਪ ਕਿਹੜਾ ਸੁੱਖ ਸੋਊਂਗਾ।"

ਇਸੇ ਤਰ੍ਹਾਂ ਜਦੋਂ ਮਹਿੰਦਰੋਂ ਗੋਰੇ ਨੂੰ ਪੜ੍ਹਨ ਲਈ ਕਹਿੰਦੀ ਹੈ ਤਾਂ ਅਗੋਂ ਗੋਰਾ ਫੁੰਕਾਰਾ ਜਿਹਾ ਮਾਰਕੇ ਆਪਣੀ ਬੀਬੀ ਦੀ ਸਾਂਗ ਲਾਹੁੰਦਾ ਹੋਇਆ ਕਹਿੰਦਾ ਹੈ:

"ਮੂੰਹ ਟੱਡਕੇ ਕਹਿਦੂ ਪੜ੍ਹ ਲਿਆ ਕਰ! ਪੜ੍ਹ ਕਿਹੜੇ ਵੇਲੇ ਲਿਆ ਕਰਾਂ! ਸਕੂਲੋਂ ਔਣ ਨ੍ਹੀ ਦਿੰਦੀ: ਪਹਿਲਾਂ ਮਸ਼ੀਨ ਮੂਹਰੇ ਜੋੜ ਲੈਨੀ ਐ; ਖੇਤੋਂ ਪੱਠੇ ਚਕਾ ਲਿਆ, ਕੁੜੀ ਚੱਕ ਲੈ; ਪਸ਼ੂਆਂ ਨੂੰ ਪਾਣੀ ਪਿਆ- ਅਹੁ ਕਰਦੇ, ਆਹ ਕਰਦੇ, ਸਤਾਰਾਂ ਸੌ ਕੰਮ ਗਿਣਾ ਦਿੰਦੀ ਐ।"

ਇਸ ਵਾਰਤਾਲਾਪ ਤੋਂ ਜਿੱਥੇ ਗੋਰੇ ਦੀ ਮਾਨਸਿਕ ਅਤੇ ਘਰੇਲੂ ਸਥਿਤੀ ਬਾਰੇ ਪਤਾ ਲਗਦਾ ਹੈ ਉਥੇ ਉਸਦੇ ਅਕੇਵਾਂ ਥਕੇਵਾਂ ਤੇ ਉਸ ਦੇ ਨਾਲ ਉਸਦੇ ਮੂੰਹ ਜੋਰ ਹੋਣ ਦਾ ਵੀ ਪਤਾ ਲਗਦਾ ਹੈ। ਇਸਦੇ ਨਾਲ ਹੀ ਆਰਥਿਕ ਮੰਦਹਾਲੀ ਦੀਆਂ ਉਨ੍ਹਾਂ ਕਠੋਰ ਸਥਿਤੀਆਂ ਦਾ ਵੀ ਪਤਾ ਲਗਦਾ ਹੈ ਜਿਨ੍ਹਾਂ ਨੂੰ ਤਨ ਤੇ ਹੰਢਾਉਂਦਿਆਂ ਇਹ ਪਾਤਰ ਅਣਮਨੁੱਖੀ ਵਰਤਾਅ ਕਰਦੇ ਹਨ। ਪਰੰਤੂ, ਇਸਦੇ ਬਾਵਜੂਦ ਇਹ ਪਾਤਰ ਜਿਸ ਸ਼੍ਰੇਣੀ ਦੀ ਪ੍ਰਤੀਨਿੱਧਤਾ ਕਰਦੇ ਹਨ ਉਸ ਸ਼੍ਰੇਣੀ ਦੇ ਕਿਰਦਾਰ ਨੂੰ ਵੀ ਲੇਖਕ ਨੇ ਬੜੀ ਖੂਬੀ ਨਾਲ ਇਸ ਨਾਵਲ ਵਿਚ ਚਿਤਰਿਆ ਹੈ ਕਿ ਨਿਮਨ ਕਿਰਸਾਣੀ ਭਾਵੇਂ ਕਿੰਨੀ ਗਰੀਬੀ ਜਾਂ ਤੰਗਦਸਤੀ ਵਿਚੋਂ ਗੁਜਰ ਰਹੀ ਹੈ ਪਰ ਉਸਦੀ ਜੱਟ ਹਾਉਂਮੇ ਨਹੀਂ ਮਰਦੀ। ਉਹ ਨਾ ਹੀ ਤਾਂ ਸੀਰੀ ਰਲਣ ਲਈ ਤਿਆਰ ਹੁੰਦਾ ਹੈ ਤੇ ਨਾ ਹੀ ਫੈਕਟਰੀ ਦੇ ਮਾਲਕ ਦਾ ਗੋਹਾ ਕੂੜਾ ਕਰਨ ਲਈ। ਗੋਰਾ ਜਦੋਂ ਆਪਣੇ ਮਾਮੇ ਦੇ ਕਹਿਣ ਤੇ ਲੁਧਿਆਣੇ ਬਿਸਕੁਟ ਫੈਕਟਰੀ ਵਿਚ ਲਗਦਾ ਹੈ ਤਾਂ ਉਸਨੂੰ ਮੋਮੀ ਕਾਗਜ਼ ਵਰਗੀਆਂ ਰੋਟੀਆਂ ਖਾਣ ਦੇ ਨਾਲ ਨਾਲ ਮਾਲਕ ਦੀ ਮੱਝ ਦਾ ਗੋਹਾ ਵੀ ਸੁੱਟਣਾ ਪੈਂਦਾ ਹੈ। ਜਿਸਨੂੰ ਸਿੱਟਣ ਲਈ ਉਹ ਕਿਸੇ ਕੀਮਤ ਤੇ ਤਿਆਰ ਨਹੀਂ ਹੁੰਦਾ ਤੇ ਉਥੋਂ ਨੱਠ ਆਉਂਦਾ ਹੈ। ਜਦੋਂ ਮਹਿੰਦਰੋਂ ਨੂੰ ਇਸ

ਗੱਲ ਦਾ ਪਤਾ ਲੱਗਦਾ ਹੈ ਤਾਂ ਉਹ ਭਰਾ ਉਤੇ ਵਰ੍ਹਦੀ ਹੈ:

"ਔਣ ਦੇ ਉਹਨੂੰ ਐਥੇ, ਪੁੱਛੂੰ ਉਹਦਾ ਗੋਤ। ਯੱਦਾ ਹੋਇਆ, ਕੰਮ ਲੱਭਕੇ ਦੇਣ ਦਾ। ਨਾ ਗੋਹਾ ਸਿਟਣੈ ਤਾਂ ਘਰ ਥੋਹੜਾ ? ਆਪਦਾ ਈ ਸਿਟੀ ਜਾਮਾਂਗੇ। ਤੂੰ ਓਸੇ ਸਰਦਾਰ ਦੇ ਮੂੰਹ ਤੇ ਮਾਰਨਾ ਸੀ ਗੋਹੇ ਦਾ ਭਰਿਆ ਬੱਠਲ। ........ਮੈਂ ਤਾਂ ਕਦੇ ਗੋਹਾ ਹਟਾਉਣ ਨੀ ਲਾਏ। ਤੂੰ ਮੇਰੇ ਮੁੰਡੇ ਨੂੰ ਗੋਹਾ ਸਿੱਟਣ ਲਾਵੇ। ਕੋਈ ਨਾ, ਆਵੇ ਸੀ, ਐਤਕੀ! ਪਾੜੂੰ ਉਹਦਾ ਬੱਬਰ। ਕੀੜੇ ਪੈਣਿਐ। ਤੂੰ ਭਰਾ ਬਣਕੇ ਮੇਰੇ ਪੁੱਤ ਨਾਲ ਐ ਕੀਤੀ! ਗੋਹਾ ਤਾਂ ਦੁਸ਼ਮਣ ਵੀ ਨ੍ਹੀ ਸੁਟਾਉਂਦੇ।"

ਨਾਵਲ ਦੇ ਦੂਜੇ ਪ੍ਰਮੁੱਖ ਪਾਤਰਾਂ ਦੀ ਵੀ ਬਹੁਤੀ ਪਾਤਰ ਉਸਾਰੀ ਸਥਿਤੀਆਂ ਅਤੇ ਘਟਨਾਵਾਂ ਦੇ ਸਿਰਜਣ ਰਾਹੀਂ ਹੋਈ ਹੈ। ਇਸ ਨਾਵਲ ਦੇ ਪ੍ਰਮੁੱਖ ਪਾਤਰ; ਗੋਰਾ, ਮਹਿੰਦਰੋ, ਗਿੰਦਰ, ਤੇਲੂ ਅਤੇ ਘੋਅਟੀ ਹਨ। ਇਨ੍ਹਾਂ ਸਾਰੇ ਪਾਤਰਾਂ ਨੂੰ ਘਟਨਾਵਾਂ ਤੇ ਸਥਿਤੀਆਂ ਵਿਚ ਪਾਕੇ ਵਾਰਤਾਲਾਪੀ ਵਿਧੀ ਰਾਹੀ ਇਨ੍ਹਾਂ ਪਾਤਰਾਂ ਦੀ ਬਾਖੂਬੀ ਨਾਲ ਸਿਰਜਣਾ ਕੀਤੀ ਹੈ। ਪਾਤਰਾਂ ਦੇ ਹਾਵ-ਭਾਵ ਅਤੇ ਵਿਵੇਕ ਨੂੰ ਸਿਰਜਣ ਲਈ ਕਰਮਜੀਤ ਸਿੰਘ ਕੁੱਸੇ ਨੇ ਜਾਤ ਅਤੇ ਉਮਰ ਦਾ ਵੀ ਵਿਸ਼ੇਸ਼ ਤੌਰ ਤੇ ਧਿਆਨ ਰਖਿਆ ਹੈ।

ਉਪਰੋਕਤ ਵਿਸ਼ਲੇਸ਼ਣ ਦੇ ਅਧਾਰ ਤੇ ਭਾਵੇਂ ਸਾਂਝੇ ਤੌਰ ਤੇ ਪਾਤਰਾਂ ਨਾਲ ਜਾਣ ਪਹਿਚਾਣ ਕਰਵਾਈ ਗਈ ਹੈ ਪਰੰਤੂ ਗੋਰਾ ਅਤੇ ਮਹਿੰਦਰੋ ਦਾ ਪਾਤਰ ਵਧੇਰੇ ਮਹੱਤਵ ਰੱਖਦਾ ਹੈ। ਇਸ ਲਈ ਇਨ੍ਹਾਂ ਨੂੰ ਵਿਸਥਾਰ ਨਾਲ ਵਿਚਾਰਨ ਦੀ ਲੋੜ ਹੈ। ਇਨ੍ਹਾਂ ਪਾਤਰਾਂ ਬਾਰੇ ਕੁਝ ਮਹੱਤਵਪੂਰਨ ਨੁਕਤੇ ਤੁਹਾਡੇ ਦ੍ਰਿਸ਼ਟੀ ਗੋਚਰ ਕੀਤੇ ਜਾਂਦੇ ਹਨ।

## ਮਹਿੰਦਰੋ

ਮਹਿੰਦਰੋਂ, ਰੋਹੀ ਬੀਆਬਾਨ ਨਾਵਲ ਦੀ ਇਕ ਮਹੱਤਵਪੂਰਨ ਪਾਤਰ ਹੈ। ਇਸਦੇ ਜੀਵਨ ਨਾਲ ਸੰਬੰਧਤ ਵੇਰਵੇ ਨਿਮਨ ਕਿਰਸਾਣੀ ਦੀ ਆਰਥਿਕ ਸਥਿਤੀ ਨਾਲ ਜੁੜੇ ਹੋਣ ਕਰਕੇ ਉਨ੍ਹਾਂ ਤੰਗੀਆਂ ਤੁਰਸ਼ੀਆਂ ਨੂੰ ਬਿਆਨ ਕਰਦੇ ਹਨ। ਜਿਹੜੀਆਂ ਅੱਤ ਦੀਆਂ ਕਠੋਰ ਤੇ ਅਮਾਨਵੀ ਹਨ। ਇਨ੍ਹਾਂ ਸਥਿਤੀਆਂ ਦੀ ਉਪਜ ਹੈ ਮਹਿੰਦਰੋਂ ਦਾ ਕਿਰਦਾਰ। ਉਸਦੀ ਨਿੱਜੀ ਪਰਿਵਾਰਕ ਤੇ ਸਮਾਜਕ ਜ਼ਿੰਦਗੀ ਆਰਥਿਕਤਾ ਦੇ ਬੋਝ ਹੇਠਾਂ ਬੁਰੀ ਤਰ੍ਹਾਂ ਪਿਸਦੀ ਜਾ ਰਹੀ ਹੈ। ਜਿਸ ਵਿਚੋਂ ਉਸਦਾ ਨਿਕਲਣਾ ਸੰਭਵ ਨਹੀਂ ਜਾਪਦਾ। ਨਾਵਲ ਦਾ ਅਰੰਭ ਇਸੇ ਪਾਤਰ ਦੀ ਆਰਥਕ, ਸਮਾਜਕ ਤੇ ਮਾਨਸਿਕ ਸਥਿਤੀ ਤੋਂ ਅਰੰਭ ਹੁੰਦਾ ਹੈ। ਜਿਹੜਾ ਇਸ ਨਾਵਲ ਦੇ ਅੰਤ ਤੱਕ ਕਾਇਮ ਰਹਿੰਦਾ ਹੈ। ਲੇਖਕ ਨੇ ਨਿਮਨ ਕਿਰਸਾਣੀ ਦੀ ਸਥਿਤੀ ਪੇਸ਼ ਕਰਨ ਲਈ ਇਕੋ ਪਰਿਵਾਰ ਦੇ ਜੀਆਂ ਦੀ ਸਿਰਜਣਾ ਰਾਹੀਂ ਮਨੁਖੀ ਸੁਭਾਅ ਦੇ ਵੱਖ ਵੱਖ ਪਹਿਲੂਆਂ ਨੂੰ ਦ੍ਰਿਸ਼ਟੀਗੋਚਰ ਕੀਤਾ ਹੈ।

ਮਹਿੰਦਰੋਂ ਦਾ ਪਰਿਵਾਰਕ ਜੀਵਨ ਆਰਥਕ ਮੰਦਹਾਲੀ ਕਰਕੇ ਕਠਿਨਾਈਆਂ ਭਰਪੂਰ ਹੈ। ਮਹਿੰਦਰੋਂ ਦੀ ਸੱਸ ਦੇ ਚੰਦਰੇ ਸੁਭਾ ਕਰਕੇ ਉਨ੍ਹਾਂ ਨੂੰ ਅੱਡ ਹੋਣਾ ਪੈਂਦਾ ਹੈ। ਅੱਡ ਹੋਣ ਕਰਕੇ ਮਹਿੰਦਰੋਂ ਦੇ ਕੰਮਕਾਰ ਤੇ ਜ਼ਿੰਮੇਵਾਰੀਆਂ ਐਨੀਆਂ ਵਧ ਜਾਂਦੀਆਂ ਹਨ ਕਿ ਉਸਨੂੰ ਸਵੇਰ ਤੋਂ ਸ਼ਾਮ ਤੱਕ ਪਤਾ ਹੀ ਨਹੀਂ ਲਗਦਾ ਕਿ ਕਦੋਂ ਦਿਨ ਚੜ੍ਹਦਾ ਤੇ ਕਦੋਂ ਛਿਪ ਜਾਂਦਾ ਹੈ। ਉਸਨੂੰ ਤਾਂ ਆਪਣੇ ਨਹਾਉਣ-ਧੋਣ ਦੀ ਵੀ ਸੁਰਤ ਨਹੀਂ ਮਿਲਦੀ। ਦੋ ਮੁੰਡੇ, ਗੋਰਾ ਤੇ ਕੱਦੂ, ਤੀਜੀ ਸਾਲ ਕੁ ਭਰ ਦੀ ਕੁੜੀ ਹੈ। ਖੇਤੀ ਦੇ ਕੰਮਾਕਾਰਾਂ ਦੀ ਬਹੁਤਾਤ ਤੇ ਨਾਲ ਉਸਨੂੰ ਬਚਿਆਂ ਵੱਲ ਧਿਆਨ ਦੇਣ ਦੀ ਫੁਰਸਤ ਨਹੀਂ ਮਿਲਦੀ। ਜਿਸ ਕਰਕੇ ਬੱਚੇ ਵੀ ਅਕਸਰ ਫਟੇਹਾਲੀ, ਬਿਨਾਂ ਹੱਥ ਮੂੰਹ ਧੋਤੇ ਸਕੂਲ ਤੁਰ ਜਾਂਦੇ ਹਨ। ਮਹਿੰਦਰੋਂ ਨੂੰ ਇਨ੍ਹਾਂ ਹਾਲਤਾਂ ਤੇ ਖਿਝ ਤਾਂ ਬਥੇਰੀ ਆਉਂਦੀ ਹੈ ਜਿਸ ਕਰਕੇ ਉਹ ਉਨ੍ਹਾਂ ਨੂੰ ਗਾਲ੍ਹਾਂ ਵੀ ਕਢਦੀ ਹੈ। ਪਰੰਤੂ, ਕਰ ਕੁਝ ਨਹੀਂ ਸਕਦੀ ਉਸ ਕੋਲ ਵਕਤ ਹੀ ਨਹੀਂ ਹੁੰਦਾ ਕਿ ਉਹ ਰੋਟੀ ਪਾਣੀ ਤੇ ਡੰਗਰਾਂ ਪਸ਼ੂਆਂ ਦੀ ਸਾਂਭ ਸੰਭਾਲ ਦੇ ਨਾਲ ਨਾਲ ਬੱਚਿਆਂ ਦੀ ਪਰਵਰਿਸ਼ ਵੱਲ ਵੀ ਧਿਆਨ ਦੇ ਸਕੇ। ਮਹਿੰਦਰੋਂ ਦੇ ਪਾਤਰ ਦੀ ਸਭ ਤੋਂ ਵੱਡੀ ਮਜ਼ਬੂਰੀ ਤੇ ਬੇਵਸੀ ਉਸਦਾ ਅਤਿ ਦਾ ਰੁਝੇਵਾਂ ਹੈ। ਜਿਵੇਂ ਲੇਖਕ ਦਸਦਾ ਹੈ ਕਿ ਘਰ ਦੇ ਕੰਮਾਂ ਧੰਦਿਆਂ ਦੇ ਨਾਲ ਨਾਲ ਉਸਨੂੰ ਖੇਤ ਰੋਟੀ ਲੈਕੇ ਵੀ ਜਾਣੀ ਪੈਂਦੀ ਜਿਹੜੀ ਕਿ ਕਿਰਸਾਣੀ ਸਮਾਜ ਵਿਚ ਆਮ ਜਿਹੀ ਗੱਲ ਜਾਪਦੀ ਹੈ। ਪਰੰਤੂ, ਇਕਲਾਪੇ ਕਾਰਨ 'ਮੁਲਤਾਨ ਦਾ ਮਾਰੂਥਲ' ਬਣ ਜਾਂਦੀ ਹੈ:

'ਰੋਟੀ ਲਿਜਾਣ ਵੇਲੇ ਕੁੜੀ ਨੂੰ ਗੋਦੀ ਚੁਕਦੀ ਤਾਂ ਕਦੇ ਉਧਰਲੀ ਢਾਕ ਤੇ ਕਦੇ ਉਧਰਲੀ ਢਾਕੇ ਤੇ ਬਦਲਦੀ, ਉਹਨੂੰ ਫਿਟਕਾਰਾਂ ਪਾਉਂਦੀ। ਬੋਝਲ ਸਰੀਰ ਨੂੰ ਘੜੀਸਦਿਆਂ ਵਾਂਗ ਖੇਤ ਪੁਜਦੀ। ਖੇਤੋਂ ਮੁੜਨ ਤੱਕ ਸੂਰਜ ਸਿਖਰ ਆ ਜਾਂਦਾ।

ਵਿਚ ਦੀ ਦੋ ਤਿੰਨ ਟੋਕਰੇ (ਗੋਹੇ ਦੇ) ਹੋਰ ਵਗਾਹ ਆਉਂਦੀ। ਪਸ਼ੂਆਂ ਨੂੰ ਪਾਣੀ ਪਿਆਕੇ ਨਿਆਈਂ 'ਚ ਬੰਨ੍ਹ ਦੀ ;ਏ ਨੇ ਨੂੰ ਚਾਹ ਦਾ ਮੌਕਾ ਹੋ ਜਾਂਦਾ।ਚਾਹ ਦੇਕੇ ਮੁੜਦੀ ਸਿਰ ਉਤੇ ਪਠਿਆਂ ਦੀ ਭਰੀ ਚੁੱਕੀ ਆਉਂਦੀ। ਜੇ ਕੁੜੀ ਨਾਲ ਹੁੰਦੀ ਤਾਂ ਖੇਤ ਦੀ ਵਾਟ ਉਸ ਲਈ ਮੁਲਤਾਨ ਦਾ ਮਾਰੂਥਲ ਹੋ ਜਾਂਦੀ ਸਾਰੇ ਰਾਹ ਚੰਘਿਆੜਾਂ ਮਾਰਦੀ ਕੁੜੀ ਨੂੰ ਗੋਦੀ ਬਦਲਦੀ ਮਸਾਂ ਘਰ ਆਕੇ ਡਿਗਦੀ। ਬਿੰਦ ਝੱਟ ਦਮ ਮਾਰਕੇ ਫੇਰ ਨਿੱਕਾ ਮੋਟਾ ਕੰਮ ਸਮੇਟਦੀ। ਸਵੇਰ ਗੋਹੇ-ਕੂੜੇ 'ਚੋਂ ਬਚਿਆ ਇਕ ਅੱਧਾ ਟੋਕਰਾ ਗੋਰੇ ਹੁਰਾਂ ਦੇ ਸਕੂਲੋਂ ਮੁੜਕੇ ਆਉਣ ਤੇ ਸਿਟਕੇ ਆਉਂਦੀ। ਫੇਰ ਉਨ੍ਹਾਂ ਨੂੰ ਪੱਠੇ ਕੁਤਰਨ ਲਾਉਂਦੀ। ਜੇ ਮਸ਼ੀਨ ਫੇਰਨ ਲਗਦੀ ਤਾਂ ਨਿਆਣਿਆਂ ਤੋਂ ਚੱਜ ਨਾਲ ਰੁਗ ਨਾ ਲਗਦਾ। ਜੇ ਰੁਗ ਧਰਨ ਲਗਦੀ ਤਾਂ ਛੋਹਰਾ ਤੋਂ ਚੱਜ ਨਾਲ ਮਸ਼ੀਨ ਨਾ ਗਿੜਦੀ......." ਆਦਿ ਨਾਵਲ ਦੇ ਕਥਾਨਕ ਵਿਚ ਅਜਿਹੇ ਵੇਰਵੇ ਸਿਰਜੇ ਗਏ ਹਨ ਜਿਨ੍ਹਾਂ ਤੋਂ ਜਿਥੇ ਮਹਿੰਦਰੋਂ ਦੇ ਘਰ ਦੀ ਆਰਥਕ ਸਥਿਤੀ ਬਾਰੇ ਪਤਾ ਲਗਦਾ ਹੈ ਉਥੇ ਮਹਿੰਦਰੋਂ ਦੀ ਸਰੀਰਕ ਅਤੇ ਮਾਨਸਿਕ ਸਥਿਤੀ ਬਾਰੇ ਵੀ ਪਤਾ ਲਗਦਾ ਹੈ ਕਿ ਉਹ ਕਿੰਨੀ ਬੇਚੈਨ, ਰੁੱਝੀ ਹੋਈ, ਅੱਕੀ ਥੱਕੀ ਤੇ ਨਿਤ ਦਿਹਾੜੀ ਦੇ ਕੰਮਾਂ ਕਾਰਾਂ ਤੋਂ ਪਰੇਸ਼ਾਨ ਹੈ। ਉਹ ਆਪਣੀ ਆਪਣੀ ਮਾਨਸਿਕ ਸਥਿਤੀ ਵਿਚੋਂ ਹੀ ਬੱਚਿਆਂ ਉਪਰ ਖਪਦੀ ਖਿਝਦੀ ਅਤੇ ਉਨ੍ਹਾਂ ਨੂੰ ਗਾਲ੍ਹਾਂ ਕੱਢਦੀ ਹੈ। ਸਥਿਤੀ ਦੀ ਕਰੂਰਤਾ ਮਹਿੰਦਰੋਂ ਵਰਗੀ ਸਾਊ ਅਤੇ ਮਾਨਵੀ ਕਦਰਾਂ ਕੀਮਤਾਂ ਵਾਲੀ ਔਰਤ ਨੂੰ ਵੀ ਉਜੱਡ ਬਣਾਕੇ ਰੱਖ ਦਿੰਦੀ ਹੈ।

ਉਸਦੇ ਇਕਲਾਪੇ ਦਾ ਕਾਰਨ ਉਸਦੇ ਘਰ (ਸਾਂਝੇ ਪਰਿਵਾਰ) ਦੀ ਸਥਿਤੀ ਦਾ ਅਸਾਵਾਂ ਹੋਣਾ ਹੈ। ਇਕ ਤਾਂ ਉਸਦੀ ਸੱਸ ਦਾ ਸੁਭਾਅ ਚੰਗਾ ਨਾ ਹੋਣ ਕਰਕੇ ਮਹਿੰਦਰੋਂ ਦੀ ਉਸਦੇ ਨਾਲ ਨਹੀਂ ਬਣਦੀ। ਦੂਜਾ, ਵੱਡਾ ਕਾਰਨ ਜ਼ਮੀਨ ਘੱਟ ਹੋਣ ਕਰਕੇ ਗਿੰਦਰ ਦੇ ਸਾਰੇ ਭਰਾਵਾਂ ਦਾ ਵਿਆਹ ਨਹੀਂ ਹੁੰਦਾ ਘੋਅਟੀ ਤੇ ਵੱਡਾ ਜੈਲਾ ਕੁਆਰੇ ਰਹਿ ਜਾਂਦੇ ਹਨ ਜਿਸ ਕਰਕੇ ਉਹ ਮਹਿੰਦਰੋਂ ਨੂੰ ਵੇਲੇ-ਕੁਵੇਲੇ ਤਕੌਂਦੇ ਹਨ। ਪਰ ਮਹਿੰਦਰੋਂ ਸਾਰਿਆਂ ਦੀ ਪਤਨੀ ਬਣਕੇ ਰਹਿਣ ਲਈ ਤਿਆਰ ਨਹੀਂ। ਜਿਸ ਦੇ ਫਲ-ਸਰੂਪ ਉਸਨੂੰ ਅੱਡ ਹੋਣਾ ਪੈਂਦਾ ਹੈ। ਅੱਡ ਹੋਣ ਕਰਕੇ ਭਾਵੇਂ ਉਸਨੂੰ ਸਰੀਰਕ ਤੇ ਮਾਨਸਿਕ ਕਸ਼ਟ ਹੋਰ ਵੀ ਜ਼ਿਆਦਾ ਭੋਗਣਾ ਪੈਂਦਾ ਹੈ ਪਰੰਤੂ, ਉਹ ਅਮਾਨਵੀ ਕਦਰਾਂ ਕੀਮਤਾਂ ਨਾਲ ਸਮਝੌਤਾ ਨਹੀਂ ਕਰਦੀ। ਗਿੰਦਰ ਦੇ ਵੱਡੇ ਭਰਾ ਦੀ ਮੌਤ ਹੋ ਜਾਣ ਕਾਰਨ ਭਾਵੇਂ ਰਿਸ਼ਤੇਦਾਰ ਇਕ ਵਾਰੀ ਫੇਰ ਇਨ੍ਹਾਂ ਨੂੰ ਸਾਂਝੇ ਪਰਿਵਾਰ ਨਾਲ ਰਲਾ ਲੈਂਦੇ ਹਨ। ਦੁਬਾਰਾ ਸਾਂਝੇ ਪਰਿਵਾਰ ਵਿਚ ਰਲਨਾ ਉਨ੍ਹਾਂ ਦੀ ਵੀ ਆਰਥਿਕ ਮਜ਼ਬੂਰੀ ਸੀ। ਕਰਜ਼ਾ ਸਿਰ ਹੋਣ ਕਰਕੇ ਗਿੰਦਰ ਇਸਨੂੰ ਪਰਵਾਨ ਕਰਦਾ ਹੈ। ਪਰੰਤੂ, ਪਹਿਲਾਂ ਵੇਖੇ ਭਾਲੇ ਰਿਸ਼ਤੇ ਆਪਣੇ ਆਪਣੇ ਪੈਂਤੜਿਆਂ ਤੇ ਉਵੇਂ ਖੜ੍ਹੇ ਹੋਏ ਹਨ। ਮਹਿੰਦਰੋਂ ਦੀ ਸੱਸ ਦਾ ਵਰਤਾ ਵੀ ਉਵੇਂ ਦਾ ਉਵੇਂ ਰਹਿੰਦਾ ਹੈ। ਮਹਿੰਦਰੋਂ ਵੀ ਦੂਜੇ ਭਰਾਵਾਂ ਦੀ ਪਤਨੀ ਬਣਨਾ ਸਵੀਕਾਰ ਨਹੀਂ ਕਰਦੀ। ਗਿੰਦਰ ਦੁਖੀ ਹੋਇਆ ਭਾਵੇਂ ਉਸਨੂੰ ਇਸ਼ਾਰੇ ਮਾਤਰ ਇਹ ਕਹਿੰਦਾ ਹੈ ਕਿ ਉਹ ਕਿਸੇ ਨਾਲ ਕੱਟਣ ਵਾਲੀ ਨਹੀਂ। ਇਸ ਨਾਵਲ ਵਿਚਲੇ ਕੁਝ ਹੋਰ ਪਾਤਰਾਂ ਵਾਂਗ ਮਹਿੰਦਰੋਂ ਦੀ ਸਥਿਤੀ ਵੀ ਅਜਿਹੀ ਬਣਦੀ ਕਿ ਉਹ ਆਰਥਿਕ ਮਜ਼ਬੂਰੀ ਕਾਰਨ ਸਥਿਤੀ ਨਾਲ ਸਮਝੌਤਾ ਕਰਦੀ ਹੈ। ਪਰੰਤੂ, ਮਹਿੰਦਰੋਂ ਅਸਮਾਜਕ ਤੇ ਗੈਰ ਮਨੁੱਖੀ ਸੰਬੰਧਾਂ ਨੂੰ ਕਿਸੇ ਕੀਮਤ ਤੇ ਪਰਵਾਨ ਕਰਨ ਲਈ ਤਿਆਰ ਨਹੀਂ ਹੁੰਦੀ। ਘੋਅਟੀ ਭਾਵੇਂ ਦਾਅ ਬਚਾਕੇ ਇਕ ਰਾਤ ਉਸ ਨਾਲ ਧੱਕਾ ਕਰ ਜਾਂਦਾ ਹੈ '.....ਡਰਦੀ ਮਹਿੰਦਰੋਂ ਨਾ ਰੌਲਾ ਪਾਉਣ ਜੋਗੀ। ਧੱਕਾ ਤਾਂ ਉਹ ਜਰ ਗਈ; ਪਰ ਪੰਜਾਲੀ ਹੇਠ ਧੌਣ ਦੇਕੇ ਬਲਦ ਵਾਂਗ ਉਹਨੂੰ ਤੁਰਨਾ ਨਹੀਂ ਸੀ ਆਉਂਦਾ।' ਇਸੇ ਲਈ ਉਹ ਗਜ-ਵਜਕੇ ਕਹਿੰਦੀ ਹੈ:

"ਜਾਇ ਨੂੰ ਖਾਵੇ ਐ ਹੋ ਜੀ ਸਰਦਾਰੀ। ਮੈਂ ਤਾਂ ਇਹੋ ਜੇ ਕੰਮ ਦੇ ਛਿੱਤਰ ਨ੍ਹੀ ਮਾਰਦੀ। ਜੁਆਕ ਮੈਂ ਗਿੰਦਰ ਦੇ ਜੰਮ ਲੇ ਹੁਣ ਥੋਡੇ ਨਾਲ ਖੇਹ ਖਾਵਾਂ ? ਨਹੀਂ ਪੁੱਤ ਵਿਆਹੇ ਜਾਣਗੇ ਨਾ ਵਿਆਹੇ ਜਾਣ। ਅੱਗੇ ਕਿਹੜਾ ਸਾਰੇ ਚਾਚੇ ਤਾਏ ਵਿਆਹੇ ਹੋਏਆ ?"

ਇਸ ਤਰ੍ਹਾਂ ਗਿੰਦਰ ਦਾ ਛੋਟਾ ਭਰਾ ਜੇਲੂ ਜਦੋਂ ਮਹਿੰਦਰੋਂ ਨਾਲ ਜਬਰ ਜਿਨਾਹ ਕਰਨ ਲਗਦਾ ਹੈ ਤਾਂ ਮਹਿੰਦਰੋਂ ਉਸਨੂੰ ਬੇਸ਼ਰਮੀ ਦਿੰਦੀ ਹੋਈ ਕਹਿੰਦੀ ਹੈ:

"ਵੇ ਤੂੰ ਕੁਸ਼ ਅਕਲ ਕਰ! ਮੈਂ ਤਾਂ ਤੇਰੀ ਮਾਵਾਂ ਵਰਗੀਆਂ।"

"ਮਾਵਾਂ ਵਰਗੀਓ ਈ ਐਂ ਮਾਂ ਤਾਂ ਨਹੀਂ।"

ਮਹਿੰਦਰ ਨੈਤਿਕ ਕਦਰਾਂ ਕੀਮਤਾਂ ਦੀ ਧਾਰਨੀ, ਅਣ ਮਨੁੱਖੀ ਕਦਰਾਂ ਕੀਮਤਾਂ ਨਾਲ ਸਮਝੌਤਾ ਨਾ ਕਰਨ ਵਾਲੀ,

ਇਕ ਨੇਕ ਦਿਲ ਤੇ ਦਲੇਰ ਔਰਤ ਹੈ। ਪਰੰਤੂ, ਕੰਮ ਕਾਰਾਂ ਦੀ ਸਤਾਈ ਹੋਈ, ਆਰਥਕ ਮੰਦਹਾਲੀ ਤੇ ਇਕਲਾਪੇ ਕਰਕੇ ਉਹ ਬੱਚਿਆਂ ਨੂੰ ਗਾਲ੍ਹਾਂ ਕੱਢਦੀ, ਖਪਦੀ ਖਿਝਦੀ ਹੋਈ ਮਾਨਸਿਕ ਕਸ਼ਟ ਵਿਚੋਂ ਲੰਘਦੀ ਹੈ। ਮਹਿੰਦਰੋਂ ਮਾਂ ਵਾਲੀ ਮਮਤਾ ਵਿਚ ਵੀ ਲਵਰੇਜ਼ ਹੈ। ਇਹ ਵੱਖਰੀ ਗੱਲ ਹੈ ਕਿ ਸਥਿਤੀਆਂ ਦੀ ਕਠੋਰਤਾ ਵਿਚ ਉਸਦੀ ਮਮਤਾ ਵੀ ਰੁਲ ਜਾਂਦੀ ਹੈ। ਨਾਵਲ ਵਿਚ ਅਜਿਹੇ ਵੇਰਵੇ ਮਿਲਦੇ ਹਨ। ਮਹਿੰਦਰੋਂ ਗੋਰੇ ਨੂੰ ਗਿੰਦਰ ਦੀ ਅਣ-ਮਨੁੱਖੀ ਕੁੱਟ ਤੋਂ ਬਚਾਉਣ ਲਈ ਆਪਣੀ ਗੋਦੀ ਵਿਚ ਲੈਂਦੀ ਹੋਈ ਗਿੰਦਰ ਨੂੰ ਗਾਲ੍ਹਾਂ ਕੱਢਦੀ ਹੈ:

"ਹੁਣ ਮਾਰ ਈ ਸਿਟਣੈ ਤੂੰ!" ਮਹਿੰਦਰੋਂ ਨੇ ਰੋਟੀਆਂ ਰਾੜਨੀਆਂ ਥਾਏ ਛੱਡਕੇ ਗੋਰੇ ਨੂੰ ਬੁਕਲ 'ਚ ਲੈ ਲਿਆ।

"ਹੁਣ ਵੜ੍ਹ ਆਵਦੀ ਮਾਂ ਦੀ........."

"ਕਿਉਂ ਭੌਂਕੀ ਜਾਨੈ।" ਮਹਿੰਦਰੋਂ ਨੇ ਪਰਾਣੀ ਹੱਥ 'ਚ ਫੜੀ ਖੜੋਤੇ ਗਿੰਦਰ ਨੂੰ ਜਿਵੇਂ ਝਿੜਕਿਆ।"

ਫੈਕਟਰੀ 'ਚ ਗੋਰੇ ਦੇ ਗੋਹਾ ਸਿੱਟਣ ਵਾਲੀ ਘਟਨਾ ਤੇ ਵੀ ਅੱਗ-ਬਗੂਲਾ ਹੁੰਦੀ ਭਰਾ ਨੂੰ ਗਾਲ੍ਹਾਂ ਕਢਦੀ ਹੈ; ਗੁਆਂਢਣ ਦੇ ਗੋਰੇ ਨੂੰ ਗਾਲ੍ਹਾਂ ਕੱਢਣ ਉਤੇ ਵੀ ਉਸਦਾ ਰਵੱਈਆਂ ਮਾਵਾਂ ਵਾਲਾ ਰਹਿੰਦਾ ਹੈ। ਇਸੇ ਤਰ੍ਹਾਂ ਸਾਧੂ ਦੀ ਬੇਬੇ ਜਦੋਂ ਗੋਰੇ ਬਾਰੇ ਟਿੱਪਣੀ ਕਰਦੀ ਹੋਈ ਕਹਿੰਦੀ ਹੈ, 'ਇਹ ਤਾਂ ਰਵਾ ਈ ਐ ਹੋ-ਜਿਐ'। ਤਾਂ ਉਸਨੂੰ ਗੁੱਸਾ ਚੜ੍ਹਦਾ ਹੈ। ਮਹਿੰਦਰੋਂ ਉਸਦੇ ਕੰਡ ਮੋੜਦਿਆਂ ਹੀ ਉਸਨੂੰ ਸਲਾਬਤਾਂ ਦਿੰਦੀ ਹੈ। ਇਸਤੋਂ ਪਤਾ ਲਗਦਾ ਹੈ ਕਿ ਮਹਿੰਦਰੋਂ ਦੇ ਅੱਕੀ ਥੱਕੀ ਹੋਣ ਕਰਕੇ ਭਾਵੇਂ ਉਸਦਾ ਆਪਣੇ ਬੱਚਿਆਂ ਪ੍ਰਤੀ ਰਵੱਈਆਂ ਕਠੋਰ ਜਾਪਦਾ ਹੈ ਪਰ, ਅੰਦਰੋਂ ਉਸਦਾ ਹਿਰਦਾ ਕੋਮਲ, ਨਰਮ ਤੇ ਮਮਤਾ ਭਰਪੂਰ ਹੈ। ਜਿਥੇ ਕਿਤੇ ਵੀ ਗੋਰੇ ਨੂੰ ਸਰੀਰਕ ਜਾਂ ਮਾਨਸਿਕ ਕਸ਼ਟ ਹੁੰਦਾ ਹੈ ਉਹ ਪੰਘਰ ਤੁਰਦੀ ਹੈ। ਇਹੀ ਕਾਰਨ ਹੈ ਕਿ ਉਹੀ ਅਣਮਨੁੱਖੀ ਵਰਤਾਰੇ ਤੇ ਅਮਾਨਵੀ ਕਦਰਾਂ ਕੀਮਤਾਂ ਨਾਲ ਸਮਝੌਤਾ ਨਹੀਂ ਕਰਦੀ। ਮਹਿੰਦਰੋਂ ਦਾ ਸੁਭਾ ਜਿਥੇ ਉਸਦੀ ਸ਼੍ਰੇਣੀ ਦੀ ਪ੍ਰਤੀਨਿਧਤਾ ਕਰਦਾ ਹੈ ਉਥੇ ਉਸਦੇ ਵਿਸ਼ੇਸ਼ ਗੁਣਾ ਦਾ ਵੀ ਧਾਰਨੀ ਹੈ। ਇਉਂ ਇਹ ਪਾਤਰ ਇਕ ਪਾਸੇ ਮਾਲਵਾ ਖੇਤਰ ਦੀ ਛੋਟੀ ਕਿਰਸਾਣੀ ਦੇ ਜਮਾਤੀ ਸੁਭਾਅ ਨਾਲ ਜੁੜਿਆ ਹੋਇਆ ਹੈ, ਦੂਜੇ ਪਾਸੇ ਉਸਦੇ ਵਿਸ਼ੇਸ਼ ਸੁਭਾ ਨਾਲ। ਜੇ ਉਹ ਵੀ ਦੂਜੀਆਂ ਔਰਤਾਂ ਵਾਂਗ ਅਨੈਤਿਕ ਮੁੱਲਾਂ ਨਾਲ ਸਮਝੌਤਾ ਕਰ ਲੈਂਦੀ ਤਾਂ ਉਸਦਾ ਸੁਭਾਅ ਵਿਸ਼ੇਸ਼ ਗੁਣਾਂ ਦਾ ਧਾਰਨੀ ਨਹੀਂ ਸੀ ਬਣਦਾ।

## ਗੋਰਾ

ਗੋਰਾ ਇਸ ਨਾਵਲ ਦਾ ਦੂਜਾ ਮਹੱਤਵਪੂਰਨ ਪਾਤਰ ਹੈ। ਇਸ ਪਾਤਰ ਨੂੰ ਮੁਖ ਰੱਖਦਿਆਂ ਨਾਵਲਕਾਰ ਨੇ ਕਥਾਨਕੀ ਘਟਨਾਵਾਂ ਦੀ ਸਿਰਜਣਾ ਕੀਤੀ ਹੈ। ਇਹ ਪਾਤਰ ਨਾਵਲ ਨੂੰ ਦ੍ਰਿਸ਼ਟੀ ਪ੍ਰਦਾਨ ਕਰਦਾ ਹੈ। ਗੋਰੇ ਦੇ ਪਾਤਰ ਨੂੰ ਵਡੇਰੇ ਪਰਿਪੇਖ ਵਿਚ ਵੇਖਿਆ ਜਾਵੇ ਤਾਂ ਗੋਰਾ ਇਕ ਪਾਤਰ ਹੀ ਨਹੀਂ ਬਲਕਿ ਸਮੁੱਚੀ ਨਿਮਨ ਕਿਰਸਾਣੀ ਦੀ ਆਰਥਕ ਸਥਿਤੀ ਹੈ ਜਿਸ ਵਿਚ ਇਹ ਜਮਾਤ ਜ਼ਮੀਨ ਦੇ ਘਟਣ ਕਰਕੇ ਕੰਮੀ ਕਮੀਣਾ ਵਰਗੀ ਹੋਈ ਪਈ ਹੈ। ਇਸ ਸ਼੍ਰੇਣੀ ਦਾ ਮੌਜੂਦਾ ਭਵਿੱਖ ਗੋਰੇ ਵਰਗਾ ਅਲੂੰਆ ਮੁੰਡਾ ਹੈ। ਜਿਹੜਾ ਆਪਣੇ ਬਚਪਨ, ਆਪਣੀ ਪੜ੍ਹਾਈ, ਖੇਡ, ਅਤੇ ਅਨੇਕਾਂ ਭਾਵਨਾਵਾਂ ਦੀ ਕੁਰਬਾਨੀ ਦਿੰਦਾ ਹੋਇਆ ਦਿਸ਼ਾਹੀਣ ਸਥਿਤੀ ਵਿਚ ਘਿਰਿਆ ਹੋਇਆ ਹੈ। ਉਸਦੇ ਸਾਹਮਣੇ ਰੋਹੀ ਬੀਆਬਾਨ ਹੈ। ਉਹ ਸੰਕਟਮਈ ਸਥਿਤੀ ਵਿਚ ਬੁਰੀ ਤਰ੍ਹਾਂ ਜਕੜਿਆ ਹੋਇਆ ਹੈ ਜਿਸ ਕਰਕੇ ਉਹ ਜ਼ਿਦੀ, ਢੀਠ ਅਤੇ ਮੂੰਹ ਜ਼ੋਰ ਜਾਪਦਾ ਹੈ। ਪਰੰਤੂ, ਇਸਦਾ ਮੁੱਖ ਕਾਰਨ ਛੋਟੀ ਕਿਰਸਾਣੀ ਦੀ ਆਰਥਿਕ ਸਭਿਆਚਾਰਕ ਸੰਕਟਮਈ ਸਥਿਤੀ ਹੈ ਜਿਸ ਵਿਚੋਂ ਉਪਜੀ ਗਿੰਦਰ ਅਤੇ ਮਹਿੰਦਰੋਂ ਦੀ ਸਥਿਤੀ ਬਚਿਆਂ ਪ੍ਰਤੀ ਵਿਵਹਾਰ ਨੂੰ ਅਮਾਨਵੀ ਬਣਾਉਂਦੀ ਹੈ ਜਿਸ ਕਰਕੇ ਉਹ ਛੋਟੀ ਉਮਰ ਵਿਚ ਗੋਰੇ ਤੋਂ ਵੱਧ ਕੰਮ ਲੈਂਦੇ ਹਨ। ਅਜਿਹਾ ਨਾ ਕਰਨ ਦੀ ਸੂਰਤ ਵਿਚ ਗੋਰੇ ਨੂੰ ਕੁੱਟ ਸਹਿਣੀ ਪੈਂਦੀ ਹੈ। ਗੋਰਾ ਇਸ ਪਸ਼ੂ ਕੁੱਟ ਤੋਂ ਅਸ਼ਾਂਤ ਤੇ, ਭੈਭੀਤ ਹੈ ਉਸਨੂੰ ਭੱਜਣ ਲਈ ਕੋਈ ਰਾਹ ਨਹੀਂ। ਉਹ ਜੇ ਭੱਜਦਾ ਵੀ ਹੈ ਤਾਂ ਬਾਹਰੇ ਹਨ੍ਹੇਰੇ 'ਚ ਗੁੰਮ ਹੋਣ ਦੇ ਡਰ ਤੋਂ ਘਰ ਵੱਲ ਹੀ ਭੱਜਦਾ ਹੈ। ਸਕੂਲੋਂ ਭੱਜਕੇ ਵੀ ਉਹ ਘਰ ਹੀ ਲੁਕਦਾ ਹੈ। ਡਰਾਇਵਰੀ ਤੋਂ ਭੱਜਕੇ ਵੀ ਉਹ ਘਰ ਦੀ ਪਰਤਦਾ ਹੈ। ਬਾਹਰ ਚਲੇ ਜਾਣ ਦੀ ਅਸਫਲਤਾ ਵੀ ਉਸਨੂੰ ਘਰ ਵੱਲ ਹੀ ਧਕੇਲਦੀ ਹੈ। ਭਾਵੇ ਂ ਘਰ ਵੀ ਉਸ ਲਈ ਇਕ 'ਟਟੈਹਣੇ ਦੇ' ਚਾਨਣ ਤੋਂ ਵੱਧ ਕੁਝ ਨਹੀਂ। ਜਿਸ ਕਰਕੇ ਉਹ ਪਿਉ ਨਾਲ ਮਿਲਕੇ

ਕਈ ਤਰ੍ਹਾਂ ਦੇ ਗੈਰ ਸਮਾਜਕ ਕੰਮ ਕਰਨੇ ਸ਼ੁਰੂ ਕਰ ਦਿੰਦਾ ਹੈ। ਜਿਵੇਂ ; ਸ਼ਰਾਬ ਕਢਣੀ ਵੱਧ ਪੈਸੇ ਲੈ ਕੇ ਵੇਚਣੀ ਜਾਂ ਪਾਣੀ ਪਾਕੇ ਵੇਚਣੀ, ਜਾਂ ਡੰਗਰ ਚਾਰਨ ਵਾਲੇ ਪਾਲੀਆਂ ਦੀ ਸੰਗਤ ਵਿਚ ਪੈਕੇ ਨਿੱਕੀਆਂ ਮੋਟੀਆਂ ਚੋਰੀਆਂ ਕਰਨੀਆਂ ਆਦਿ ਉਸਦੀਆਂ ਅਜਿਹੀਆਂ ਕਮਜ਼ੋਰੀਆਂ ਹਨ ਜਿਹੜੀਆਂ ਵਿਅਕਤੀਗਤ ਨਾ ਹੋਕੇ ਕਠੋਰ ਸਥਿਤੀਆਂ ਦੀ ਉਪਜ ਜਾਪਦੀਆਂ ਹਨ। ਇਹੀ ਕਾਰਨ ਹੈ ਕਿ ਉਸਦੇ ਵੱਖ ਵੱਖ ਥਾਵਾਂ ਤੋਂ ਭੱਜ ਆਉਣ ਦੀ ਸਥਿਤੀ ਬੜੀ ਸੁਭਾਵਕ ਤੇ ਕੁਦਰਤੀ ਜਾਪਦੀ ਹੈ। ਉਹ ਸਕੂਲੋਂ ਤਾਂ ਭੱਜਦਾ ਹੈ ਕਿ ਅਧਿਆਪਕਾਂ ਦਾ ਵਤੀਰਾ ਅਣਮਨੁੱਖੀ ਹੈ। ਬੱਚੇ ਦੀ ਪਰਿਵਾਰਕ ਅਤੇ ਮਾਨਸਿਕ ਸਥਿਤੀ ਨੂੰ ਅਧਿਆਪਕਾਂ ਵਲੋਂ ਗੌਲ਼ਿਆ ਹੀ ਨਹੀਂ ਜਾਂਦਾ। ਉਹ ਪਿਆਰ ਦੀ ਬਜਾਏ ਡੰਡੇ ਤੋਂ ਕੰਮ ਲੈਂਦੇ ਹਨ ਜਿਸ ਕਰਕੇ ਗੋਰੇ ਨੂੰ ਅਜਿਹੇ ਅਧਿਆਪਕ ਜ਼ਮਦੂਤਾਂ ਵਰਗੇ ਲਗਦੇ ਹਨ। ਉਹ ਸਕੂਲ ਜਾਣ ਨਾਲੋਂ ਅਤਿ ਦੀ ਗਰਮੀ ਵਿਚ ਰੇਹ ਦੇ ਟੋਕਰੇ ਭਰਨ ਲਈ ਤੇ ਹੋਰ ਸਖਤ ਕੰਮ ਕਰਨ ਲਈ ਤਿਆਰ ਹੈ। ਪਰ ਸਕੂਲ ਉਸ ਲਈ ਜ਼ੇਲ੍ਹਖਾਨੇ ਤੋਂ ਘੱਟ ਨਹੀਂ। ਇਸੇ ਤਰ੍ਹਾਂ ਫੈਕਟਰੀ ਵਿਚ ਲੱਗਣ ਤੇ ਉਹ ਉਸ ਨਾਲ ਕੀਤੇ ਜਾਂਦੇ (ਗੋਹਾ ਸੁਟਵਾਉਣ ਵਰਗੇ) ਵਿਵਹਾਰ ਤੋਂ 'ਮੋਮੀ ਕਾਗਜ਼' ਵਰਗੀਆਂ ਰੋਟੀਆਂ ਤੋਂ ਤੰਗ ਆਕੇ ਘਰ ਭੱਜ ਆਉਂਦਾ ਹੈ। ਇਸੇ ਤਰ੍ਹਾਂ ਡਰਾਇਵਰੀ ਸਿਖਣ ਗਿਆ ਵੀ ਗੋਰਾ ਡਰਾਇਵਰਾਂ ਕੰਡਕਟਰਾਂ ਦੇ ਵਿਵਹਾਰ ਤੋਂ ਦੁਖੀ ਹੋ ਕੇ ਤੇ ਖਾਣ ਪੀਣ ਦੇ ਵਿਤਕਰੇ ਤੋਂ ਤੰਗ ਹੋ ਕੇ ਘਰ ਨੂੰ ਭੱਜ ਆਉਂਦਾ ਹੈ।

ਨਾਵਲਕਾਰ ਨੇ ਉਪਰੋਕਤ ਵੇਰਵਿਆਂ ਦੀ ਸਿਰਜਣਾ ਰਾਹੀਂ ਜਿਥੇ ਜੱਟ ਦੀ ਹਾਉਂਮੇ ਨੂੰ ਚਿੱਤਰਨ ਦਾ ਯਤਨ ਕੀਤਾ ਹੈ, ਉਥੇ ਇਨ੍ਹਾਂ ਸਥਿਤੀਆਂ ਦੀ ਸਿਰਜਣਾ ਰਾਹੀਂ ਇਹ ਦੱਸਣ ਦਾ ਵੀ ਯਤਨ ਕੀਤਾ ਹੈ ਕਿ ਸਮਾਜ ਵਿਚ ਕਮਜ਼ੋਰ ਅਤੇ ਛੋਟੇ ਵਿਅਕਤੀ ਦਾ ਹਰ ਪਾਸੇ ਸੋਸ਼ਣ ਕੀਤਾ ਜਾਂਦਾ ਹੈ। ਗੋਰਾ ਇਸ ਸੋਸ਼ਣ ਦੇ ਖਿਲਾਫ ਖੜ੍ਹਾ ਹੁੰਦਾ ਹੈ ਕਿਉਂਕਿ ਉਸਤੋਂ ਕੰਮ ਤਾਂ ਪੂਰੇ ਮਰਦ ਜਿੰਨਾ ਲਿਆ ਜਾਂਦਾ ਹੈ ਪਰੰਤੂ ਖਾਣ ਪੀਣ ਵੇਲੇ ਉਸ ਨਾਲ ਵਿਤਕਰਾ ਕੀਤਾ ਜਾਂਦਾ ਹੈ। ਗੋਰਾ ਅਮਾਨਵੀ ਤੇ ਗਲਤ ਕਦਰਾਂ ਕੀਮਤਾਂ ਦੇ ਖਿਲਾਫ ਸਮਝੌਤਾ ਕਰਨ ਲਈ ਉਕਾ ਤਿਆਰ ਨਹੀਂ। ਬਚਪਨ ਵਿਚ ਪਾਲੀ ਮੁੰਡੇ ਵਲੋਂ ਉਸ ਨਾਲ ਕੀਤੀ ਬਦਫੈਲੀ ਸਮੇਂ ਉਹ ਅੱਤ ਦੀ ਨਮੋਸ਼ੀ ਮੰਨਦਾ ਹੈ। ਕੰਟਕਟਰ ਵਲੋਂ ਕੀਤੀ ਦੂਜੀ ਬਦਫੈਲੀ ਵੇਲੇ ਉਹ ਆਪਣੇ ਗੁੱਸੇ ਨੂੰ ਕਾਬੂ ਵਿਚ ਨਾ ਰੱਖਦਾ ਹੋਇਆ ਉਸਨੂੰ ਰਾਡਾਂ ਨਾਲ ਬੁਰੀ ਤਰ੍ਹਾਂ ਮਾਰਦਾ ਹੈ। ਇਸਦੇ ਨਤੀਜੇ ਵਜੋਂ ਭਾਵੇਂ ਉਸਨੂੰ ਹੋਰ ਵੀ ਵੱਧ ਕੁੱਟ ਸਹਿਣੀ ਪੈਂਦੀ ਹੈ ਪਰ ਉਹ ਅਜਿਹੀਆਂ ਸਥਿਤੀਆਂ ਨੂੰ ਪ੍ਰਵਾਨ ਨਹੀਂ ਕਰਦਾ। ਇਨ੍ਹਾਂ ਸਾਰੀਆਂ ਸਥਿਤੀਆਂ ਵਿਚ ਇਕ ਪਾਸੇ ਜਿੱਥੇ ਗੋਰੇ ਦਾ ਅਭਿਮਾਨ ਜਾਂ ਜੱਟ ਹਾਉਂਮੇ ਦਿਖਾਈ ਦਿੰਦੀ ਹੈ ਜਿਸ ਕਰਕੇ ਉਹ ਸਥਿਤੀਆਂ ਨਾਲ ਸਮਝੌਤਾ ਨਹੀਂ ਕਰਦਾ ਦੂਜੇ ਪਾਸੇ ਉਸਦੀ ਪਛਾਣ ਦਾ ਮਸਲਾ ਹੈ। ਗੋਰਾ ਸਕੂਲ ਵਿਚ, ਪਿੰਡ ਵਿਚ, ਡੰਗਰ ਚਾਰਨ ਸਮੇਂ ਆਰਥਿਕ ਤੌਰ ਤੇ ਸਪੰਨ ਕਿਰਸਾਣੀ ਦੇ ਮੁੰਡਿਆਂ ਤੋਂ ਇਸ ਲਈ ਪੀੜਤ ਹੈ ਉਹ ਉਸ ਉਤੇ ਸਰਦਾਰੀ ਕਰਦੇ ਹਨ। ਇਸ ਕਰਕੇ ਉਹ ਨੀਵੀ ਜਾਤੀ ਦੇ ਮੁੰਡਿਆਂ ਨਾਲ ਸਾਂਝ ਪਾਉਂਦਾ ਹੈ। ਉਨ੍ਹਾਂ ਦਾ ਸਾਥ ਉਸਨੂੰ ਚੰਗਾ ਲਗਦਾ ਹੈ। ਇਸ ਗਲ ਦਾ ਪ੍ਰਗਟਾਵਾ ਤੇਲੂ ਦੇ ਬਾਪੂ ਦੇ ਬੋਲਾਂ ਰਾਹੀਂ ਪ੍ਰਗਟ ਹੁੰਦਾ ਹੈ:

"ਤੂੰ ਉਹਦੇ ਹੁਣੇ ਹੀ ਨੱਥ ਪਾ, ਗਿੰਦਰ ਸਿਆਂ! ਨਹੀਂ ਔਖਾ ਹੋਏਗਾ। ਪਹਿਲਾਂ ਚੂਹੜਿਆਂ ਦੇ ਮੁੰਡਿਆਂ ਨਾਲ ਇਹਦੀ ਆੜੀ ਕਾਹਤੋਂ ਐ? ਉਹਨਾਂ ਸਾਲੇ ਗਿੱਟਲਾਂ ਨੇ ਰੂੜੀਆਂ ਤੇ ਫਿਰਨਾ। ਖਾਲੀ ਟਿੰਡਾਂ ਵਜਾਉਣੀਆਂ। ਜੱਟ ਦਾ ਚੂਹੜੇ ਨਾਲ ਮੇਲ ਈ ਕੀ ਐ।"

ਲੇਖਕ ਨੇ ਇਸ ਸਾਂਝ ਰਾਹੀਂ ਇਹ ਦੱਸਣ ਦਾ ਉਪਰਾਲਾ ਕੀਤਾ ਹੈ ਕਿ ਅਜੋਕੇ ਸਮੇਂ ਵਿਚ ਬੇਜ਼ਮੀਨ ਹੋ ਰਹੀ ਛੋਟੀ ਕਿਰਸਾਣੀ ਦੇ ਸੰਸਕਾਰਾਂ ਵਿਚ ਉੱਚ ਜਾਤੀ ਅਭਿਮਾਨ ਇਸ ਰਾਹ ਵਿਚ ਰੁਕਾਵਟ ਹੈ। ਜਿਸ ਕਰਕੇ ਉਹ ਗੋਰਾ ਨੀਵੀਂ ਜਾਤੀ ਦੇ ਮੁੰਡਿਆਂ ਨਾਲ ਸਾਂਝ ਪਾਉਂਦਾ ਹੈ। ਨਾਵਲਕਾਰ ਨੇ ਇਸ ਸਾਂਝ ਨੂੰ ਨਾਵਲੀ ਪਰਿਪੇਖ ਰਾਹੀਂ ਵੀ ਕੁਦਰਤੀ ਤੌਰ ਤੇ ਵਿਕਸਤ ਹੁੰਦੇ ਦਰਸਾਇਆ ਹੈ। ਜਿਸ ਵਿਚ ਭਵਿੱਖਾਰਥੀ ਸੰਭਾਵਨਾਵਾਂ ਵੱਲ ਇਸ਼ਾਰਾ ਕੀਤਾ ਹੈ। ਨਾਵਲ ਦੇ ਕਥਾਨਕ ਵਿਚ ਇਸ ਗੱਲ ਦੇ ਵੇਰਵੇ ਆਮ ਮਿਲੇ ਜਾਂਦੇ ਹਨ ਕਿ ਛੋਟੀ ਕਿਰਸਾਣੀ ਦੀ ਸਥਿਤੀ ਵੀ ਚੂਹੜੇ ਚਮਿਆਰਾਂ ਵਰਗੀ ਹੋਈ ਪਈ ਹੈ। ਇਸ ਸੰਬੰਧ ਵਿਚ ਲੇਖਕ ਨਿਮਨ ਵਰਗ ਦੀ ਸੋਚ ਨੂੰ ਪੇਸ਼ ਕਰਨ ਵਾਲੇ ਵਾਰਤਾਲਾਪ ਵੇਖੇ ਜਾ ਸਕਦੇ ਹਨ:

"ਚੂਹੜੇ ਚਮਿਆਰਾਂ ਅਰਗੇ ਤਾਂ ਹੋਏ ਪਏ ਐ। ਜੱਟ ਜ਼ਿਮੀਦਾਰਾਂ ਵਾਲੀ ਕਿਹੜੀ ਗੱਲ ਰਹੀਆਂ। ਜਦੋਂ ਘਾਹ ਤਾਂ

ਬਿਗਾਨੀਆਂ ਵੱਟਾਂ ਤੋਂ ਵੀ ਖੋਤਣੈ।"

ਨਾਵਲਕਾਰ ਗੋਰੇ ਦੇ ਜੀਵਨ ਬ੍ਰਿਤਾਂਤ ਰਾਹੀਂ ਇਕ ਪਾਸੇ ਜੱਟ ਦੀ ਉਚ ਜਾਤੀ ਹਉਂ ਅਤੇ ਦੂਜੇ ਪਾਸੇ ਇਸ ਹਉਂ ਦੇ ਡੀ ਕਲਾਸ ਹੋਣ ਦੀ ਪ੍ਰਕ੍ਰਿਆ ਦੇ ਪੇਚੀਦਾ ਸੁਆਲ ਦੀਆਂ ਤਹਿਆਂ ਫਰੋਲਦਾ ਹੈ। ਇਉਂ ਗੋਰਾ ਇਕ ਪਾਤਰ ਹੀ ਨਹੀਂ ਬਲਕਿ ਪ੍ਰਤੀਕਾਤਮਕ ਪੱਧਰ ਤੇ ਨਿਮਨ ਕਿਸਾਨੀ ਦਾ ਪ੍ਰਤੀਕ ਹੈ। (ਗੋਰੇ ਦੇ ਪਾਤਰ ਨੂੰ ਹੋਰ ਵਿਸਥਾਰ ਦੇਣ ਲਈ ਨਾਵਲੀ ਘਟਨਾਵਾਂ ਦੇ ਸਿਲਸਿਲੇਵਾਰ ਕਰਮ ਪ੍ਰਤੀਕਰਮ ਦੇ ਵਿਚ ਪਾਕੇ ਸਿਰਜਿਆ ਜਾਵੇ।)

### 1.2.4 ਸਿੱਟਾ

ਨਾਵਲ 'ਰੋਹੀ ਬੀਆਬਾਨ' ਹਰੀ ਕ੍ਰਾਂਤੀ ਉਪਰੰਤ ਪੰਜਾਬੀ ਕਿਰਸਾਣੀ ਦੇ ਆਰਥਿਕ ਸਾਂਸਕ੍ਰਿਤਕ ਸੰਕਟ ਨੂੰ ਪੇਸ਼ ਕਰਨ ਵਾਲਾ ਨਾਵਲ ਹੈ। ਇਸ ਵਿਚ ਮਾਲਵੇ ਦੇ ਵਰਤਮਾਨ ਇਤਿਹਾਸਕ ਕਾਲ ਵਿਚਲੀ ਸਥਿਤੀ ਦੀ ਕਠੋਰਤਾ ਤੋਂ ਉਪਜੀ ਅਮਾਨਵੀਕਰਨ ਦੀ ਪ੍ਰਕ੍ਰਿਆ ਨੂੰ ਆਰਥਿਕ ਅਤੇ ਵਿਆਹ ਸੰਬੰਧਾਂ ਦੇ ਵੇਰਵਿਆਂ ਰਾਹੀਂ ਸਿਰਜਿਆ ਗਿਆ ਹੈ। ਮਾਲਵਾ ਖੇਤਰ ਦੀ ਛੋਟੀ ਕਿਰਸਾਣੀ ਦੀ ਆਰਥਿਕ ਮੰਦਹਾਲੀ, ਆਰਥਿਕਤਾ ਉਤੇ ਉਸਰੀ ਵਿਆਹ ਸੰਸਥਾ ਦੇ ਅਸਾਵੇਂ ਹੋਣ ਅਤੇ ਕਾਮ ਬ੍ਰਿਤੀ ਕਾਰਨ ਇਸ ਵਰਗ ਦੇ ਔਰਤ ਅਤੇ ਮਰਦ ਅਮਾਨਵੀ ਸਥਿਤੀਆਂ ਭੋਗਦੇ ਹਨ। ਨਾਵਲ ਵਿਚਲੇ ਪਾਤਰਾਂ ਦਾ ਮਾਨਸਿਕ ਸੰਕਟ ਪਦਾਰਥਕ ਸੰਕਟ ਦੇ ਪਰਿਪੇਖ ਵਿਚ ਸਿਰਜਿਆ ਗਿਆ ਹੈ। ਇਹੋ ਕਾਰਨ ਹੈ ਕਿ ਪਾਤਰਾਂ ਦੀ ਸਿਰਜਣਾ ਸਮੇਂ ਦੋਹਾਂ ਵਿਧੀਆਂ ਦਾ ਪ੍ਰਯੋਗ ਕੀਤਾ ਗਿਆ ਹੈ।

### 1.2.5 ਅਭਿਆਸ ਲਈ ਪ੍ਰਸ਼ਨ

1. ਰੋਹੀ ਬੀਆਬਾਨ ਨਾਵਲ ਦੇ ਮਰਦ ਪਾਤਰਾ ਬਾਰੇ ਲਿਖੋ।
2. ਰੋਹੀ ਬੀਆਬਾਨ ਨਾਵਲ ਦੇ ਔਰਤ ਪਾਤਰਾ ਬਾਰੇ ਲਿਖੋ।

### 1.2.5 ਸਹਾਇਕ ਪੁਸਤਕ ਸੂਚੀ

ਰੋਹੀ ਬੀਆਬਾਨ – ਕਰਮਜੀਤ ਸਿੰਘ ਕੁੱਸਾ

ਕਰਮਜੀਤ ਸਿੰਘ ਕੁੱਸਾ ਦੇ ਨਾਵਲ : ਬਿਰਤਾਂਤ ਚੇਤਨਾ ਦੇ ਪਾਸਾਰ – ਡਾ. ਬਲਦੇਵ ਸਿੰਘ ਧਾਲੀਵਾਲ

**Converted in Self Learning Mode by Dr. Gurpreet Kaur Brar**
**Last Update May, 2023**

ਪਾਠ ਨੰਬਰ :1.3 ਲੇਖਕ: ਡਾ.ਬਲਜੀਤ ਕੌਰ ਬਲੀ

# ਕਰਮਜੀਤ ਸਿੰਘ ਕੁੱਸੇ ਦੇ ਨਾਵਲ ਰੋਹੀ ਬੀਆਬਾਨ ਦਾ ਕਥਾਨਕ, ਕਥਾ ਜੁਗਤਾਂ ਅਤੇ ਭਾਸ਼ਾ ਸ਼ੈਲੀ

1.3.1 ਪਾਠ ਦਾ ਉਦੇਸ਼
1.3.2 ਭੂਮਿਕਾ
1.3.3 ਪਾਠ ਦੀ ਰੂਪ-ਰੇਖਾ
 1.3.3.1 ਰੋਹੀ ਬੀਆਬਾਨ ਨਾਵਲ ਦਾ ਕਥਾਨਕ
 1.3.3.2 ਰੋਹੀ-ਬੀਆਬਾਨ ਨਾਵਲ ਦੀਆਂ ਕਥਾ-ਜੁਗਤਾਂ ਅਤੇ ਭਾਸ਼ਾ-ਸ਼ੈਲੀ
1.3.4 ਸਿੱਟਾ
1.3.5 ਅਭਿਆਸ ਲਈ ਪ੍ਰਸ਼ਨ
1.3.6 ਸਹਾਇਕ ਪੁਸਤਕ ਸੂਚੀ

## 1.3.1 ਪਾਠ ਦਾ ਉਦੇਸ਼

ਨਾਵਲ ਦੇ ਵਿਸ਼ੇ ਨੂੰ ਪ੍ਰਗਟਾਉਣ ਲਈ ਨਾਵਲਕਾਰ ਵਿਸ਼ੇ ਅਨੁਸਾਰ ਜੀਵਨ ਵਿਚੋਂ ਪਾਤਰਾਂ, ਘਟਨਾਵਾਂ ਅਤੇ ਬ੍ਰਿਤਾਂਤਾਂ ਦੀ ਚੋਣ ਕਰਦਾ ਹੈ। ਚੋਣ ਕਰਨ ਪਿਛੋਂ ਉਹ ਇਨ੍ਹਾਂ ਨੂੰ ਕਥਾਨਕ ਦਾ ਰੂਪ ਦਿੰਦਾ ਹੈ ਤਾਂ ਜੋ ਨਾਵਲ ਰਸ-ਭਰਪੂਰ ਅਤੇ ਪੜ੍ਹਨਯੋਗ ਕ੍ਰਿਤ ਬਣ ਸਕੇ। ਨਾਵਲ ਦਾ ਸੰਗਠਨ ਹੀ ਜੇ ਢਿੱਲਾ ਹੋਏਗਾ ਤਾਂ ਪੜ੍ਹਨ ਵਾਲਿਆਂ ਦੀ ਇਸ ਵਿਚ ਰੁਚੀ ਨਹੀਂ ਹੋਏਗੀ। ਖਿੱਲਰੀਆਂ ਪੁੱਲਰੀਆਂ ਘਟਨਾਵਾਂ ਨਾਵਲ ਦੀ ਕੜੀ ਨਹੀਂ ਜੋੜਦੀਆਂ ਇਸ ਲਈ ਕਥਾਨਕ ਦੀ ਨਾਵਲ ਵਿਚ ਵਿਸ਼ੇਸ਼ ਮਹੱਤਤਾ ਹੁੰਦੀ ਹੈ।

## 1.3.2 ਭੂਮਿਕਾ

ਪੰਜਾਬੀ ਨਾਵਲ ਸਾਹਿਤ ਵਿਚ ਪ੍ਰਮੁੱਖ ਤੌਰ ਤੇ ਦੋ ਪ੍ਰਕਾਰ ਦੇ ਪਲਾਟ, ਸੰਗਠਨ ਜਾਂ ਕਥਾਨਕ ਸਿਰਜੇ ਜਾਂਦੇ ਰਹੇ ਹਨ। ਪਹਿਲੀ ਪ੍ਰਕਾਰ ਦੇ ਨਾਵਲ ਦੇ ਪਲਾਟ ਮੌਕੇ ਮੇਲ ਦੀਆਂ ਘਟਨਾਵਾਂ ਉਤੇ ਸਿਰਜੇ ਜਾਂਦੇ ਸਨ। ਇਸ ਤਰ੍ਹਾਂ ਦੇ ਕਥਾਨਕਾਂ ਦੀ ਸਿਰਜਣਾ ਭਾਈ ਵੀਰ ਸਿੰਘ, ਨਾਨਕ ਸਿੰਘ, ਨਰਿੰਦਰਪਾਲ ਸਿੰਘ ਅਤੇ ਜਸਵੰਤ ਸਿੰਘ ਕੰਵਲ ਆਦਿ ਕਰਦੇ ਰਹੇ ਹਨ। ਪੰਜਾਬੀ ਨਾਵਲ ਸਾਹਿਤ ਵਿਚ ਦੂਜੀ ਪ੍ਰਕਾਰ ਦੇ ਕਥਾਨਕ ਵਿੱਸ਼ੁਧ ਯਥਾਰਥਵਾਦੀ ਹਨ ਜੋ ਯਥਾਰਥਵਾਦੀ ਪਾਤਰ ਅਤੇ ਘਟਨਾਵਾਂ ਰਾਹੀ ਉਸਾਰੇ ਜਾਂਦੇ ਹਨ ਇਸ ਪ੍ਰਕਾਰ ਦੇ ਸੰਗਠਨ ਪੰਜਾਬੀ ਨਾਵਲ ਸਾਹਿਤ ਵਿਚ ਗੁਰਦਿਆਲ ਸਿੰਘ, ਸੋਹਣ ਸਿੰਘ ਸੀਤਲ, ਰਾਮਸਰੂਪ ਅਣਖੀ, ਦਲੀਪ ਕੌਰ ਟਿਵਾਣਾ, ਬਲਜੀਤ ਕੌਰ ਬਲੀ, ਯਾਦਵਿੰਦਰ ਸਿੰਘ ਤਪਾ, ਜਗਰੂਪ ਸਿੰਘ ਬੜਿੰਗ ਅਵਤਾਰ ਸਿੰਘ ਬੜਿੰਗ ਆਦਿ ਨਾਵਲਕਾਰਾਂ ਦੇ ਹਨ। ਕਰਮਜੀਤ ਸਿੰਘ ਕੁੱਸਾ ਦਾ ਨਾਵਲ ਪੰਜਾਬੀ ਨਾਵਲ ਦਾ ਦੂਜੀ ਸ਼੍ਰੇਣੀ ਵਿਚ ਆਉਣ ਵਾਲਾ ਨਾਵਲ ਹੈ।

## 1.3.3 ਪਾਠ ਦੀ ਰੂਪ-ਰੇਖਾ

### 1.3.3.1 ਰੋਹੀ ਬੀਆਬਾਨ ਨਾਵਲ ਦਾ ਕਥਾਨਕ

'ਰੋਹੀ ਬੀਆਬਾਨ' ਨਾਵਲ ਦਾ ਕਥਾਨਕ ਜੀਵਨਮਈ ਬ੍ਰਿਤਾਂਤ ਵਾਲਾ ਇਤਿਹਾਸਕ ਕਥਾਨਕ ਹੈ। ਇਸ ਵਿਚ ਸਾਰੀਆਂ ਘਟਨਾਵਾਂ ਕਾਲ ਕ੍ਰਮ ਅਨੁਸਾਰ ਵਾਪਰਦੀਆਂ ਹਨ ਜਿਵੇਂ, ਗਿੰਦਰ ਦਾ ਗੋਰੇ ਨੂੰ ਕੁੱਟਣਾ, ਗੋਰੇ ਨੂੰ ਸਕੂਲੋਂ

ਕੁੱਟ ਪੈਣੀ, ਸਕੂਲੋਂ ਕੱਢੇ ਜਾਣ ਤੇ ਪਾਲੀ ਮੁੰਡਿਆਂ ਨਾਲ ਰਲਣਾ, ਪਾਲੀ ਮੁੰਡਿਆਂ ਦੀ ਗੋਰੇ ਨਾਲ ਬਦਫੈਲੀ, ਗੋਰੇ ਦਾ ਸਾਧੂ ਦੇ ਮੁੰਡੇ ਨੂੰ ਕੁੱਟਣਾ, ਗੋਰੇ ਨੇ ਘੋਅਟੀ ਦੇ ਆਪਣੀ ਮਾਂ ਨਾਲ ਕੀਤੇ ਧੱਕੇ ਦਾ ਪ੍ਰਤੀਕਰਮ ਉਭਰਨਾ, ਘਰ ਦੀ ਕੱਢੀ ਸ਼ਰਾਬ ਪੀਣਾ, ਮੱਝਾਂ ਚਾਰਦਿਆਂ ਚਰ੍ਹੀ 'ਚ ਵਾੜਨੀਆਂ ਤੇ ਡੰਡ ਭੁਗਤਣਾ, ਚੋਰੀ ਕਪਾਹ ਚੁਗਣੀ, ਫੈਕਟਰੀ 'ਚ ਜਾਣਾ, ਹਫਤੇਂ ਪਿਛੋਂ ਭੱਜ ਆਉਣਾ ਸ਼ਰਾਬ ਕੱਢਣੀ, ਪੀਣੀ ਅਤੇ ਵੇਚਣੀ, ਡਰਾਇਵਰੀ ਸਿੱਖਣ ਜਾਣਾ, ਕੰਡਕਟਰ ਮੁੰਡੇ ਦੀ ਗੋਰੇ ਨਾਲ ਬਦਫੈਲੀ, ਗੋਰੇ ਦਾ ਉਸਨੂੰ ਰਾਡਾਂ ਨਾਲ ਕੁੱਟਣਾ, ਗੋਰੇ ਨੂੰ ਤੇਲੂ ਨੇ ਕੁੱਟਣਾ, ਸਾਲ ਪਿਛੋਂ ਲੜਕੇ ਵਾਪਸ ਆਉਣਾ, ਬਾਹਰ ਜਾਣ ਦਾ ਪ੍ਰਬੰਧ ਕਰਨਾ, ਕਾਰਜ ਸਿਰੇ ਨਾ ਚੜ੍ਹਨ ਉਤੇ ਕਰਜ਼ੇ ਦੀ ਪੰਡ ਦਾ ਪੰਚਾਇਤ ਵਿਚ ਖੁੱਲ੍ਹਣਾ, ਪੈਟਰੋਲ ਪੰਪ ਵਾਲੀ ਘਟਨਾ ਦਾ ਵਾਪਰਨਾ, ਗੋਰੇ ਦਾ ਤੇਲ ਦਾ ਕੈਨ ਲੈ ਕੇ ਬੁਰੇ ਹਾਲੀ ਘਰ ਪਰਤਣਾ ਆਦਿ ਅਜਿਹੀਆਂ ਘਟਨਾਵਾਂ ਹਨ ਜਿਨ੍ਹਾਂ ਨੂੰ ਲੇਖਕ ਨੇ ਲਕੀਰੀ ਬ੍ਰਿਤਾਂਤ ਰਾਹੀਂ ਅਤੇ ਕਾਲ ਕ੍ਰਮ ਅਨੁਸਾਰ ਸਿਰਜਿਆ ਹੈ। ਇਹ ਸਾਰਾ ਬ੍ਰਿਤਾਂਤ ਜੀਵਨਮਈ ਵੇਰਵਿਆਂ ਵਾਲਾ ਹੈ। ਲੇਖਕ ਨੇ ਘਟਨਾਵਾਂ ਦੀ ਸਿਰਜਣਾ ਕਰਨ ਲਈ ਕਿਧਰੇ ਵੀ ਉਹਲੇ ਦੀ ਵਰਤੋਂ ਨਹੀਂ ਕੀਤੀ। ਅਤੇ ਨਾ ਹੀ ਅਤੀਤੀ ਮੁਖੀ ਘਟਨਾਵਾਂ ਦੀ ਸਿਰਜਣਾ ਕੀਤੀ ਹੈ।

ਜੀਵਨਮਈ ਬ੍ਰਿਤਾਂਤ ਸਿਰਜਦਿਆਂ ਜਿਥੇ ਕਿਤੇ ਥੋਹੜੀ ਬਹੁਤ ਅਤੀਤ ਵਿਚ ਜਾਂ ਵਰਤਮਾਨ ਵਿਚ ਜਾਣ ਦੀ ਜ਼ਰੂਰਤ ਹੁੰਦੀ ਹੈ ਲੇਖਕ ਜਾਂ ਤਾਂ ਉਸਨੂੰ ਬ੍ਰਿਤਾਂਤ ਨਾਲ ਜੋੜਕੇ ਪੇਸ਼ ਕਰਦਾ ਹੈ ਜਾਂ ਵਾਰਤਾਲਾਪ ਰਾਹੀਂ ਅਤੀਤ ਮੁਖੀ ਵੇ ਰਵਿਆਂ ਨੂੰ ਸਹਿਜੇ ਹੀ ਸਿਰਜ ਲੈਂਦਾ ਹੈ। ਮਹਿੰਦਰੋਂ ਦੇ ਘਰ ਦੀ ਜੀਵਨ ਗਤੀ ਨੂੰ ਪੇਸ਼ ਕਰਦਿਆਂ ਲੇਖਕ ਸਹਿਜੇ ਹੀ ਅੱਜ ਤੋਂ ਕੱਲ੍ਹ ਵਿਚ ਪਰਤਦਾ ਹੈ ਜਿਵੇਂ, ''ਅਜੇ ਉਹ ਚਾਹ ਹੀ ਬਣਾਕੇ ਹਟੀ ਹੁੰਦੀ, ਗੋਰੇ ਹੁਰੀ ਉਠ ਖੜ੍ਹੋਂਦੇ। ਜੋਗਿੰਦਰ ਨੇ ਹਲ ਜੋੜਨਾ ਹੁੰਦਾ, ਉਹ ਸਾਝਰੇ ਖੇਤ ਨੂੰ ਤੁਰ ਜਾਂਦਾ .......ਸਾਹੋਸਾਹ ਹੋਈ ਕਦੇ ਰੁੱਗਾਂ, ਵੱਲ ਤੇ ਚੱਕਰ ਵੱਲ। ਇਹੋ ਜਿਹਾ ਘਰ ਅਤੇ ਘਰਵਾਲਾ ਸਹੇੜਨ ਵਾਲਿਆਂ ਨੂੰ ਮੂੰਹ ਆਇਆ ਮੰਦਾ ਫਿਕਾ ਬੋਲਦੀ ਰਹਿੰਦੀ। ਪਰ ਅੱਜ ਗੋਰਾ ਸਕੂਲੋਂ ਆਉਣ ਸਾਰ ਰੋਟੀ-ਚਾਹ ਪੀਕੇ, ਅੱਖ ਬਚਾਕੇ ਬਾਹਰ ਦੌੜ ਗਿਆ।"ਇਉਂ ਲੇਖਕ ਮਹਿੰਦਰੋਂ ਦੇ ਘਰ ਚਲੀ ਆ ਰਹੀ ਜੀਵਨ ਗਤੀ ਨੂੰ ਸਹਿਜੇ ਹੀ ਵਰਤਮਾਨ ਵਿਚ ਲੈ ਆਉਂਦਾ ਹੈ। ਇਸੇ ਤਰ੍ਹਾਂ ਕੁਝ ਇਕ ਅਤੀਤ ਮੁਖੀ ਮਹਤਵਪੂਰਨ ਜੀਵਨ ਸਮਾਚਾਰਾਂ ਜਾਂ ਜ਼ਰੂਰੀ ਨੁਕਿਤਆਂ ਨੂੰ ਵਾਰਤਾਲਾਪਾਂ ਰਾਹੀ ਪੇਸ਼ ਕੀਤਾ ਹੈ ਜਿਵੇਂ, ਸਾਧੂ ਦੀ ਬੇਬੇ ਦੀ ਉਸਦੇ ਪੁੱਤ ਬਾਰੇ ਕੀਤੀ ਟਿੱਪਣੀ ਤੇ ਮਹਿੰਦਰੋ ਦਾ ਗੁੱਸਾ ਬੋਲਦਾ ਹੋਇਆ ਉਸਦੇ ਅਤੀਤ ਨੂੰ ਫਰੋਲਦਾ ਹੈ।

'ਯੱਦੀ ਹੋਈ ਐ ਰਵੇ ਦੀ! ਆਵਦਾ ਨ੍ਹੀ ਪਤਾ ..........ਕੁੜੀਆਂ ਵੇਚਕੇ ਘਰ ਬਣਾ ਲਿਆ ਹੁਣ ਚੁਧਰਾਣੀ ਬਣੀ ਫਿਰਦੀ ਐ, ਕੁੱਤੀ ਚਮਿਆਰੀ।"

ਲੇਖਕ ਨੂੰ ਜਿਥੇ ਜਿੰਨੀ ਅਤੀਤ ਵਿਚ ਜਾਂ ਵਰਤਮਾਨ ਵਿਚ ਜਾਣ ਦੀ ਲੋੜ ਹੁੰਦੀ ਹੈ ਉਹ ਸਹਿਜੇ ਹੀ ਉਸਨੂੰ ਵਰਤਮਾਨ ਨਾਲ ਜੋੜ ਕੇ ਪੇਸ਼ ਕਰਦਾ ਹੈ। ਜਿਸ ਨਾਲ ਬ੍ਰਿਤਾਂਤ ਬਿਨਾਂ ਕਾਲ ਕ੍ਰਮ ਤੋੜੇ ਸਹਿਜੇ ਹੀ ਜੀਵਨਮਈ ਵੇਰਵਿਆਂ ਨੂੰ ਅਗਿਓਂ ਅਗੇ ਸਿਰਜਦਾ ਚਲਿਆ ਜਾਂਦਾ ਹੈ। ਲੇਖਕ ਦੇ ਕਥਾਨਕ ਦੀ ਇਹ ਵਿਧੀ ਪਾਠਕ ਦਾ ਧਿਆਨ ਨਾ ਹੀ ਤਾਂ ਟੁੱਟਣ ਦਿੰਦੀ ਹੈ ਨਾ ਹੀ ਖਿੰਡਣ ਦਿੰਦੀ ਹੈ ਜਿਸ ਕਰਕੇ ਨਾਵਲ ਪੜ੍ਹਨ ਵਿਚ ਤਾਸਦਕ ਸਥਿਤੀ ਪ੍ਰਬਲ ਹੋ ਉਠਦੀ ਹੈ। ਨਾਵਲ ਦੇ ਕਥਾਨਕ ਵਿਚ ਪੜ੍ਹਨ ਲਈ ਉਤਸੁਕਤਾ ਜਗਾਈ ਰਖਣੀ ਸਭ ਤੋਂ ਮਹੱਤਵਪੂਰਨ ਪੱਖ ਹੁੰਦਾ ਹੈ। ਕਈ ਨਾਵਲਕਾਰ ਉਤਸੁਕਤਾ ਜਗਾਈ ਰੱਖਣ ਲਈ ਮਨ-ਇਛੱਤ ਘਟਨਾਵਾਂ ਦੀ ਸਿਰਜਣਾ ਕਰਦੇ ਹੋਏ ਝੂਠੇ ਤੌਰ ਤੇ ਨਾਵਲ ਵਿਚ ਉਤਸੁਕਤਾ ਪੈਦਾ ਕਰਦੇ ਹਨ। ਉਹ ਕਾਰਜ ਦੀ ਸਿਰਜਣਾ ਪਹਿਲਾ ਕਰਦੇ ਹਨ ਤਾਂ ਕਿ ਪਾਠਕ ਦੇ ਮਨ ਵਿਚ ਕਾਰਨ ਨੂੰ ਜਾਨਣ ਲਈ ਉਤਸੁਕਤਾ ਬਣੀ ਰਹੇ। ਇਨ੍ਹਾਂ ਨਾਵਲਾਂ ਵਿਚ ਕਾਰਨ ਵੀ ਮਨੋ ਕਲਪਿਤ ਹੀ ਹੁੰਦਾ ਹੈ। ਪਰੰਤੂ ਯਥਾਰਥਵਾਦੀ ਨਾਵਲਾਂ ਵਿਚ ਅਜਿਹਾ ਨਹੀਂ ਹੁੰਦਾ। ਉਨ੍ਹਾਂ ਦਾ ਕਥਾਨਕ ਯਥਾਰਥਕ ਹੁੰਦਾ ਹੈ ਜਿਸ ਕਰਕੇ ਕਾਰਨ ਤੇ ਕਾਰਜ ਵੀ ਯਥਾਰਥਵਾਦੀ ਹੁੰਦੇ ਹਨ। ਰੋਹੀ ਬੀਆਬਾਨ, ਨਾਵਲ ਦਾ ਕਥਾਨਕ ਯਥਾਰਥਵਾਦੀ ਹੈ। ਇਸ ਲਈ ਇਸ ਵਿਚ ਜਿੰਨੀਆਂ ਵੀ ਘਟਨਾਵਾਂ ਵਾਪਰਦੀਆਂ ਹਨ ਉਹ ਇਤਿਹਾਸਕ ਕਾਲ ਕ੍ਰਮ ਅਨੁਸਾਰ ਵਾਪਰਦੀਆਂ ਹਨ। ਜਿਨ੍ਹਾਂ ਦੇ ਕਾਰਨ ਆਰਥਿਕ, ਸਮਾਜਕ ਅਤੇ ਸਾਂਸਕ੍ਰਿਤਕ ਹਨ। ਅਜਿਹੇ ਨਾਵਲਾਂ ਵਿਚ ਉਨ੍ਹਾਂ ਦਾ ਇਤਿਹਾਸਕ ਮਹੱਤਵ ਹੀ ਪੜ੍ਹਨ ਲਈ ਉਤਸੁਕਤਾ ਜਗਾਈ ਰਖਦਾ ਹੈ।

ਕਥਾਨਕ ਦਾ ਦੂਜਾ ਮਹੱਤਵਪੂਰਨ ਨੁਕਤਾ ਘਟਨਾਵਾਂ ਅਤੇ ਪਾਤਰਾਂ ਦੀ ਪੇਸ਼ਕਾਰੀ ਹੈ। ਲੇਖਕ ਪਹਿਲਾਂ ਵਿਸ਼ੇ

ਅਨੁਸਾਰ ਅਤੇ ਘਟਨਾਵਾਂ ਅਤੇ ਪਾਤਰਾਂ ਦੀ ਚੋਣ ਕਰਦਾ ਹੈ ਫਿਰ ਉਨ੍ਹਾਂ ਨੂੰ ਕਾਲ ਕ੍ਰਮ ਅਨੁਸਾਰ ਬੀੜਦਾ ਹੈ। ਉਪਰੰਤ ਉਨ੍ਹਾਂ ਨੂੰ ਸਥਿਤੀਆਂ ਵਿਚ ਪੇਸ਼ ਕਰਦਾ ਹੈ। ਘਟਨਾ ਜਾਂ ਪਾਤਰ ਕਿੰਨਾ ਵੀ ਮਹੱਤਵਪੂਰਨ ਕਿਉਂ ਨਾ ਹੋਵੇ ਜੇ ਉਹ ਸਥਿਤੀਆਂ ਵਿਚ ਪੇਸ਼ ਨਹੀਂ ਹੋਇਆ ਜਾਂ ਉਨ੍ਹਾਂ ਸਥਿਤੀਆਂ ਦੇ ਬਣਨ ਦੇ ਕਾਰਨ ਨਾਵਲ ਵਿਚ ਨਹੀਂ ਉਪਜਦੇ ਤਾਂ ਨਾਵਲ ਪੜ੍ਹਨ ਵਿਚ ਅਕਾਊ ਕਿਸਮ ਦੀ ਰਚਨਾ ਪ੍ਰਤੀਤ ਹੁੰਦਾ ਹੈ। ਕਰਮਜੀਤ ਸਿੰਘ ਕੁੱਸੇ ਦਾ ਰੋਹੀ ਬੀਆਬਾਨ ਨਾਵਲ ਯਥਾਰਥਵਾਦੀ ਹੈ। ਇਸਨੇ ਘਟਨਾਵਾਂ ਅਤੇ ਪਾਤਰਾਂ ਦੀ ਚੋਣ ਵੀ ਯਥਾਰਥਵਾਦੀ ਕੀਤੀ ਹੈ। ਇਸਦੇ ਨਾਲ ਹੀ ਉਸਨੇ ਇਨ੍ਹਾਂ ਦੀ ਵਿਉਂਤਬੰਦੀ ਦਾ ਢੰਗ ਵੀ ਯਥਾਰਥਵਾਦੀ ਅਪਣਾਇਆ ਹੈ। ਸਾਰੀਆਂ ਘਟਨਾਵਾਂ ਪਾਤਰਾਂ ਦੀ ਆਰਥਿਕ, ਸਮਾਜਕ ਤੇ ਸਾਂਸਕ੍ਰਿਤ ਸਥਿਤੀ ਅਨੁਸਾਰ ਵਾਪਰਦੀਆਂ ਹਨ। ਦੂਜੇ ਪਾਸੇ ਇਨ੍ਹਾਂ ਸਥਿਤੀਆਂ ਦੇ ਅਨੁਕੂਲ ਹੀ ਪਾਤਰ ਕਾਰਜ ਕਰਦੇ ਪ੍ਰਤੀਤ ਹੁੰਦੇ ਹਨ ਕਿਧਰੇ ਵੀ ਅਜਿਹਾ ਨਹੀਂ ਭਾਸਦਾ ਕਿ ਸਥਿਤੀਆਂ ਇਤਿਹਾਸਕ ਕਾਲ ਕ੍ਰਮ ਅਨੁਸਾਰ ਨਹੀਂ ਜਾਂ ਪਾਤਰਾਂ ਦੀ ਆਰਥਿਕ ਸਮਾਜਕ ਤੇ ਮਾਨਸਿਕ ਸਥਿਤੀ ਅਨੁਸਾਰ ਨਹੀਂ ਨਾ।

ਨਾਵਲ ਵਿਚ ਜੇ ਮਹਿੰਦਰੋਂ ਗਾਲ੍ਹਾਂ ਕਢਦੀ ਹੈ ਤਾਂ ਆਪਣੀ ਸਥਿਤੀ ਅਨੁਸਾਰ, ਸ਼੍ਰੇਣੀ ਅਨੁਸਾਰ, ਸੰਸਕ੍ਰਿਤੀ ਅਨੁਸਾਰ ਸੁਭਾਵਕ ਜਾਪਦੀ ਹੈ। ਇਸੇ ਤਰ੍ਹਾਂ ਗੋਰਾ ਜੇ ਸਕੂਲ ਵੱਲ ਮੂੰਹ ਨਹੀਂ ਕਰਦਾ ਤਾਂ ਉਸ ਵਿਚ ਉਸਦੇ ਮਾਪਿਆਂ, ਸਮਾਜ ਅਤੇ ਵਧੇਰੇ ਕਰਕੇ ਅਧਿਆਪਕਾਂ ਦਾ ਰੋਲ ਹੈ। ਬੱਚੇ ਦੇ ਜੀਵਨ ਵਿਚ ਇਹ ਤਿੰਨੇ ਸੰਸਥਾਵਾਂ ਜਿਸ ਕਦਰ ਰੁਖ ਅਖਤਿਆਰ ਕਰਦੀਆਂ ਹਨ ਉਹ ਜਿੱਥੇ ਨਿੱਜੀ ਜਾਪਦੇ ਹਨ ਉਥੇ ਉਨ੍ਹਾਂ ਦੇ ਆਧਾਰ ਵਿਚ ਸ਼੍ਰੇਣੀ ਸਮਾਜ ਅਤੇ ਆਰਥਿਕ ਕਦਰਾਂ ਕੀਮਤਾਂ ਕੰਮ ਕਰਦੀਆਂ ਨਜ਼ਰ ਆਉਂਦੀਆ ਹਨ। ਸ਼੍ਰੇਣੀ ਸਮਾਜ ਤੇ ਉਸਰਿਆ ਢਾਂਚਾ ਮਨੁੱਖ ਨੂੰ ਬਰਾਬਰਤਾ ਦੇ ਅਧਿਕਾਰ ਨਹੀਂ ਦਿੰਦਾ। ਹਰ ਵੱਡਾ ਛੋਟੇ ਦਾ ਸ਼ੋਸ਼ਨ ਕਰਨ ਤੇ ਲੱਗਿਆ ਹੋਇਆ। ਲੇਖਕ ਨੇ ਕਾਰਜਾਂ ਦੇ ਕਾਰਨਾਂ ਵਿਚ ਜਾਂਦਿਆਂ ਇਸ ਨਾਵਲ ਨੂੰ ਵਡੇਰੇ ਪਰਿਪੇਖ ਵਿਚ ਸਿਰਜਦਿਆਂ ਪੰਜਾਬ 'ਚ ਆਈ ਹਰੀ ਕ੍ਰਾਂਤੀ ਤੇ ਉਸਦੇ ਨਿਮਨ ਕਿਰਸਾਣੀ ਤੇ ਪਏ ਨਾਂਹਪੱਖੀ ਪ੍ਰਭਾਵਾਂ ਨੂੰ ਵੀ ਚਿੱਤਰਿਆ ਹੈ। ਜਿਸ ਕਰਕੇ ਨਿਮਨ ਕਿਰਸਾਣੀ ਸੰਕਟਮਈ ਸਥਿਤੀਆਂ ਦਾ ਸਾਹਮਣਾ ਕਰ ਰਹੀ ਹੈ। ਜਿਸ ਵਿਚ ਮਹੱਤਵਪੂਰਨ ਗੱਲ ਇਹ ਜਾਪਦੀ ਹੈ ਨਿੱਜੀ ਜਾਇਦਾਦ ਤੇ ਉਸਰੀ ਜਮਾਤੀ ਵਿਵਸਥਾ ਵਾਲੇ ਸਮਾਜ ਵਿਚ ਹਰੀ ਕ੍ਰਾਂਤੀ ਉਪਰੰਤ ਹੋਏ ਅਸਾਵੇਂ ਵਿਕਾਸ ਦੀ ਸ਼ਿਕਾਰ ਨਿਮਨ ਕਿਰਸਾਣੀ ਹੋਈ ਹੈ। ਸੰਪੰਨ ਕਿਰਸਾਣੀ ਅਮੀਰ ਹੋਈ ਹੈ ਤੇ ਹੇਠਲਾ ਵਰਗ ਭੂਮੀਹੀਣ ਹੋਣ ਦੀ ਪ੍ਰਕ੍ਰਿਆ ਵਿਚ ਪਿਆ ਹੋਇਆ ਹੈ। ਨਾਵਲਕਾਰ ਨੇ ਪ੍ਰਮੁੱਖ ਘਟਨਾਵਾਂ ਦੀ ਸਿਰਜਣਾ ਰਾਹੀਂ ਗੋਰੇ ਦੀ ਸਥਿਤੀ ਅਨੁਸਾਰ ਉਨ੍ਹਾਂ ਸਾਰੇ ਯਤਨਾਂ ਦੀ ਰੂਪਰੇਖਾ ਅੰਕਿਤ ਕੀਤੀ ਹੈ ਜਿਹੜੇ ਉਹ ਆਪਣੀਆਂ ਸਥਿਤੀਆਂ ਵਿਚ ਉਪਲੱਬਧ ਕਰ ਸਕਦੇ ਹਨ। ਗੋਰੇ ਦੇ ਆਰਥਿਕ ਬਿਹਤਰੀ ਲਈ ਕੀਤੇ ਗਏ ਯਤਨ ਜਿਵੇਂ ਫੈਕਟਰੀ 'ਚ ਕੰਮ ਕਰਨ ਲਈ ਜਾਣਾ, ਡਰਾਇਵਰੀ ਸਿਖਕੇ, ਦਰਮਿਆਨੀ ਕਿਰਸਾਣੀ ਨਾਲ ਭਾਈਵਾਲੀ ਪਾ ਕੇ ਠੇਕੇ ਵਟਾਈ ਉਤੇ ਜ਼ਮੀਨ ਲੈ ਕੇ ਬਦੇਸ਼ਾਂ ਵਿਚ ਜਾਕੇ ਕਮਾਈ ਕਰਨ ਲਈ ਤਾਂਘਣਾ ਤੇ ਚੰਗਾ ਜੀਵਨ ਜਿਉਣ ਦੀ ਤਮੰਨਾ ਰੱਖਣਾ ਆਦਿ ਘਟਨਾਵਾਂ ਉਸ ਵਰਗ ਦੇ ਪਾਤਰ ਗੋਰੇ ਦੀ ਸਥਿਤੀ ਅਨੁਕੂਲ ਬੜੀਆ ਸੁਭਾਵਕ ਤੇ ਕੁਦਰਤੀ ਜਾਪਦੀਆਂ ਹਨ। ਬਾਹਰ ਜਾਣ ਦੀ ਲਾਲਸਾ ਵੀ ਨਿਮਨ ਕਿਰਸਾਣੀ ਵਿਚ ਪਨਪ ਰਹੀ ਹੈ। ਜਿਸ ਵਿਚ ਜ਼ਮੀਨ ਵੇਚਕੇ, ਗਹਿਣੇ ਕਰਕੇ ਜਾਂ ਕਿਸੇ ਤਰ੍ਹਾਂ ਕਰਜਾ ਲੈ ਕੇ ਉਹ ਪੂਰੀ ਕਰਨਾ ਚਾਹੁੰਦੇ ਹਨ। ਨਾਵਲ ਦੇ ਕਥਾਨਕ ਵਿਚ ਗੋਰੇ ਦਾ ਇਨ੍ਹਾਂ ਸਥਿਤੀਆਂ ਚੋਂ ਭੱਜ ਆਉਣ ਵੀ ਅਢੁੱਕਵਾ ਜਾਂ ਅਸੁਭਾਵਕ ਨਹੀਂ ਜਾਪਦਾ ਬਲਕਿ ਸੁਭਾਵਕ ਜਾਪਦਾ ਹੈ ਲੇਖਕ ਨੇ ਉਸਦੇ ਭੱਜਣ ਦੇ ਜਾਂ ਕਿੱਤਿਆਂ ਨੂੰ ਛੱਡ ਆਉਣ ਦੇ ਕਾਰਨਾਂ ਨੂੰ ਅਤੇ ਸਥਿਤੀਆਂ ਨੂੰ ਬੜੇ ਯਥਾਰਥ ਢੰਗ ਨਾਲ ਪੇਸ਼ ਕੀਤਾ ਹੈ। ਇਸਦਾ ਕਾਰਨ ਵੀ ਸ਼੍ਰੇਣੀ ਸਮਾਜ ਵਿਚ ਵਧ ਰਿਹਾ ਸ਼ੋਸ਼ਣ ਵਿਭਚਾਰ ਅਤੇ ਉਤਪਾਦਨ ਤੇ ਉਸਰੇ ਪਦਾਰਥਵਾਦੀ ਰਿਸ਼ਤੇ ਹਨ ਜਿਹੜੇ ਅਮਾਨਵੀ ਕਦਰਾਂ ਕੀਮਤਾਂ ਦੇ ਧਾਰਨੀ ਹਨ। ਗੋਰਾ ਅਨੈਤਿਕ ਮੁੱਲਾਂ ਵਾਲੇ ਇਨ੍ਹਾਂ ਪਦਾਰਥਵਾਦੀ ਰਿਸ਼ਤਿਆਂ ਨੂੰ ਪ੍ਰਵਾਨ ਨਹੀਂ ਕਰਦਾ ਜਿਸ ਕਰਕੇ ਉਹ ਲੇਖਕ ਵਲੋਂ ਸਿਰਜੀਆਂ ਸਥਿਤੀਆਂ ਵਿਚੋਂ ਭੱਜ ਆਉਂਦਾ ਹੈ। ਲੇਖਕ ਨੇ ਗੋਰੇ ਦੇ ਇਸ ਸੁਭਾਅ ਨੂੰ ਸ਼੍ਰੇਣੀ-ਸੁਭਾਅ ਵਜੋਂ ਵੀ ਸਿਰਜਿਆ ਹੈ ਜੋ ਯਥਾਰਥ ਹੈ। ਨਾਵਲ ਦੇ ਕਥਾਨਕ ਦੀ ਮਹੱਤਤਾ ਇਸ ਕਰਕੇ ਵੀ ਹੈ ਇਸ ਵਿਚ ਸਿਰਜੀਆਂ ਪ੍ਰਤੀਨਿਧ ਸਥਿਤੀਆਂ ਬੜੇ ਸਹਿਜ ਰੂਪ ਵਿਚ ਪਾਤਰਾਂ ਦੀ ਪੱਧਰ ਤੇ ਪੇਸ਼ ਹੋਈਆਂ ਹਨ।

ਨਿਮਨ ਕਿਰਸਾਣੀ ਨਾਲ ਸੰਬੰਧਤ ਘਟਨਾਵਾਂ ਜਾਂ ਵੇਰਵੇ ਗਿੰਦਰ ਅਤੇ ਉਸਦੇ ਪਰਿਵਾਰ ਨਾਲ ਸੰਬੰਧਤ ਹਨ ਜਿਹੜੇ

ਕਾਲ ਕ੍ਰਮ ਅਨੁਸਾਰ ਵਾਪਰਦੇ ਚਲੇ ਜਾਂਦੇ ਹਨ। ਇਸਦੇ ਸਮਵਿੱਥ ਹੀ ਦਰਮਿਆਨੀ ਕਿਰਸਾਣੀ ਵਾਲਾ ਪਰਿਵਾਰ ਮਲਾਗਰ ਸਿਹੁੰਦਾ ਹੈ ਜਿਸਨੂੰ ਲੇਖਕ ਨੇ 'ਖਾਂਦਾ ਪੀਦਾ ਪਰਿਵਾਰ' ਲਿਖਿਆ ਹੈ। ਪਰੰਤੂ, ਇਸ ਸ਼੍ਰੇਣੀ ਦੀ ਆਰਥਿਕ ਸਥਿਤੀ ਬਹੁਤ ਵਧੀਆ ਨਹੀਂ। ਇਸ ਸ਼੍ਰੇਣੀ ਦਾ ਭਾਵੇਂ ਮਸ਼ੀਨੀਕਰਨ ਤਾਂ ਹੋ ਗਿਆ ਹੋਇਆ ਹੈ ਪਰੰਤੂ, ਇਹ ਵੀ ਕਰਜਾਈ ਹੈ। ਇਸ ਸ਼੍ਰੇਣੀ ਦੇ ਪੜ੍ਹੇ ਲਿਖੇ ਬੱਚਿਆਂ ਨੂੰ ਵੀ ਨੌਕਰੀ ਦੀਆਂ ਸੁਵਿਧਾਵਾਂ ਪ੍ਰਾਪਤ ਨਹੀਂ ਹੁੰਦੀਆਂ। ਤੀਜੀ, ਸ਼੍ਰੇਣੀ ਦੇ ਪ੍ਰਤੀਨਿਧ ਪਾਤਰ 'ਜੀਪਾਂ ਵਾਲੇ' ਹਨ ਇਸ ਸ਼੍ਰੇਣੀ ਨੂੰ ਪੇਸ਼ ਕਰਨ ਲਈ ਲੇਖਕ ਨੇ ਪੈਟਰੋਲ ਪੰਪ ਵਾਲੀ ਘਟਨਾ ਸਿਰਜੀ ਹੈ ਜਿਥੇ 'ਕੈਨਾ ਵਾਲੇ', 'ਟਰੈਕਟਰਾ ਵਾਲੇ' ਅਤੇ 'ਜੀਪਾ ਵਾਲੇ' ਇਕੱਠੇ ਹੁੰਦੇ ਹਨ। ਜਿੱਥੇ ਉਨ੍ਹਾਂ ਦੇ ਆਪਸੀ ਸੰਬੰਧਾਂ ਬਾਰੇ ਵੀ ਪਤਾ ਲਗਦਾ ਹੈ। ਜੀਪਾਂ ਵਾਲੇ ਕਿੰਜ ਧਨ ਦੀ ਬਹੁਤਾਤ ਕਰਕੇ ਹੇਠਲੀਆਂ ਜਮਾਤਾਂ ਨਾਲ ਧੱਕਾ ਕਰਦੇ ਹਨ। ਉਹ ਆਪਣੇ ਧਨ ਦੀ ਬਹੁਲਤਾ ਕਾਰਨ ਆਪਣੀ ਰਾਖੀ ਲਈ ਗੁੰਡੇ ਵੀ ਪਾਲਦੇ ਹਨ ਤਾਂ ਕਿ ਉਹ ਹੇਠਲੀਆਂ ਜਮਾਤਾਂ ਤੇ ਆਪਣੀ ਸਰਦਾਰੀ ਕਾਇਮ ਕਰ ਸਕਣ।

ਲੇਖਕ ਨੇ ਨਾਵਲ ਵਿਚ ਪੇਸ਼ ਵਿਭਿੰਨ ਵਰਗਾਂ ਦੀ ਪੇਸ਼ਕਾਰੀ ਦੇ ਨਾਲ ਸਮੁੱਚੇ ਜੀਵਨ ਦੀ ਸਿਰਜਣਾ ਨੂੰ ਜੀਵਨ ਮਈ ਬ੍ਰਿਤਾਂਤ ਰਾਹੀਂ ਸਿਰਜਕੇ ਖੇਤਰ-ਵਿਸ਼ੇਸ਼ ਦੇ ਵਿਭਿੰਨ ਪੱਖਾਂ ਨੂੰ ਉਜਾਗਰ ਕੀਤਾ ਹੈ 'ਰੋਹੀ ਬੀਆਬਾਨ' ਨਾਵਲ ਦੇ ਕਥਾਨਕ ਦੀ ਸਫਲਤਾ ਇਸ ਗੱਲ ਵਿਚ ਹੈ ਕਿ ਇਸ ਵਿਚ ਬਹੁਤ ਥੋਹੜੀਆਂ ਘਟਨਾਵਾਂ ਜਾਂ ਸਥਿਤੀਆਂ ਰਾਹੀਂ ਲੇਖਕ ਨੇ ਜੀਵਨ ਨੂੰ ਸਮੁੱਚੇ ਰੂਪ ਵਿਚ ਸਿਰਜਣ ਦਾ ਯਤਨ ਕੀਤਾ ਹੈ। ਘਟਨਾਵਾਂ ਨੂੰ ਕਾਰਨਾਂ, ਕਾਰਜਾਂ ਅਤੇ ਸਥਿਤੀਆਂ ਵਿਚ ਪਾਕੇ ਜਿੱਥੇ ਉਸਨੂੰ ਯਥਾਰਕ ਰੂਪ ਦਿਤਾ ਹੈ ਉਥੇ ਘਟਨਾਵਾਂ ਨੂੰ ਸਿਰਜਣ ਸਮੇਂ ਸਥਿਤੀਆਂ ਨੂੰ ਵਧੇਰੇ ਮਹੱਤਤਾ ਦਿਤੀ ਗਈ ਹੈ। ਜਿਸ ਤੋਂ ਇਹ ਪਤਾ ਲਗਦਾ ਹੈ ਕਿ ਨਾਵਲ ਦੇ ਕਥਾਨਕ ਲਈ ਜਿੱਥੇ ਘਟਨਾਵਾਂ ਮਹੱਤਵਪੂਰਨ ਹਨ ਉਥੇ ਸਥਿਤੀਆਂ ਵੀ ਮਹੱਤਵਪੂਰਨ ਹੁੰਦੀਆਂ ਹਨ। ਸਥਿਤੀਆਂ ਦੇ ਪੈਦਾ ਹੋਣ ਦੇ ਕਾਰਨ ਵੀ ਘਟਨਾਵਾਂ ਅਤੇ ਸਥਿਤੀਆਂ ਵਿਚ ਮੌਜੂਦ ਹੁੰਦੇ ਹਨ। ਜਿਸ ਕਰਕੇ ਘਟਨਾਵਾਂ ਅਤੇ ਸਥਿਤੀਆਂ ਦਾ ਰਿਸ਼ਤਾ ਦਵੰਦਾਤਮਕ ਹੁੰਦਾ ਹੈ। ਰੋਹੀ ਬੀਆਬਾਨ ਨਾਵਲ ਦੇ ਸੰਗਠਨ ਵਿਚ ਕਿਧਰੇ ਵੀ ਕੋਈ ਘਟਨਾ ਜਾਂ ਸਥਿਤੀ ਅਜਿਹੀ ਨਹੀਂ ਭਾਸਦੀ ਜਿਹੜੀ ਨਾਵਲ ਵਿਚ ਅੱਢੁਕਵੀ ਜਾਂ ਕੁਥਾਵੇਂ ਪਈ ਜਾਪੇ ਬਲਕਿ ਘਟਨਾਵਾਂ ਕਾਰਨ, ਕਾਰਜ, ਕਾਲ-ਕ੍ਰਮ ਅਤੇ ਸਥਿਤੀਆਂ ਵਿਚ ਦੂਜੀ ਦੇ ਅਨੁਕੂਲ ਹੀ ਵਾਪਰਦੀਆਂ ਹਨ।

ਯਥਾਰਥਵਾਦੀ ਨਾਵਲ ਵਿਚ ਪਾਤਰਾਂ ਦਾ ਮਹੱਤਵ ਵੀ ਵਧੇਰੇ ਹੋਣ ਕਰਕੇ ਨਾਵਲ ਦੇ ਸੰਗਠਨ ਵਿਚ ਵੀ ਇਨ੍ਹਾਂ ਦੀ ਮਹੱਤਤਾ ਵਧੇਰੇ ਹੁੰਦੀ ਹੈ। ਜਿਵੇਂ ਪਹਿਲਾ ਕਿਹਾ ਜਾ ਚੁੱਕਾ ਹੈ ਕਿ ਪਾਤਰ ਤੋਂ ਬਿਨਾਂ ਨਾਵਲ ਦੀ ਸਿਰਜਣਾ ਹੀ ਨਹੀਂ ਕੀਤੀ ਜਾ ਸਕਦੀ। ਇਸ ਤਰ੍ਹਾਂ ਯਥਾਰਥਵਾਦੀ ਨਾਵਲ ਅਤੇ ਯਥਾਰਥਵਾਦੀ ਕਥਾਨਕ ਵਿਚ ਪਾਤਰਾਂ ਦੀ ਸਿਰਜਣਾ ਵੀ ਯਥਾਰਥਵਾਦੀ ਰੂਪ ਵਿਚ ਹੋਣੀ ਸੁਭਾਵਕ ਹੈ। ਇਹ ਸਾਰੇ ਤੱਤ ਮਿਲਕੇ ਹੀ ਕਥਾਨਕ ਨੂੰ ਸੁਸੰਗਠਤ ਅਤੇ ਪੜ੍ਹਨਯੋਗ ਕ੍ਰਿਤ ਬਣਾਉਂਦੇ ਹਨ। ਇਸ ਨਾਵਲ ਵਿਚ ਜਿੰਨੇ ਵੀ ਪ੍ਰਮੁੱਖ ਪਾਤਰ ਸਿਰਜੇ ਗਏ ਹਨ ਜਿਵੇਂ ਗੋਰਾ, ਮਹਿੰਦਰੋ, ਗਿੰਦਰ, ਘੋਅਟੀ, ਜੈਲਾ, ਮਲਾਗਰ ਸਿਹੁੰ, ਪਾਲਾ ਤੇ 'ਜੀਪਾਂ ਵਾਲੇ' ਆਦਿ ਸਾਰੇ ਆਪਣੀ ਆਪਣੀ ਸਥਿਤੀ ਅਨੁਸਾਰ ਅਤੇ ਆਪਣੇ ਆਪਣੇ ਸ਼੍ਰੇਣੀ ਸੁਭਾਅ ਅਨੁਸਾਰ ਹੀ ਕਾਰਜ ਕਰਦੇ ਹਨ। ਜਿਵੇਂ; ਗੋਰੇ ਦਾ ਫੈਕਟਰੀ ਮਾਲਕ ਦੇ ਘਰ ਗੋਹਾ ਨਾ ਸੁੱਟਣਾ, ਡਰਾਇਵਰੀ ਸਿਖਣ ਲਈ ਤੇਲੂ ਵਰਗੇ ਡਰਾਇਵਰਾਂ ਅਤੇ ਕੰਡਕਟਰਾਂ ਦਾ ਸੋਸ਼ਣ ਨਾ ਸਹਿਣਾ, ਸੀਰੀ ਰੱਲਣ ਲਈ ਤਿਆਰ ਨਾ ਹੋਣਾ ਆਦਿ ਅਜਿਹੇ ਵੇਰਵੇ ਸਿਰਜੇ ਗਏ ਹਨ ਜਿਹੜੇ ਉਤਪਾਦਨ ਤੇ ਉਸਰੇ ਹੋਣ ਕਰਕੇ ਅਮਾਨਵੀ ਹਨ। ਗੋਰੇ ਦਾ ਇਨ੍ਹਾਂ ਨੂੰ ਪ੍ਰਵਾਨ ਨਾ ਕਰਨਾ ਭਾਵੇਂ ਉਸਦਾ ਚੇਤੰਨ ਪ੍ਰਤੀਕਰਮ ਨਹੀਂ ਪਰੰਤੂ, ਨਾਵਲੀ ਸਥਿਤੀਆਂ ਅਨੁਸਾਰ ਸੰਭਵ ਜ਼ਰੂਰ ਹੋ ਜਾਂਦਾ। ਇਸੇ ਤਰ੍ਹਾਂ ਇਸ ਨਾਵਲ ਵਿਚ ਮਹਿੰਦਰੋਂ ਦਾ ਕਿਰਦਾਰ ਵੀ ਪੇਂਡੂ ਜਮਾਤੀ ਸਮਾਜ ਦੀਆਂ ਸ਼ੋਸ਼ਿਤ ਕਦਰਾਂ ਕੀਮਤਾਂ ਵਿਰੁਧ ਸੁਭਾਵਕ ਪ੍ਰਤੀਕਰਮ ਹੈ ਚੇਤੰਨ ਕਰਮ ਨਹੀਂ। ਲੇਖਕ ਨੇ ਇਨ੍ਹਾਂ ਪਾਤਰਾਂ ਨੂੰ ਯਥਾਰਥਵਾਦੀ ਰੂਪ ਵਿਚ ਅਤੇ ਇਤਿਹਾਸਕ ਸਥਿਤੀਆਂ ਵਿਚ ਪੇਸ਼ ਕਰਨ ਕਰਕੇ ਅਜਿਹਾ ਸਿਰਜਿਆ ਹੈ। ਮਹਿੰਦਰੋ ਆਪਣੀ ਸੱਸ ਅਤੇ ਦਿਉਰਾਂ ਜੇਠਾਂ ਦੇ ਅਮਾਨਵੀ ਵਿਹਾਰ ਕਰਕੇ ਮਾਨਸਿਕ ਕਲੇਸ਼ ਵਿਚੋਂ ਲੰਘਦੀ ਹੈ। ਪਰੰਤੂ, ਉਸਦੀ ਸਥਿਤੀ ਬਹੁਤੀ ਸਥਿਰ ਨਹੀਂ। ਉਹ ਇਕ ਵਾਰ ਧੱਕਾ ਸਹਿਕੇ ਚੁੱਪ ਕਰ ਰਹਿਣ ਵਾਲੀ ਔਰਤ ਹੈ। ਉਸ ਵਿਚ ਇਸ ਧੱਕੇ ਵਿਰੁੱਧ ਰੋਸ ਕਰਨ ਦੀ ਨਾ ਹਿੰਮਤ ਹੈ ਨਾ ਚੇਤਨਾ। ਉਹ ਆਪਣੀ ਸਥਿਤੀ ਅਨੁਸਾਰ ਚੁੱਪ ਕਰ ਰਹਿਣ ਵਿਚ ਹੀ ਬੇਹਤਰੀ ਸਮਝਦੀ ਹੈ ਜੋ ਕਿ ਸੁਭਾਵਕ ਜਾਪਦੀ ਹੈ। ਧੱਕਾ ਸਹਿਣਾ ਉਸਦੀ ਆਰਥਕ ਅਤੇ ਸਮਾਜਕ ਸਥਿਤੀ ਦਾ ਪ੍ਰਤੀਕ ਹੈ। ਨਾਵਲ ਨੂੰ

ਪੜ੍ਹਦਿਆਂ ਅਜਿਹਾ ਵੀ ਪ੍ਰਤੀਤ ਹੁੰਦਾ ਹੈ ਕਿ ਉਸਦੀ 'ਖੇਹ ਖਾਣ' ਵਾਲੀ ਉਮਰ ਲੰਘ ਚੁੱਕੀ ਹੈ ਤੇ ਉਹ ਬੱਚੇ ਵੀ ਗਿੰਦਰ ਦੇ ਜੰਮ ਚੁੱਕੀ ਹੈ ਜਿਸ ਕਰਕੇ ਉਹ ਧੱਕਾ ਸਹਿ ਲੈਂਦੀ ਹੈ। ਪਰੰਤੂ, ਪੰਜਾਲੀ ਹੇਠ ਸਿਰ ਦੇ ਕੇ ਨਹੀਂ ਚੱਲ ਸਕਦੀ। ਇਸ ਤੋਂ ਇਹ ਭਾਸਦਾ ਹੈ ਕਿ ਮਹਿੰਦਰੋਂ ਇਨ੍ਹਾਂ ਬਣਦੇ ਵਿਗੜਦੇ ਰਿਸ਼ਤਿਆਂ ਤੇ ਅਨੈਤਿਕ ਮੁੱਲਾਂ ਬਾਰੇ ਚੇਤੰਨ ਨਹੀਂ ਬਲਕਿ ਉਸਦਾ ਸੁਭਾਵਕ ਜਿਹਾ ਪ੍ਰਤੀਕਰਮ ਹੈ। ਇਸ ਤਰ੍ਹਾਂ ਮਹਿੰਦਰੋਂ ਨਾਲ ਵਾਪਰੀਆਂ ਘਟਨਾਵਾਂ ਦੇ ਕਾਰਨ ਵੀ ਜਮਾਤੀ ਸਮਾਜ ਵਿਚ ਪਨਪ ਰਹੀਆਂ ਇਤਿਹਾਸਕ ਅਮਾਨਵੀ ਕਦਰਾਂ ਕੀਮਤਾਂ ਦੇ ਪ੍ਰਤੀਕ ਹਨ। ਮਹਿੰਦਰੋਂ ਨਾਲ ਸੰਬੰਧਤ ਇਨ੍ਹਾਂ ਮਹੱਤਵਪੂਰਨ ਵੇਰਵਿਆਂ ਰਾਹੀਂ ਕਥਾਨਕ ਜਿਥੇ ਇਤਿਹਾਸਕ ਮਹੱਤਵ ਵਾਲਾ ਜਾਪਦਾ ਹੈ ਉਥੇ ਕਥਾਨਕ ਨੂੰ ਉਤਸੁਕਤਾ ਵੀ ਪ੍ਰਦਾਨ ਕਰਦਾ ਹੈ।

'ਰੋਹੀ ਬੀਆਬਾਨ' ਨਾਵਲ ਦਾ ਕਥਾਨਕ ਲਕੀਰੀ ਬ੍ਰਿਤਾਂਤ ਵਾਲਾ ਨਹੀਂ ਬਲਕਿ ਜਟਿਲ ਸਰੂਪ ਵਾਲਾ ਹੈ। ਲੇਖਕ ਦਾ ਮਨੋਰਥ ਮਹਿੰਦਰੋਂ ਅਤੇ ਗਿੰਦਰ ਦੇ ਪਰਿਵਾਰ ਦੇ ਪਾਤਰਾਂ ਰਾਹੀਂ ਦੁਖਾਂਤ ਸਿਰਜਣ ਦਾ ਨਹੀਂ ਬਲਕਿ ਉਨ੍ਹਾਂ ਦੇ ਜੀਵਨ ਸਮਾਚਾਰਾਂ ਦੇ ਬ੍ਰਿਤਾਂਤ ਰਾਹੀਂ ਮਾਲਵਾ ਖੇਤਰ ਵਿਸ਼ੇਸ਼ ਦੇ ਇਸ ਇਤਿਹਾਸਕ ਪੜਾਅ ਉਤੇ ਸਮੁੱਚੇ ਜੀਵਨ ਨੂੰ ਪੇਸ਼ ਕਰਨਾ ਹੈ। ਨਾਵਲਕਾਰ ਜਦੋਂ ਕਿਸੇ ਖੇਤਰ ਵਿਸ਼ੇਸ਼ ਦੇ ਜੀਵਨ ਨੂੰ ਸਮੁੱਚੇ ਰੂਪ ਵਿਚ ਪੇਸ਼ ਕਰਨ ਦਾ ਯਤਨ ਕਰਦਾ ਹੈ ਤਾਂ ਉਸਨੂੰ ਸਮੁੱਚੇ ਜਨ-ਸਮੂਹ ਦੇ ਵਿਭਿੰਨ ਵਰਗਾਂ ਨੂੰ ਸਿਰਜਣਾ ਪੈਂਦਾ ਹੈ। ਵਿਭਿੰਨ ਵਰਗਾਂ ਦੀ ਸਿਰਜਣਾ ਤਦ ਹੀ ਸੰਭਵ ਹੁੰਦੀ ਹੈ ਜੇਕਰ ਲੇਖਕ ਵਿਭਿੰਨ ਵਰਗਾਂ ਦੀਆਂ ਪ੍ਰਤੀਨਿਧ ਸਥਿਤੀਆਂ ਦੀ ਸਿਰਜਣਾ ਕਰੇ। ਰੋਹੀ ਬੀਆਬਾਨ ਨਾਵਲ ਵਿਚ ਕਿਰਸਾਣੀ ਜਮਾਤ ਦੇ ਭਿੰਨਾਂ ਵਰਗਾਂ ਦੀਆਂ ਪ੍ਰਤੀਨਿਧ ਸਥਿਤੀਆਂ ਦੀ ਸਿਰਜਣ ਹੋਈ ਹੈ।

'ਰੋਹੀ ਬੀਆਬਾਨ' ਨਾਵਲ ਦਾ ਕਥਾਨਕ ਮਨੋਰਥ ਅਧੀਨ ਲਿਖੇ ਗਏ ਪਰੰਪਰਾਵਾਦੀ ਕਥਾਨਕ ਵਾਲੇ ਨਾਵਲਾਂ ਤੋਂ ਭਿੰਨ ਹੈ। ਕਿਉਂਕਿ ਇਸਦੇ ਕਥਾਨਕ ਦੀਆਂ ਸਮੁੱਚੀਆਂ ਘਟਨਾਵਾਂ ਕਾਰਨ ਕਾਰਜ ਦੀ ਸੰਗਲੀ ਵਿਚ ਪਰੋਈਆਂ ਹੋਈਆਂ ਹਨ। ਇਹ ਕਥਾਨਕ ਵਿਸ਼ੁੱਧ ਯਥਾਰਥਵਾਦੀ ਸਰੂਪ ਵਾਲਾ ਹੋਣ ਕਰਕੇ ਆਧੁਨਿਕ ਨਾਵਲਾਂ ਦੇ ਕਥਾਨਕ ਤੋਂ ਵੱਖਰਾ ਹੈ। ਆਧੁਨਿਕ ਪ੍ਰਯੋਗਵਾਦੀ ਨਾਵਲ ਆਮ ਤੌਰ ਤੇ ਮਨੋਵਿਗਿਆਨਕ ਸਿਧਾਂਤਾਂ ਨੂੰ ਪੇਸ਼ ਕਰਨ ਲਈ ਨਾਵਲੀ ਸੰਸਾਰ ਦੀ ਸਿਰਜਣਾ ਕਰਦੇ ਹਨ। ਅਜਿਹੇ ਨਾਵਲਾਂ ਦੀ ਸਿਰਜਣਾ ਵਿਚ ਪਾਤਰਾਂ ਦੀ ਮਾਨਸਿਕਤਾ ਦਾ ਵਿਸ਼ਲੇਸ਼ਣ ਕੇਂਦਰ ਵਿਚ ਰਹਿੰਦਾ ਹੈ। ਇਹੀ ਕਾਰਨ ਹੈ ਕਿ ਇਹ ਨਾਵਲ ਵਿੱਚ ਪਾਤਰ-ਉਸਾਰੀ ਦੀਆਂ ਆਧੁਨਿਕ ਵਿਧੀਆਂ ਦੀ ਸਿਰਜਣਾ ਕਰਦੇ ਹਨ। ਇਨ੍ਹਾਂ ਨਾਵਲਾਂ ਵਿਚ ਜੀਵਨ ਦੀਆਂ ਬਾਹਰਮੁੱਖੀ ਘਟਨਾਵਾਂ ਦੀ ਸਿਰਜਣਾ ਬਹੁਤ ਘੱਟ ਹੁੰਦੀ ਹੈ ਜਾਂ ਬਾਹਰਮੁੱਖੀ ਘਟਨਾਵਾਂ ਨੂੰ ਸਿਰਫ ਸੂਚਨਾ ਦੀ ਪੱਧਰ ਤੇ ਹੀ ਪੇਸ਼ ਕੀਤਾ ਗਿਆ ਹੁੰਦਾ ਹੈ। ਇਹੀ ਕਾਰਨ ਹੈ ਕਿ ਇਹ ਨਾਵਲ ਬਾਹਰਮੁੱਖੀ ਘਟਨਾਵਾਂ ਅਤੇ ਜੀਵਨ ਤੋਂ ਟੁੱਟ ਜਾਂਦੇ ਹਨ।

'ਰੋਹੀ ਬੀਆਬਾਨ' ਨਾਵਲ ਮਾਲਵਾ ਖੇਤਰ ਦੇ ਆਰਥਿਕ ਸਮਾਜਕ ਰਾਜਨੀਤਿਕ ਜੀਵਨ ਨੂੰ ਪੇਸ਼ ਕਰਨ ਵਾਲਾ ਕਥਾਨਕ ਹੈ। ਇਸ ਵਿਚ ਬਹੁਤ ਘੱਟ ਘਟਨਾਵਾਂ ਸਿਰਜੀਆਂ ਗਈਆਂ ਹਨ। ਪਰੰਤੂ, ਸਾਰੀਆਂ ਘਟਨਾਵਾਂ ਅਤੇ ਸਥਿਤੀਆਂ ਬਾਹਰਮੁਖੀ ਹੋਣ ਕਰਕੇ ਜੀਵੰਤ ਜਾਪਦੀਆਂ ਹਨ। ਇਕ ਘਟਨਾ ਜਾਂ ਕ੍ਰਮ ਦੂਜੀ ਘਟਨਾ ਕ੍ਰਮ ਜਾਂ ਸਥਿਤੀ ਵਿਚੋਂ ਸੁਭਾਵਕ ਰੂਪ ਵਿਚ ਨਿਕਲਦਾ ਹੈ। ਜਿਸ ਕਰਕੇ ਨਾਵਲ ਦਾ ਇਕ ਸੁਸੰਗਠਤ ਅਤੇ ਸੁਭਾਵਕ ਅੰਗ ਬਣ ਜਾਂਦਾ ਹੈ। ਇਸ ਤਰ੍ਹਾਂ ਇਕ ਦੂਜੀ ਨਾਲ ਸੰਬੰਧਤ ਹੋਣ ਕਰਕੇ ਇਹ ਰਚਨਾ ਦੇ ਕੇਂਦਰੀ ਮਸਲੇ ਨੂੰ ਡੂੰਘਾਈ ਵੀ ਪ੍ਰਦਾਨ ਕਰਦੀਆਂ ਹਨ ਤੇ ਯਥਾਰਥਕ ਰੂਪ ਵੀ ਦਿੰਦੀਆਂ ਹਨ।

ਨਾਵਲ ਦੇ ਕਥਾਨਕ ਵਿਚ ਤਨਾਉਂ ਦਾ ਸਿਰਜਣ ਵੀ ਮਹੱਤਵ ਰਖਦਾ ਹੈ। ਤਨਾਉਂ ਰਾਹੀਂ ਘਟਨਾ ਪ੍ਰਬੰਧ ਵਿਚ ਉਤਸੁਕਤਾ ਪੈਦਾ ਹੁੰਦੀ ਹੈ। ਜਿਸ ਨਾਲ ਪਾਠਕ ਦੀ ਨਾਵਲ ਪੜ੍ਹਨ ਵਿਚ ਰੁਚੀ ਜਾਗਦੀ। ਜੇ ਤਨਾਉਪੂਰਨ ਸਥਿਤੀ ਜੀਵਨ ਯਥਾਰਥ ਨੂੰ ਪੇਸ਼ ਕਰੇ ਤਾਂ ਉਸਦਾ ਮੁੱਲ ਹੋਰ ਵੀ ਵੱਧ ਜਾਂਦਾ ਹੈ। 'ਰੋਹੀ ਬੀਆਬਾਨ' ਨਾਵਲ ਦੀਆਂ ਘਟਨਾਵਾਂ ਤਨਾਉ ਸਿਰਜਦੀਆਂ ਹਨ। ਪਰੰਤੂ, ਹੌਲੀ ਹੌਲੀ ਅਗਲੀ ਘਟਨਾ ਦੇ ਵਾਪਰਨ ਨਾਲ ਪਹਿਲਾਂ ਤਨਾਉ ਘਟ ਜਾਂਦਾ ਹੈ ਅਗਲੀ ਸਥਿਤੀ ਭਾਰੂ ਹੋ ਜਾਂਦੀ ਹੈ। ਜਾਪਦਾ ਹੈ ਕਿ ਇਸ ਸਥਿਤੀ ਵਿਚ ਗੋਰਾ ਜਾਂ ਉਸਦਾ ਪਰਿਵਾਰ ਕਿਸ ਢੰਗ ਨਾਲ ਤਨਾਉ ਪੂਰਨ ਸਥਿਤੀ ਦਾ ਵਿਸਰਜਨ ਕਰੇਗਾ। 'ਰੋਹੀ ਬੀਆਬਾਨ' ਨਾਵਲ ਦਾ ਇਹ ਤਨਾਉ ਭਾਵੇਂ ਬਹੁਤ ਉਤਸੁਕਤਾ ਭਰਪੂਰ ਨਹੀਂ ਪਰੰਤੂ, ਨਿਤਾ-ਪ੍ਰਤੀ ਦੇ ਜੀਵਨ ਨਾਲ ਸੰਬੰਧਤ ਸੁਭਾਵਕ

ਵਾਪਰਦੀਆਂ ਘਟਨਾਵਾਂ ਦੀ ਉਪਜ ਹੈ ਪਰੰਤੂ ਇਹ ਤਨਾਉ ਦੁਖਾਂਤ ਸਿਰਜਣ ਲਈ ਮਾਨਸਿਕ ਕਸ਼ਟ ਦੇਣ ਲਈ ਪਾਠਕ ਦੇ ਮਨ ਉਤੇ ਡੂੰਗਾ ਪ੍ਰਭਾਵ ਪਾਉਂਦਾ ਹੈ। ਗੋਰੇ ਦੇ ਕੁੱਟ ਪੈਣ ਵਾਲੀ ਘਟਨਾ ਰਾਹੀ ਜਿਸ ਕਦਰ ਨਾਵਲਕਾਰ ਨੇ ਮਾਨਸਿਕ ਕਸ਼ਟ ਜਾਂ ਕਲੇਸ਼ ਦੀ ਤਸਵੀਰ-ਕਸ਼ੀ ਕੀਤੀ ਹੈ ਉਸ ਵਿਚ ਮਹਿੰਦਰੋਂ ਦੀ ਮਮਤਾ ਵੀ ਹਿਰਦੇ ਵੇਧਕ ਕਰੁਣਾਮਈ ਰੂਪ ਧਾਰਦੀ ਪ੍ਰਤੀਤ ਹੁੰਦੀ ਹੈ। ਇਸੇ ਤਰ੍ਹਾਂ ਗੋਰੇ ਦੀ ਸਕੂਲ ਦੀ ਕੁੱਟ, ਤੇਲੂ ਦੀ ਕੁੱਟ, ਫੈਕਟਰੀ ਦੇ ਮਾਲਕ ਦਾ ਅਮਾਨਵੀ ਵਿਵਹਾਰ, ਤੇਲ ਦਾ ਕੈਨ ਲੈ ਕੇ ਆ ਰਹੇ ਗੋਰੇ ਦੀ ਹਾਲਤ ਅਜਿਹੀਆਂ ਹਿਰਦੇਵੇਧਕ ਸਥਿਤੀਆਂ ਹਨ ਜਿਨ੍ਹਾਂ ਦਾ ਵਿਸਥਾਰ ਪਦਾਰਥਵਾਦੀ ਯੁਗ ਦੇ ਅਮਾਨਵੀ ਰਿਸ਼ਤਿਆਂ ਨਾਲ ਜੁੜਿਆ ਹੋਣ ਕਰਕੇ ਬਹੁਪ੍ਰਤੀ ਕਾਰਨਾਂ ਦੀ ਸਿਰਜਣਾ ਕਰਦਾ ਹੈ ਇਉਂ ਇਸ ਨਾਵਲ ਵਿਚਲਾ ਤਨਾਉ ਦੁਖਾਂਤਮਈ ਸਥਿਤੀਆਂ ਦੀ ਸਿਰਜਣਾ ਹੈ। ਡਾ. ਕੇਸਰ 'ਰੋਹੀ ਬੀਆਬਾਨ' ਨਾਵਲ ਨੂੰ ਦੁਖਾਂਤਕ ਰਚਨਾ ਸਿੱਧ ਕਰਦੇ ਹੋਏ ਲਿਖਦੇ ਹਨ :

"ਦੁਖਾਂਤਕ ਸਹਿਤ ਰਚਨਾ ਉਦੋਂ ਹੋਂਦ ਵਿਚ ਆਉਂਦੀ ਹੈ। ਜਦੋਂ ਸੰਵਦੇਨਸ਼ੀਲ ਵਿਅਕਤੀਆਂ ਨੂੰ ਅਜਿਹੇ ਬੁਨਿਆਦੀ ਸੰਕਟ ਵਿਆਪਦੇ ਹਨ, ਜਿਨ੍ਹਾਂ ਦਾ ਹੱਕ ਉਨ੍ਹਾਂ ਦੀ ਪਹੁੰਚ ਤੋਂ ਦੂਰ ਸਮਾਜਕ ਸਭਿਆਚਾਰਕ ਤੇ ਰਾਜਨੀਤਿਕ ਤਬਦੀਲੀਆਂ ਵਿਚ ਪਿਆ ਹੁੰਦਾ ਹੈ।

ਇਸ ਨਾਵਲ ਦੀ ਵਿਲੱਖਣਤਾ ਇਸਦੇ ਤਣਾਉ ਭਰਪੂਰ ਕਥਾਨਕ ਵਿਚ ਨਹੀਂ ਬਲਕਿ ਇਸਦੇ ਦੁਖਾਂਤਕ ਹੋਣ ਨਾਲ ਵਧੇਰੇ ਪੜ੍ਹਨਯੋਗ ਕ੍ਰਿਤ ਬਣੀ ਹੈ।

### 1.3.3.2 ਰੋਹੀ ਬੀਆਬਾਨ ਦੀਆਂ ਕਥਾ ਜੁਗਤਾਂ ਅਤੇ ਭਾਸ਼ਾ ਸ਼ੈਲੀ

ਭਾਸ਼ਾ ਇਕ ਅਜਿਹਾ ਸਾਧਨ ਹੈ ਜਿਸ ਰਾਹੀਂ ਮਨੁੱਖੀ ਭਾਵਾਂ ਦਾ ਸੰਚਾਰ ਹੁੰਦਾ ਹੈ। ਨਾਵਲ ਵਿਚ ਭਾਸ਼ਾ ਕੇਵਲ ਸੰਚਾਰ ਦਾ ਮਾਧਿਅਮ ਹੀ ਨਹੀਂ ਬਲਕਿ ਸਮੁੱਚੀ ਨਾਵਲੀ ਸਰੰਚਨਾ ਅਨੁਸਾਰ ਨਵਾਂ ਰੂਪ ਵੀ ਗ੍ਰਹਿਣ ਕਰਦੀ ਹੈ। ਭਾਸ਼ਾ ਤੋਂ ਬਿਨਾਂ ਨਾਵਲ ਦੀ ਹੋਂਦ ਸੰਭਵ ਨਹੀਂ। ਨਾਵਲਕਾਰ ਦੀ ਭਾਸ਼ਾ ਸ਼ੈਲੀ ਉਹ ਵਿਧੀ ਹੈ ਜਿਸ ਰਾਹੀਂ ਨਿੱਤ ਵਰਤੋਂ ਦੀ ਬੋਲੀ ਸਿਰਜਣਾਤਮਕ ਰੂਪ ਗ੍ਰਹਿਣ ਕਰਦੀ ਹੈ। ਜਿਸ ਪ੍ਰਕਾਰ ਦੀ ਲੇਖਕ ਦੀ ਸਖਸ਼ੀਅਤ ਹੋਏਗੀ ਉਸ ਪ੍ਰਕਾਰ ਦੀ ਉਸਦੀ ਭਾਸ਼ਾ ਜਾਂ ਲਿਖਣ ਢੰਗ ਹੋਏਗਾ। ਅੰਗ੍ਰੇਜ਼ੀ ਵਿਦਵਾਨਾਂ ਨੇ ਸ਼ੈਲੀ ਨੂੰ 'Style is a man' ਕਿਹਾ ਹੈ। ਇਸ ਲਈ ਜੇ ਕੋਈ ਲੇਖਕ ਭਾਵੁਕ ਕਿਸਮ ਦਾ ਵਿਅਕਤੀ ਹੋਏਗਾ ਤਾਂ ਉਸਦੀ ਸ਼ੈਲੀ (ਲਿਖਣ ਢੰਗ) ਰੁਮਾਂਟਿਕ ਜਾਂ ਕਾਵਿਕ ਕਿਸਮ ਦਾ ਹੋਏਗਾ। ਵਿਚਾਰਵਾਨ ਅਤੇ ਬੌਧਿਕ ਕਿਸਮ ਦੇ ਵਿਅਕਤੀ ਦੀ ਸ਼ੈਲੀ ਯਥਾਰਥਕ ਅਤੇ ਨਿਬੰਧ ਸ਼ੈਲੀ ਵਾਲੇ ਸੁਭਾਵਾਲੀ ਹੋਏਗੀ। ਇਸ ਤੋਂ ਇਹ ਗੱਲ ਸਪਸ਼ਟ ਹੋ ਜਾਂਦੀ ਹੈ ਕਿ ਸ਼ੈਲੀ ਕਿਸੇ ਲੇਖਕ ਦੇ ਵਿਚਾਰਾਂ, ਭਾਵਨਾਵਾਂ ਵਿਦਿਅਕ ਤੇ ਬੌਧਿਕ ਯੋਗਤਾ ਅਨੁਸਾਰ ਆਪਣਾ ਰੂਪ ਗ੍ਰਹਿਣ ਕਰਦੀ ਹੈ।

ਸ਼ੈਲੀ ਦਾ ਸੰਬੰਧ ਜਿਥੇ ਲੇਖਕ ਦੇ ਵਿਚਾਰਾਂ ਦੀ ਅਭਿਵਿਅਕਤੀ ਨਾਲ ਹੈ, ਉਥੇ ਉਨ੍ਹਾਂ ਵਿਚਾਰਾਂ ਨੂੰ ਪੇਸ਼ ਕਰਨ ਵਾਲੀ ਭਾਸ਼ਾ ਨਾਲ ਵੀ ਡੂੰਘਾ ਸੰਬੰਧ ਹੁੰਦਾ ਹੈ। ਹਰ ਲੇਖਕ ਆਪਣੇ ਸੁਭਾਅ ਤਜਰਬਾ, ਗਿਆਨ ਅਤੇ ਅਨੁਭਵ ਕਰਕੇ ਇਕ ਦੂਸਰੇ ਨਾਲੋਂ ਵੱਖਰਾ ਹੁੰਦਾ ਹੈ। ਇਹੀ ਕਾਰਨ ਹੈ ਕਿ ਉਸਦੀ ਭਾਸ਼ਾ ਸ਼ੈਲੀ ਕਿਸੇ ਦੂਜੇ ਲੇਖਕ ਨਾਲ ਨਹੀਂ ਮਿਲਦੀ। ਕਿਸੇ ਵੀ ਲੇਖਕ ਦੀ ਵਰਤੋਂ ਵਿਚ ਲਿਆਂਦੀ ਸ਼ੈਲੀ ਤੋਂ ਉਸ ਲੇਖਕ ਦੀ ਪਛਾਣ ਬਣਦੀ ਹੈ। ਇਉਂ ਹਰ ਲੇਖਕ ਦੀ ਆਪਣੀ ਅੱਡਰੀ ਪਹਿਚਾਣ ਬਣ ਜਾਂਦੀ ਹੈ ਜਿਹੜੀ ਉਸਦੀ ਰਚਨਾ ਨਾਲ ਜੁੜ ਜਾਂਦੀ ਹੈ।

ਨਾਵਲ ਵਿਚ ਭਾਸ਼ਾ ਮੁੱਖ ਤੌਰ ਤੇ ਤਿੰਨ ਕਾਰਜ ਨਿਭਾਉਂਦੀ ਹੈ ਪਹਿਲਾ ਕਾਰਜ ਵਰਨਣਾਤਮਕ ਕਾਰਜ ਹੈ। ਦੂਜਾ ਬ੍ਰਿਤਾਂਤ ਸਿਰਜਦੀ ਹੈ। ਤੀਜਾ ਵਾਰਤਾਲਾਪਾਂ ਰਾਹੀਂ ਵਿਅਕਤੀਗਤ ਪਛਾਣ ਦਿੰਦੀ ਹੈ। ਨਾਵਲ ਇਕ ਲੰਮੀ ਗਦ ਰਚਨਾ ਹੁੰਦੀ ਹੈ ਨਾਵਲਕਾਰ ਨੂੰ ਨਾਵਲ ਵਿਚ ਬਹੁਤੀਆਂ ਥਾਵਾਂ ਤੇ ਪਾਤਰਾਂ ਪਰਿਸਥਿਤੀਆਂ ਵਾਤਾਵਰਣ ਆਦਿ ਦਾ ਪਿਛੋਕੜ ਉਸਾਰਨਾ ਪੈਂਦਾ ਹੈ ਜਿਸਨੂੰ ਉਸਾਰਨ ਲਈ ਉਸਨੂੰ ਵਰਨਣ ਦੀ ਜ਼ਰੂਰਤ ਹੁੰਦੀ ਹੈ। ਪਾਤਰਾਂ ਪਰਿਸਥਿਤੀਆਂ, ਵਾਤਾਵਰਣ ਅਤੇ ਦੇਸ਼ ਕਾਲ ਆਦਿ ਦੀ ਸੂਚਨਾ ਬ੍ਰਿਤਾਂਤ ਅਤੇ ਵਾਰਤਾਲਾਪ ਰਾਹੀਂ ਦੇਣੀ ਸੰਭਵ ਨਹੀਂ ਹੁੰਦੀ ਜਿੰਨੇ ਵਰਨਣਾਤਮਕ ਵਿਧੀ ਰਾਹੀਂ ਹੁੰਦੀ ਹੈ। ਜਿਸ ਕਰਕੇ ਨਾਵਲਕਾਰ ਇਸ ਵਿਧੀ ਦੀ ਵਰਤੋਂ ਕਰਦਾ ਹੈ। ਨਾਟਕ ਵਿਚ ਅਜਿਹੀ ਸੂਚਨਾ ਨਾਟਕ ਤੋਂ ਪਹਿਲਾਂ ਦੇ ਦਿਤੀ ਜਾਂਦੀ ਹੈ। ਪਰੰਤੂ, ਨਾਵਲਕਾਰ ਕੋਲ ਅਜਿਹੀ ਸੁਵਿਧਾ ਹੁੰਦੀ ਹੈ ਕਿ ਇਹ ਲੋੜ ਅਨੁਸਾਰ ਜਿਥੇ ਜ਼ਰੂਰਤ ਸਮਝਦਾ ਹੈ ਵਰਨਣਾਤਮਕ ਵਿਧੀ ਦੀ ਵਰਤੋਂ ਕਰਦਾ ਹੈ। ਵਰਨਣ ਕਰਨ ਸਮੇਂ ਨਾਵਲਕਾਰ ਲਈ ਮਹੱਤਵਪੂਰਨ ਗੱਲ ਇਹ ਹੁੰਦੀ ਹੈ ਕਿ ਉਹ ਵਰਨਣ ਨੂੰ ਸੂਚਨਾ ਦੀ

ਪੱਧਰ ਉਤੇ ਨਹੀਂ ਬਲਕਿ ਸਜੀਵ ਨਾਵਲੀ ਬਿੰਬ ਰਾਹੀਂ ਪੇਸ਼ ਕਰੇ। ਪਰੰਪਰਾਵਾਦੀ ਨਾਵਲ ਵਿਚ ਕਈ ਵਾਰੀ ਇਹੋ ਘਾਟ ਹੁੰਦੀ ਹੈ ਕਿ ਨਾਵਲਕਾਰ ਵਰਨਣ ਨੂੰ ਸੰਬੋਧਨ ਬਣਾ ਦਿੰਦਾ ਹੈ। ਜਿਸ ਵਿਚ ਬਹੁਤਾ ਸੰਬੋਧਨ ਅਜਿਹਾ ਹੁੰਦਾ ਹੈ ਜਿਸਦੀ ਨਾਵਲ ਵਿਚ ਜ਼ਰੂਰਤ ਨਹੀਂ ਹੁੰਦੀ। ਭਾਈ ਵੀਰ ਸਿੰਘ, ਨਾਨਕ ਸਿੰਘ ਅਤੇ ਬਹੁਤ ਸਾਰੇ ਕੰਵਲ ਦੇ ਨਾਵਲਾਂ ਵਿਚਲੇ ਸੰਬੋਧਨ ਨੂੰ ਨਾਵਲ ਵਿਚੋਂ ਸਹਿਜੇ ਹੀ ਕਢਿਆ ਜਾ ਸਕਦਾ ਹੈ। ਸੁਰਿੰਦਰ ਸਿੰਘ ਨਰੂਲਾਂ ਦੇ ਨਾਵਲ 'ਪਿਉ ਪੁਤਰ' ਨਾਵਲ ਵਿਚ ਵੀ ਇਹ ਦੋਸ਼ ਪਾਇਆ ਗਿਆ ਹੈ।ਕਰਮਜੀਤ ਸਿੰਘ ਕੁੱਸਾ ਪੰਜਾਬੀ ਦਾ ਪ੍ਰੌਢ ਨਾਵਲਕਾਰ ਹੈ ਜਿਸ ਕਰਕੇ ਉਸਦੇ ਸਮੁੱਚੇ ਨਾਵਲ ਵਿਚ ਉਸਦਾ ਵਰਨਣ ਸੂਚਨਾ ਦੀ ਪੱਧਰ ਦਾ ਨਹੀਂ ਬਲਕਿ ਪ੍ਰਕਾਰਜੀ ਰੂਪ ਵਿਚ ਹੁੰਦਾ ਹੈ। ਇਹੀ ਕਾਰਨ ਹੈ ਕਿ ਕੁੱਸੇ ਦੇ ਨਾਵਲਾਂ ਨੂੰ ਪੜ੍ਹਦਿਆਂ ਕਿਧਰੇ ਵੀ ਇਹ ਵਰਨਣ ਅਕਾਊ ਜਾਂ ਬੇਲੋੜਾ ਨਹੀਂ ਜਾਪਦਾ। ਇਹ ਵਰਨਣ ਲੱਗਭੱਗ ਸਾਰੇ ਪਾਤਰਾਂ ਦੇ ਸਰੀਰਕ, ਮਾਨਸਿਕ ਪੱਧਰ ਨੂੰ ਬਿੰਬ ਰੂਪ ਵਿਚ ਸਿਰਜਦਾ ਹੈ। ਇਹ ਬਿੰਬ ਪਾਤਰਾਂ ਦੀ ਭੌਤਿਕ ਹੋਂਦ ਨੂੰ ਸਜੀਵ ਰੂਪ ਵਿਚ ਸਾਕਾਰ ਕਰਦੇ ਹਨ। ਨਾਵਲ ਵਿਚ ਵੱਖ ਵੱਖ ਪਾਤਰਾਂ ਦੀ ਸਰੀਰਕ ਅਤੇ ਮਾਨਸਿਕ ਬਣਤਰ ਦੇ ਬਿੰਬ ਸਹਿਜੇ ਹੀ ਦੇਖੇ ਜਾ ਸਕਦੇ ਹਨ ਜਿਵੇ ਂ ਨਾਵਲ ਦੇ ਅਰੰਭ ਵਿਚ ਹੀ ਮਹਿੰਦਰੋਂ ਦੀ ਸਰੀਰਕ ਅਤੇ ਮਾਨਸਿਕ ਬਣਤਰ ਦਾ ਪਤਾ ਲੱਗ ਜਾਂਦਾ ਹੈ:

"..........ਚੌਤੇ ਵਿਚ ਬੈਠਿਆਂ ਹੀ ਉਹਨੇ ਆਲੇ ਦੁਆਲੇ ਖਿੱਲਰੇ ਖਪੇਰੇ ਜੂਠੇ ਭਾਂਡਿਆਂ ਨੂੰ ਪੋਲੇ ਜਿਹੇ ਹੱਥ ਨਾਲ ਆਪਣੇ ਨੇੜੇ ਖਿੱਚਣ ਦਾ ਯਤਨ ਕੀਤਾ। ਬਿੰਦੇ ਝੱਟੇ ਬੀਹੀ ਵਾਲੇ ਬਾਰ ਵੱਲ ਵਿਹੰਦੀ, ਮੂੰਹ ਵਿਚ ਤਿੜਕੇ ਭਾਂਡੇ ਵਾਂਗ ਬੁੜ ਬੁੜ ਕਰਦੀ, ਪਤੀਲਾ ਮਾਂਜਣ ਲੱਗ ਪਈ। ਉਦੋਂ ਹੀ ਮੰਜੀ ਉਤੇ ਪਈ ਨਿੱਕੀ ਕੁੜੀ ਨੇ ਟਿਆਂਕਣਾ ਸ਼ੁਰੂ ਕਰ ਦਿਤਾ। ਲੱਤਾ-ਬਾਹਾਂ ਮਾਰ ਮਾਰ ਉਸ ਉਤੇ ਲਈ ਮਲਮਲ ਦੀ ਮੈਲੀ ਚਾਦਰ ਲਾਹ ਦਿੱਤੀ।"

"ਨੀ ਕੀ ਸੱਪ ਲੜਦੈ, ਤੇਰੇ ਕੁੱਤੀਏ। ਪਤੀਲਾ ਥਾਏਂ ਛੱਡਕੇ ਬੋਝਲ ਸਰੀਰ ਨੂੰ ਥਲਕਾਉਂਦਿਆਂ ਅਤੇ ਧਾਹ ਕੇ ਮੰਜੀ ਵੱਲ ਆਉਂਦਿਆਂ ਉਸਨੇ ਚਿਲਕਵੀਂ ਵਾਜ ਵਿਚ ਆਖਿਆ।"

ਇਸੇ ਤਰ੍ਹਾਂ ਪਾਤਰਾਂ ਦੀ ਬਿੰਬ ਉਸਾਰੀ ਕੀਤੀ ਹੈ। ਮਹਿੰਦਰੋਂ ਦੇ ਛੋਟੇ ਮੁੰਡੇ ਕੱਦੂ ਦੀ ਸ਼ਕਲ ਸੂਰਤ ਦੀ ਬਿੰਬ ਉਸਾਰੀ ਬੜੀ ਯਥਾਰਥਕ ਹੈ:

.........."ਛੋਟਾ ਕੱਦੂ ਇਕ ਹੱਥ ਨਾਲ ਆਪਣੀ ਢਿਲਕ ਦੀ ਨੀਕਰ ਨੂੰ ਸਹਾਰਾ ਦੇਂਦਾ ਹੈ ਤੇ ਦੂਸਰੇ ਹੱਥ ਨਾਲ ਸੱਜੀ ਬਾਂਹ ਹੇਠ ਦਿਤੀ ਬੋਰੀ ਨੂੰ ਬੋਚਦਾ, ਨੱਕਾਂ 'ਚੋ ਗਿੱਠ ਲੰਮੀ ਲਮਕਦੀ ਨਲੀ ਨੂੰ ਸੁੜਾਕੇ ਮਾਰਦਾ ਸਕੂਲ ਨੂੰ ਤੁਰ ਪੈਂਦਾ।"

ਇਸ ਪ੍ਰਕਾਰ ਦੀ ਬਿੰਬ ਉਸਾਰੀ ਹੋਰ ਪਾਤਰਾਂ ਦੀ ਵੀ ਕੀਤੀ ਗਈ ਹੈ। ਗਿੰਦਰ ਦੀ ਸ਼ਕਲ ਸੂਰਤ ਨੂੰ ਆਪੇ ਬਣਿਆ ਡਾਕਟਰ ਦੇਖਦਾ ਹੈ:

"ਲੱਤਾਂ ਤੇ ਉਭਰੀਆਂ ਨਾੜਾਂ ਜਵਾਨੀ ਝਉਂ ਜਾਣ ਤੇ ਦਿਸਣ ਲੱਗ ਪਈਆਂ ਸਨ। ਕੁਝ ਦਿਨ ਪਹਿਲਾਂ ਪਛਨੇ ਨਾਲ ਨਾਈ ਤੋਂ ਲਹਾਏ ਵਾਲ ਹੁਣ ਵਾਹਵਾ ਉੱਗ ਆਏ ਸਨ। ਸਿਰ ਨੰਗਾ ਤੇ ਗਲ ਚਾਰਖਾਨੇ ਦਾ ਹੰਢਿਆ ਹੋਇਆ ਕੁੜਤਾ !......"

ਵਰਨਣਾਤਮਕ ਵਿਧੀ ਬ੍ਰਿਤਾਂਤ ਨੂੰ ਜੋੜਨ ਦੀ ਵਿਧੀ ਹੈ। ਪਰੰਪਰਾਵਾਦੀ ਨਾਵਲ ਵਿਚ ਇਸ ਵਿਧੀ ਦਾ ਬਹੁਤ ਪ੍ਰਯੋਗ ਕੀਤਾ ਜਾਂਦਾ ਹੈ। ਪਰੰਤੂ, ਆਧੁਨਿਕ ਨਾਵਲ ਵਿਚ ਇਸ ਦਾ ਪ੍ਰਯੋਗ ਬਹੁਤ ਘੱਟ ਹੋਇਆ ਹੈ। ਇਤਿਹਾਸਕ ਬ੍ਰਿਤਾਂਤ ਵਾਲੇ ਯਥਾਰਥਵਾਦੀ ਨਾਵਲਾਂ ਵਿਚ ਇਸ ਵਿਧੀ ਦਾ ਪ੍ਰਯੋਗ ਬਹੁਤ ਘੱਟ ਹੁੰਦਾ ਹੈ। ਕੁੱਸੇ ਦੇ ਨਾਵਲ ਇਸ ਕੋਟੀ ਵਿਚ ਆਉਣ ਕਰਕੇ ਇਸ ਵਿਧੀ ਦਾ ਘੱਟ ਪ੍ਰਯੋਗ ਹੋਇਆ ਹੈ। ਜਿਥੇ ਕਿਤੇ ਵੀ ਇਸਦਾ ਪ੍ਰਯੋਗ ਹੋਇਆ ਹੈ। ਲੇਖਕ ਨੇ ਬੜੀ ਕਲਾਕਾਰੀ ਨਾਲ ਕੀਤਾ ਹੈ। ਉਹ ਘਟਨਾਵਾਂ ਅਤੇ ਪਾਤਰਾਂ ਦੇ ਪਿਛੋਕੜ ਨੂੰ ਬ੍ਰਿਤਾਂਤ ਨਾਲ ਮੇਲਕੇ ਪੇਸ਼ ਕਰਦਾ ਹੈ। ਇਹੀ ਕਾਰਨ ਹੈ ਕਿ ਕੁੱਸੇ ਦੇ ਨਾਵਲ ਪੜ੍ਹਦਿਆਂ ਕਿਧਰੇ ਵੀ ਅਕੇਵਾਂ ਪੈਦਾ ਨਹੀਂ ਹੁੰਦਾ। ਕਿਧਰੇ ਵੀ ਵਰਨਣ ਵਾਧੂ ਤੇ ਅਕਾਊ ਨਹੀਂ ਜਾਪਦਾ।

'ਰੋਹੀ ਬੀਆਬਾਨ' ਨਾਵਲ ਵਿਚ ਵਰਨਣਾਤਮਕ ਵਿਧੀ ਦੇ ਸਫਲ ਸਿਰਜਣ ਦਾ ਮਹੱਤਵ ਇਸ ਕਰਕੇ ਵੀ ਹੈ ਕਿ ਨਾਵਲਕਾਰ ਸਮੁੱਚੇ ਸਜੀਵ ਨਾਵਲੀ ਬਿੰਬ ਉਸਾਰਨ ਵਿਚ ਸਿੱਧ-ਹਸਤ ਹੈ। ਉਹ ਵਸਤੂ ਸਥਿਤੀ ਨੂੰ ਉਸਾਰਨ ਲਈ

ਵਰਨਣ ਨੂੰ ਬਿਰਤਾਂਤ ਅਤੇ ਵਾਰਤਾਲਾਪ ਦਾ ਸਹਾਇਕ ਵਿਧੀ ਵਜੋਂ ਵਰਤਦਾ ਹੈ। ਵਰਨਣਾਤਮਕ ਵਿਧੀ ਦਾ ਸੰਜਮ ਭਰਪੂਰ ਪ੍ਰਯੋਗ ਹੀ ਨਾਵਲਕਾਰ ਦੀ ਕਲਾ ਦਾ ਸਬੂਤ ਹੈ। ਇਸ ਸੰਬਧ ਵਿਚ ਬਹੁਤ ਸਾਰੀਆਂ ਉਦਾਹਰਣਾਂ ਦਿਤੀਆਂ ਜਾ ਸਕਦੀਆਂ ਹਨ। ਹੇਠ ਲਿਖੀ ਉਦਾਹਰਨ ਵਿਚ ਪਾਤਰ ਦੀ ਮਾਨਸਿਕਤਾ ਅਤੇ ਵਾਤਾਵਰਨ ਉਸਾਰਕੇ ਬ੍ਰਿਤਾਂਤ ਨੂੰ ਅੱਗੇ ਤੋਰਿਆ ਹੈ:

"ਕਣਕ ਕੱਢਦਿਆਂ ਸਾਰ ਹੀ, ਗਿੰਦਰ ਨੇ ਰੂੜੀ ਖੇਤ ਪਾਉਣੀ ਸ਼ੁਰੂ ਕਰ ਦਿੱਤੀ। ਜੇਠ ਦਾ ਮਾਰੂ ਮਹੀਨਾ, ਸੂਰਜ ਦਸ ਵਜੇ ਨੂੰ ਵਰਿਆਮ ਲੁਹਾਰ ਦੀ ਆਇਰਨ ਵਾਂਗ ਲਾਲ ਹੋ ਜਾਂਦਾ। ਮੁੜ੍ਹਕਾ ਨੱਕ ਤੋਂ ਦੀ ਹੁੰਦਾ ਹੋਇਆ, ਖਾਰਾ, ਖਾਰਾ ਮੂੰਹ ਵਿਚ ਆ ਪੈਂਦਾ। ਪਰ ਗੋਰਾ ਟੋਕਰੀਆਂ ਭਰ ਭਰ ਗੱਡੇ ਵਿਚ ਸੁੱਟੀ ਜਾਂਦਾ ਗਿੰਦਰ ਕਹੀ ਨਾਲ, ਟੋਕਰੇ ਇਕੋ ਸਾਹ ਭਰੀ ਜਾਂਦੇ। ਜਦ ਕਦੇ ਹੰਭ ਜਾਂਦਾ ਤਾਂ ਆਪਣੇ ਬਾਪੂ ਨੂੰ ਚੁਕਾਉਣ ਲੱਗ ਪੈਂਦਾ। ਮੁੜ੍ਹ ਕੇ ਨਾਲ ਭਿੱਜਿਆ ਝੱਗਾ, ਜਦੋਂ ਸਰੀਰ ਨਾਲ ਚਿਮਟਦਾ ਤਾਂ ਸੂਰਜ ਦੀ ਬੰਦੇ ਮਚਾਊਂ ਧੁੱਪ ਨਾਲ ਪਿੰਡਾਂ ਸੜਨ ਲੱਗ ਪੈਂਦਾ। ਗੋਰਾ ਮੋਢਿਆਂ ਉਤੋਂ ਦੋਹਾਂ ਹੱਥਾਂ ਨਾਲ ਕਮੀਜ਼ ਉਗਾਸਕੇ ਵਾਅ ਲਵਾਉਂਦਾ। ਗਿੰਦਰ ਉਦੋਂ ਹੀ ਖਿਝਵੀਂ ਗੱਲ ਪਟਾਕ ਦੇਣੇ ਆਖਦਾ:

"ਆ ਜਾ ਮੱਲਾ, ਆਜਾ ਕੇਰਾਂ !............. ਹੁਣ ਐਂ ਕਸਮੇੜੇ ਜੇ ਨਾ ਲੈ। ਉਤੋਂ ਦਿਨ ਚੜ੍ਹਦੈ ਕਿ ਛਿਪਦੈ?"

ਇਸ ਪ੍ਰਕਾਰ ਲੇਖਕ ਵਰਨਣ ਰਾਹੀਂ ਨਾਵਲ ਵਿਚ ਪਾਤਰਾਂ ਦੀ ਮਾਨਸਿਕਤਾ, ਸਰੀਰਕ ਦਿੱਖ, ਅਤੇ ਵਾਤਾਵਰਨ ਦੀ ਪੇਸ਼ਕਾਰੀ ਕਰਨ ਦੇ ਨਾਲ ਨਾਲ ਨਾਵਲੀ ਸਥਿਤੀ ਦਾ ਵੀ ਵਰਨਣ ਕਰਦਾ ਹੈ। ਭਾਸ਼ਾ ਦੀ ਸੰਖੇਪਤਾ ਅਤੇ ਸ਼ਬਦ ਚੋਣ ਦੀ ਸੁਚੱਜਤਾ ਨਾਵਲੀ ਬਿੰਬ ਨੂੰ ਪ੍ਰਭਾਵਸ਼ਾਲੀ ਬਣਾਉਂਦੀ ਹੈ। ਕਰਮਜੀਤ ਸਿੰਘ ਕੁੱਸੇ ਦੇ ਨਾਵਲ 'ਰੋਹੀ ਬੀਆਬਾਨ' ਵਿਚ ਸ਼ੈਲੀ ਦੀ ਸੰਖੇਪਤਾ, ਸ਼ਬਦ ਚੋਣ ਦਾ ਢੁੱਕਵਾਂਪਣ ਅਤੇ ਪਾਤਰਾਂ ਦੀ ਸਰੀਰਕ ਮਾਨਸਿਕ ਬਣਤਰ ਨੂੰ ਕੁੱਸੇ ਨੇ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕੀਤਾ ਗਿਆ ਹੈ। ਚਿਗਨਿਟ ਦੀ ਸ਼ਕਲ ਸੂਰਤ ਬਾਰੇ:

"ਚਿਗਨਿਟ ਨੇ ਮੈਲ ਭਰਿਆ ਖੱਦਰ ਦਾ ਝੱਗਾ ਪਾਇਆ ਹੋਇਆ ਸੀ। ਜਿਸਦੀ ਚਟਿਆਈ ਮਿੱਟੀ ਘੱਟੇ ਨਾਲ ਖਾਧੀ ਪਈ ਸੀ। ਥਾਂ ਥਾਂ ਤੋਂ ਚਿਗਨਿਟ ਨੇ ਨੱਕ ਪੂੰਝ ਪੂੰਝ ਤੱਪੜ ਵਰਗਾ ਕਰ ਰਖਿਆ ਸੀ।"

ਡਰਾਇਵਰੀ ਸਿਖਕੇ ਆਏ ਗੋਰੇ ਦੀ ਸ਼ਕਲ ਬਾਰੇ:

ਪਿਛਲੇ ਵਰ੍ਹੇ ਨਾਲੋਂ ਕਾਫ਼ੀ ਲੰਮਾ ਹੋ ਗਿਆ ਸੀ; ਰੰਗ ਪੀਲਾ ਬਿਸਾਰ ਵਰਗਾ ਤੇ ਜਾਭਾਂ ਸੁੱਕੀਆਂ ਤੇ ਵਿਚ ਧਸੀਆਂ ਹੋਈਆਂ। ਦਾਹੜੀ ਅਜੇ ਉਤਰੀ ਨਹੀਂ ਸੀ, ਠੋਡੀ ਉਤੇ ਢਾਈ ਕੁ ਵਾਲ ਸਨ, ਪਰ ਦੂਸਰਿਆਂ ਦੀ ਰੀਸੇ ਐਵੇ ਈ ਪੱਛਨਾ ਫਿਰਾਕੇ ਗੱਲਾਂ ਕੱਚਰੇ ਵਰਗੀਆਂ ਕੱਢੀਆਂ ਹੋਈਆਂ ਸਨ ਬੁੱਲ੍ਹਾਂ ਉਪਰ ਫੁਟਦੀ ਮੱਸ ਦੇ ਕੂਲੇ ਵਾਲਾਂ ਦੀਆਂ ਵੀ ਕੋਨਾਂ ਕੱਢੀਆਂ ਹੋਈਆਂ ਸਨ। ਤੇੜ ਲਾਲ ਗੂਹੜਾ ਕਮੀਜ਼ ਪਜਾਮਾ ਪਾਇਆ ਹੋਇਆ ਸੀ, ਤੇ ਸਿਰ ਤੇ ਚਾਰਖਾਨੇ ਦਾ ਦੁਪੱਟਾ ਲਪੇਟਿਆ ਹੋਇਆ। ਇਸੇ ਤਰ੍ਹਾਂ ਪੈਟਰੋਲ ਪੰਪ ਉਤੇ ਤੇਲ ਲੈਣ ਸਮੇਂ ਇਕ ਜੱਟ ਦਾ ਕਿਰਦਾਰ ਨੂੰ ਪੇਸ਼ ਕੀਤਾ ਗਿਆ ਹੈ:

"ਇਕ ਰੁਖੜ ਜਿਹਾ ਜੱਟ ਜਿਸਦਾ ਸਰੀਰ ਚੁਫੇਰਿਓਂ ਕੱਚੀ ਇੱਟ ਵਾਂਗ ਫਿਸੜ ਜਿਹਾ ਹੋਇਆ ਪਿਆ ਸੀ ਤੇ ਤੇੜ ਗੋਡਿਆਂ ਤੱਕ ਬੋਸਕੀ ਦਾ ਮੈਲਾ ਚਾਦਰਾ ਬੰਨ੍ਹਿਆ ਹੋਇਆ ਸੀ। ਉਹ ਆਪਣੀ ਬਿਜੜੇ ਦੇ ਆਲ੍ਹਣ ਵਾਂਗ ਉਲਝੀ ਅੱਧ ਚਿੱਟੀ-ਕਾਲੀ ਦਾਹੜੀ 'ਚ ਹੱਥ ਦੇ ਪੰਜੇ ਨਾਲ ਖਰਖਰਾ ਜਿਹਾ ਕਰਦਿਆਂ ਬੜੀ ਔਖੀ ਜਿਹੀ ਵਾਜ ਦੇ ਕਹਿ ਰਿਹਾ ਸੀ, "ਆਹ ਯਾਰ! ਟਰੈਕਟਰਾਂ ਆਲੇ ਉਦੂੰ ਪਤੰਦਰਆ ਇਨ੍ਹਾਂ ਨੂੰ ਪੁੱਛਣ ਆਲਾ ਹੋਵੇ.........."

ਵਾਰਤਾਲਾਪ ਪੱਖੋਂ ਵੀ ਕਰਮਜੀਤ ਕੁੱਸੇ ਨੇ ਸੰਜਮ ਅਤੇ ਸੰਖੇਪਤਾ ਤੋਂ ਕੰਮ ਲੈਂਦਿਆਂ ਚੁਸਤ ਵਾਰਤਾਲਾਪ ਦੀ ਵਰਤੋਂ ਕੀਤੀ ਹੈ ਜਿਥੇ ਪੈਟਰੋਲ ਪੰਪ ਉਤੇ ਵਾਰੀ ਤੋਂ ਬਿਨਾਂ ਤੇਲ ਪਵਾਉਣ ਕਰਕੇ ਕੁਝ ਮੁੰਡੇ ਇਤਰਾਜ਼ ਕਰਦੇ ਹੋਏ ਸੇਠ ਨੂੰ ਅੱਖਾਂ ਕੱਢਦੇ ਕਹਿੰਦੇ ਹਨ:

"ਸਾਡੀਆਂ ਤਾਂ ਐਥੇ ਸਵੇਰ ਦਿਆ ਦੀਆਂ ਭੁੱਖ ਨਾਲ ਕੋਕੜਾਂ ਹੋਈਆਂ ਪਈਐ। ਪ੍ਰਧਾਨ ਸਾਹਬ ਹੁਣੇ ਆਕੇ ਤਵੇ ਤੇ ਅੱਗ ਮਚਾਉਂਦੈ! ਕੀ ਗੱਲ? ਸੇਠਾ! ਤੂੰ ਪਹਿਲਾਂ ਮੈਨੂੰ ਇਹ ਗੱਲ ਸਮਝਾ! ਇਹ ਤੇਰੀ ਸਕੀ ਮਾਂ ਦਾ ਪੁੱਤ ਐ? ਬਈ ਦੂਜੇ ਮਤਰੇਈ ਦੇ ਐ?"

ਭਾਸ਼ਾ ਦਾ ਦੂਜਾ ਮਹੱਤਵਪੂਰਨ ਕਾਰਜ ਬ੍ਰਿਤਾਂਤ ਸਿਰਜਣਾ ਹੈ। ਲੇਖਕ ਬ੍ਰਿਤਾਂਤ ਦੀ ਸਿਰਜਣਾ ਰਾਹੀਂ ਕਹਾਣੀ ਨੂੰ

ਅਗੇ ਤੋਰਦਾ ਹੈ। ਲੇਖਕ ਨਾਵਲ ਵਿਚ ਸਿਰਜੇ ਗਏ ਪਾਤਰਾਂ ਦੇ ਜੀਵਨ ਸਮਾਚਾਰਾਂ ਵਿਚੋਂ ਨਾਵਲੀ ਲੋੜ ਅਨੁਸਾਰ ਘਟਨਾਵਾਂ ਦੀ ਸਿਰਜਣਾ ਕਰਦਾ ਹੈ। ਇਨ੍ਹਾਂ ਘਟਨਾਵਾਂ ਵਿਚ ਸਮੇਂ ਦਾ ਫਾਸਲਾ ਹੁੰਦਾ ਹੈ। ਲੇਖਕ ਬਹੁਤ ਥੋਹੜੇ ਸ਼ਬਦਾਂ ਰਾਹੀਂ ਇਸ ਫਾਸਲੇ ਨੂੰ ਭਰਦਾ ਹੈ। ਲੇਖਕ ਕਿਸੇ ਵਾਕ ਜਾਂ ਸ਼ਬਦ ਦਾ ਪ੍ਰਯੋਗ ਕਰਕੇ ਸਮੇਂ ਦੀ ਗਤੀਸ਼ੀਲਤਾ ਦਰਸਾਉਂਦਾ ਹੈ ਜਿਸ ਨਾਲ ਗੱਲ ਅੱਗੇ ਤੁਰ ਪੈਂਦੀ ਹੈ। ਗੱਲ ਨੂੰ ਤੋਰਨ ਲਈ ਨਾਵਲਕਾਰ ਨਾਵਲ ਦੇ ਅਰੰਭ ਵਿਚ ਹੀ ਮੁਖ ਕਿਰਦਾਰ ਜਾਂ ਸਥਿਤੀ ਵੱਲ ਇਸ਼ਾਰਾ ਕਰਦਾ ਹੈ। 'ਰੋਹੀ ਬੀਆਬਾਨ' ਨਾਵਲ ਦੇ ਅਰੰਭ ਵਿਚ ਹੀ ਲੇਖਕ ਨੇ ਅਜਿਹੀ ਝਾਕੀ ਪੇਸ਼ ਕੀਤੀ ਹੈ ਜਿਸ ਤੋਂ ਮਹਿੰਦਰੋਂ ਦੇ ਘਰਦੀ ਹਾਲਤ ਉਸਦੀ ਮਾਨਸਿਕ ਸਥਿਤੀ ਤੇ ਉਸਦੀ ਇਕੱਲ ਦੀ ਅਜਿਹੀ ਪੇਸ਼ਕਾਰੀ ਕੀਤੀ ਹੈ ਜਿਸ ਤੋਂ ਸਹਿਜੇ ਹੀ ਪਤਾ ਲੱਗ ਜਾਂਦਾ ਹੈ ਕਿ ਕਥਾ ਦਾ ਅਰੰਭ ਮਹਿੰਦਰੋਂ ਦੀ ਜ਼ਿੰਦਗੀ ਨਾਲ ਜੁੜਿਆ ਹੋਇਆ ਹੈ ਜਿਵੇਂ:

.........ਚੌਂਕੇ ਵਿਚ ਬੈਠਿਆਂ ਹੀ ਉਹਨੇ ਆਲੇ ਦੁਆਲੇ 'ਖਿਲਰੇ ਖੱਪਰੇ' ਜੂਠੇ ਭਾਂਡਿਆਂ ਨੂੰ ਪੋਲੇ ਜਿਹੇ ਹੱਥ ਨਾਲ ਆਪਣੇ ਨੇੜੇ ਖਿੱਚਣ ਦਾ ਯਤਨ ਕੀਤਾ। ਬਿੰਦੇ ਝੱਟੇ ਬੀਹੀ ਵਾਲੇ ਬਾਰ ਵਲ ਵਿਹੰਦੀ, ਮੂੰਹ ਵਿਚ ਤਿੜਕੇ ਭਾਂਡੇ ਵਾਂਗ 'ਬੁੜ-ਬੁੜ' ਕਰਦੀ ਪਤੀਲਾ ਮਾਂਜਣ ਲਗ ਪਈ। ਉਦੋਂ ਹੀ ਮੰਜੀ ਉਤੇ ਸੁੱਤੀ ਪਈ ਕੁੜੀ ਨੇ ਟਿਆਂਕਣਾ ਸ਼ੁਰੂ ਕਰ ਦਿਤਾ। ਲੱਤਾ ਬਾਹਾਂ ਮਾਰ ਮਾਰ ਉਸ ਉਤੇ ਲਈ ਮਲਮਲ ਦੀ ਮੈਲੀ-ਚਾਦਰ ਲਾਹ ਦਿੱਤੀ।

"ਨੀ ਕੀ ਸੱਪ ਲੜਦੈ ਤੇਰੇ ਕੁਤੀਏ"। ਪਤੀਲਾ ਥਾਏਂ ਛੱਡਕੇ ਬੋਝਲ ਸਰੀਰ ਨੂੰ ਥਲਕਾਉਂਦਿਆਂ ਅਤੇ ਧਾਹ ਕੇ ਕੇ ਮੰਜੀ ਵੱਲ ਆਉਂਦਿਆਂ ਚਿਲਕਵੀਂ ਵਾਜ ਵਿਚ ਆਖਿਆ।"

ਅਜਿਹੇ ਦ੍ਰਿਸ਼ਾਂ ਰਾਹੀਂ ਲੇਖਕ ਕਥਾ ਨੂੰ ਅੱਗੇ ਵੀ ਤੋਰਦਾ ਹੈ ਤੇ ਪਾਤਰਾਂ ਨਾਲ ਜਾਣ ਪਹਿਚਾਣ ਵੀ ਕਰਾਉਂਦਾ ਹੈ ਉਸਦੇ ਉਪਰੰਤ ਉਹ ਮਹਿੰਦਰੋਂ ਦੇ ਘਰ ਦੇ ਰੋਜ਼ ਮਰਾ ਦੇ ਜੀਵਨ ਵੇਰਵਿਆਂ ਨੂੰ ਵਰਤਮਾਨ ਨਾਲ ਜੋੜਨ ਲਈ ਦਸਦਾ ਹੈ। ਅਜੇ ਉਹ ਚਾਹ ਬਣਾਕੇ ਹਟੀ ਹੁੰਦੀ, ਗੋਰੇ ਹੋਰੀ ਉਠ ਖਲੋਂਦੇ। ਜੋਗਿੰਦਰ ਨੇ ਹਲ ਜੋੜਨਾ ਹੁੰਦਾ ......." ਬ੍ਰਿਤਾਂਤ ਦਾ ਸਹਾਰਾ ਲੈਂਦਾ ਹੈ। ਇਸੇ ਤਰ੍ਹਾਂ ਗੋਰੇ ਦੇ ਸਕੂਲ ਨੂੰ ਜਾਣ ਅਤੇ ਸਕੂਲੋਂ ਆਉਣ ਦੇ ਬਿਰਤਾਂਤ ਸਿਰਜਕੇ ਗੋਰੇ ਦੇ ਸਕੂਲੋਂ ਘੇਸਲ ਮਾਰਨ ਵਾਲੀ ਗੱਲ ਪੰਜਵੇਂ ਕਾਂਡ ਦੇ ਅਰੰਭ ਵਿਚ ਸਿਰਜੀ ਗਈ ਹੈ। ਜਿਸ ਨਾਲ ਸਮੇਂ ਦੀ ਗਤੀ ਚਲਦੀ ਪ੍ਰਤੀਤ ਹੁੰਦੀ ਹੈ। ਇਸਦੇ ਉਪਰੰਤ ਪੰਦਰਾਂ ਦਿਨਾਂ ਦੇ ਵਕਫ਼ੇ ਨੂੰ ਲੇਖਕ ਨੇ ਉਸ ਦਿਨ ਐਤਵਾਰ ਦੀ ਛੁੱਟੀ ਸੀ। ਕੋਈ ਪੰਦਰਾਂ ਦਿਨਾਂ ਪਿਛੋਂ ਗੋਰਾ ਸਕੂਲ ਜਾਣ ਲੱਗ ਪਿਆ ਸੀ ਰਾਹੀਂ ਦਰਸਾਇਆ ਗਿਆ ਹੈ। ਇਸੇ ਤਰ੍ਹਾਂ ਸਾਲ ਦੇ ਬੀਤ ਜਾਣ ਵਾਲੇ ਸਮੇਂ ਦਾ ਲੇਖਕ ਨੇ ਅਰੰਭ ਵਿਚ ਗੈਪ ਭਰਦਿਆਂ ਸਤਵੇਂ ਕਾਂਡ ਵਿਚ 'ਅੱਜ ਗੋਰੇ ਦਾ ਰੀਜਲਟ ਨਿਕਲਣਾ ਸੀ' ਵਾਕ ਨਾਲ ਭਰ ਦਿਤਾ ਹੈ। ਇਸੇ ਤਰ੍ਹਾਂ 'ਪਿੜ ਅਜੇ ਚੁੱਕਣ ਵਾਲੇ ਰਹਿੰਦੇ ਸਨ' 'ਸੰਗ ਰਲਿਆ ਅਜੇ ਸਾਲ ਵੀ ਨਹੀਂ ਸੀ ਬੀਤਿਆ 'ਪੌਣਾ ਵਰ੍ਹਾਂ ਘੈਂਸ ਘੈਂਸ ਕਰਦਿਆਂ ਲੰਘ ਗਿਆ,' 'ਪੂਰਾ ਵਰ੍ਹਾ ਗੋਰਾ ਟਰੱਕਾਂ ਤੇ ਧੱਕੇ ਖਾ ਕੇ ਪਿੰਡ ਆ ਵੜਿਆ' ਆਦਿ ਬ੍ਰਿਤਾਂਤਕ ਜੁਗਤਾਂ ਰਾਹੀਂ ਸਮੇਂ ਦੇ ਗੈਪ ਨੂੰ ਭਰਦਿਆਂ ਨਾਵਲ ਨੂੰ ਅੱਗੇ ਤੋਰਿਆ ਹੈ। ਇਸ ਤਰ੍ਹਾਂ ਨਾਵਲ 'ਰੋਹੀ ਬੀਆਬਾਨ' ਦੀਆਂ ਘਟਨਾਵਾਂ ਦੀ ਬ੍ਰਿਤਾਂਤਕ ਲੜੀ ਵਧੇਰੇ ਕਰਕੇ ਵਰਤਮਾਨ ਵਿਚ ਵਿਚਰਦੀ ਹੋਈ ਭਵਿੱਖ ਵੱਲ ਵੱਧਦੀ ਹੈ। ਲੇਖਕ ਨੇ ਕਿਧਰੇ ਕਿਧਰੇ ਭੂਤਕਾਲ ਦੇ ਵੇਰਵਿਆਂ ਨੂੰ ਵੀ ਨਾਵਲੀ ਬ੍ਰਿਤਾਂਤ ਦੀ ਲੜੀ ਜੋੜਨ ਲਈ ਵਰਤੋਂ ਵਿਚ ਲਿਆਂਦਾ ਹੈ। ਨਾਵਲ ਵਿਚ ਪਾਤਰਾਂ ਨਾਲ ਸੰਬੰਧਤ ਕੇਵਲ ਉਨ੍ਹਾਂ ਘਟਨਾਵਾਂ ਨੂੰ ਪੇਸ਼ ਕੀਤਾ ਗਿਆ ਹੈ ਜਿਹੜੀਆਂ ਘਟਨਾਵਾਂ ਨਾਵਲੀ ਸਿਰਜਣ ਵਿਚ ਮਹੱਤਵ ਰੱਖਦੀਆਂ ਹਨ। ਵਾਕਾਂ ਅਤੇ ਸ਼ਬਦਾਂ ਦੀ ਸਹਾਇਤਾ ਨਾਲ ਬ੍ਰਿਤਾਂਤ ਵਿਚਲੇ ਫਾਸਲੇ ਨੂੰ ਭਰਿਆ ਤਾਂ ਗਿਆ ਹੈ, ਪਰੰਤੂ, ਕਿਧਰੇ ਕਿਧਰੇ ਨਾਵਲ ਵਿਚ ਇਸ ਪੱਖ ਤੋਂ ਊਣਤਾਈਆਂ ਜਾਪਦੀਆਂ ਹਨ। ਜਿਸਦਾ ਪ੍ਰਮੁੱਖ ਕਾਰਨ ਸ਼ਾਇਦ ਘਟਨਾ ਸਥਿਤੀ ਦੀ ਤੀਬਰਤਾ ਅਤੇ ਨਾਵਲੀ ਵਿਸਥਾਰ ਦੇ ਸੰਜਮ ਕਰਨਾ ਹੈ। ਲੇਖਕ ਦਾ ਫੋਕਸ ਵਧੇਰੇ ਕਰਕੇ ਘਟਨਾ ਸਿਰਜਣ ਵਲ ਵਧੇਰੇ ਰਹਿੰਦਾ ਹੈ। ਜਿਵੇਂ ਗੋਰੇ ਨੂੰ ਲੇਖਕ ਪਹਿਲਾਂ ਅਠ ਦਸ ਸਾਲ ਦਾ ਦਸਦਾ ਹੈ। ਪਰੰਤੂ, ਨਾਵਲ ਵਿਚ ਸਾਰੀਆਂ ਘਟਨਾਵਾਂ ਦੇ ਵਾਪਰਨ ਦਾ ਸਮਾਂ ਤਕਰੀਬਨ ਡੇਢ ਦੋ ਸਾਲ ਦਾ ਸਮਾਂ ਹੈ ਪਰ ਜਦੋਂ ਗੋਰਾ ਡਰਾਇਵਰੀ ਸਿਖਕੇ ਸਾਲ ਪਿਛੋਂ ਘਰ ਆਉਂਦਾ ਹੈ ਜਾਂ ਪਹਿਲਾਂ ਸਕੂਲੋਂ ਹਟ ਕੇ ਗਿੰਦਰ ਨਾਲ ਖੇਤ ਵਿਚ ਰੇਹ ਪਵਾ ਰਿਹਾ ਹੁੰਦਾ ਹੈ ਤਾਂ ਉਸਦੀ ਉਮਰ ਤੇਰਾਂ ਚੌਦਾ ਸਾਲ ਦੀ ਪ੍ਰਤੀਤ ਹੁੰਦੀ ਹੈ ਜਿਸ ਕਰਕੇ ਨਾਵਲ ਵਿਚ ਕਈ ਥਾਈਂ ਗੈਪਸ ਦਿਖਾਈ ਦਿਦੇ ਹਨ।

ਅਜੋਕੇ ਯਥਾਰਥਵਾਦੀ ਨਾਵਲ ਵਿਚ ਯਥਾਰਥਵਾਦੀ ਵਾਰਤਾਲਾਪਾਂ ਦੀ ਸਿਰਜਣਾ ਭਾਸ਼ਾ ਦਾ ਮਹੱਤਵਪੂਰਨ ਕਾਰਜ ਹੈ। 'ਰੋਹੀ ਬੀਆਬਾਨ' ਨਾਵਲ ਇਸ ਪੱਖੋਂ ਵਧੇਰੇ ਸਫਲ ਹੈ। ਵੈਸੇ ਤਾਂ ਕਰਮਜੀਤ ਕੁੱਸੇ ਦੇ ਸਾਰੇ ਨਾਵਲਾਂ ਵਿਚ ਵਾਰਤਾਲਾਪ ਆਂਚਲਿਕ ਅਤੇ ਪਾਤਰਾਂ ਦੀ ਭਾਵੁਕ ਮਾਨਸਿਕਤਾ ਨੂੰ ਉਸਾਰਨ ਵਾਲਾ ਹੁੰਦਾ ਹੈ। ਪਰੰਤੂ, ਇਸ ਨਾਵਲ ਵਿਚ ਵਾਰਤਾਲਾਪ ਦੀ ਪੇਸ਼ਕਾਰੀ ਹੋਰ ਵੀ ਮਹੱਤਵਪੂਰਨ ਹੈ। ਇਸ ਨਾਵਲ ਵਿਚ ਪਾਤਰਾਂ ਦੇ ਜਾਤੀ ਅਤੇ ਜਮਾਤੀ ਪੱਧਰ ਦੇ ਆਂਚਲਿਕ ਸੁਭਾਅ ਨੂੰ ਵਧੇਰੇ ਯਥਾਰਥਕ ਰੂਪ ਵਿਚ ਉਘਾੜਿਆ ਗਿਆ ਹੈ। ਮਲਵਈ ਉਪ ਭਾਸ਼ਾ ਦਾ ਠੇਠ ਮੁਹਾਵਰਾ ਵਰਤਦਿਆਂ ਵਾਰਤਾਲਾਪ ਵਿਚ ਗਾਲ੍ਹਾਂ ਅਤੇ ਮੁਹਾਵਰਿਆਂ ਦੀ ਬਹੁਤਾਤ ਹੈ। ਇਹ ਵਾਰਤਾਲਾਪ ਆਂਚਲਿਕ ਹੋਣ ਦੇ ਨਾਲ ਨਾਲ ਮਾਨਸਿਕ ਸਥਿਤੀ ਨੂੰ ਉਸਾਰਨ ਵਾਲੇ , ਕਥਾ ਨੂੰ ਅਗੇ ਤੋਰਨ ਵਾਲੇ ਅਤੇ ਸਥਿਤੀਆਂ ਦੇ ਅੰਦਰਲੇ ਯਥਾਰਥ ਨੂੰ ਉਘਾੜਨ ਵਾਲੇ ਨਾਟਕੀ ਕਿਸਮ ਦੇ ਹਨ। ਕਿਧਰੇ ਕਿਧਰੇ ਪ੍ਰਤੀਕਾਤਮਕ ਸ਼ੈਲੀ ਨੂੰ ਵੀ ਵਰਤੋਂ ਵਿਚ ਲਿਆਂਦਾ ਗਿਆ ਹੈ। ਉਦਾਹਰਨ ਲਈ ਹੇਠਾਂ ਦਿਤੇ ਵਾਰਤਾਲਾਪਾਂ ਵਿਚੋਂ ਇਹ ਅੰਸ਼ ਸਹਿਜੇ ਹੀ ਦੇਖੇ ਜਾ ਸਕਦੇ ਹਨ। ਮਹਿੰਦਰੋਂ ਵਿਸ਼ੇਸ਼ ਤੌਰ ਤੇ ਗਾਲਾਂ ਦੀ ਭਾਸ਼ਾ ਦੀ ਵਰਤੋਂ ਕਰਦੀ ਹੋਈ ਆਪਣੀ ਸੱਸ ਨੂੰ ਕਹਿੰਦੀ ਹੈ :

> ਪਤਾ ਨ੍ਹੀ ਕਿਹੋ ਜੀ ਮੁੰਨੜੀ ਖੁੱਥੜੀ ਦੀ ਜੜੀ ਐ; ਜਮਾ ਕਿਹੜਾ ਭਉਂਦੀ ਐ! ਪੁੱਤਾਂ ਦਾ ਵੱਗ ਜੰਮ ਲਿਐ, ਇਹਨਾਂ ਕੰਜਰਾਂ ਨੂੰ ਵਿਆਹ ਵੀ ਫੂਕ ਵੀ। ..........ਵਿਆਹੁੰਣ ਨੂੰ ਇਹਨਾਂ ਨੂੰ ਜਣੀ ਆਹਲੂਵਾਲੀਏ ਦੀ ਧੀ ਦੇ ਡੋਲੇ ਔਦੇਂ ਐ; ਇਹ ਖਵਨੀ ਮੇਰੇ ਪਿਉ ਦੇ ਸਿਰ ਕੀ ਸੁਆਹ ਪੈਗੀ। ..........ਪਰ ਉਹਨੂੰ ਦਰਵੇਸ਼ ਨੂੰ ਕੀਹਨੇ ਪੁਛਿਆ, ਸੱਪ ਤਾਂ ਲੜਿਐ ਉਜੜ੍ਹ ਜਾਣੇ ਚਾਚੇ ਦੇ! ਅਹੁਨੇ ਕੁੱਤੀ, ਕਮਜਾਤ ਭੂਆ ਨੇ ਹੱਥ ਤੇ ਚੜ੍ਹਾ ਲਿਐ ਹੁਣ ਕਿਤੇ ਜਾ-ਵੱਢੀ ਨੇ ਭੁੱਲਕੇ ਬੱਤੀ ਵੀ ਨੀ ਵਾਹੀ।

ਇਸ ਤਰ੍ਹਾਂ ਦੀ ਗਾਲ੍ਹਾਂ ਦੀ ਸ਼ਬਦਾਵਲੀ ਉਹ ਸਾਧੂ ਦੀ ਬੇਬੇ ਦੀ ਪਿੱਠ ਪਿਛੋਂ ਵਰਤਦੀ ਹੈ:

"ਯੱਦੀ ਹੋਈ ਆ ਰਵੇ ਦੀ! ਆਪਦਾ ਨ੍ਹੀ ਪਤਾ.......... ਕੁੜੀਆਂ ਵੇਚਕੇ ਘਰ ਬਣਾ ਲਿਆ ਚੁਧਰਾਣੀ ਬਣੀ ਫਿਰਦੀ ਐ, ਕੁੱਤੀ ਚਮਿਆਰੀ।" ਮਹਿੰਦਰੋਂ ਅੱਕੀ ਥੱਕੀ ਹੋਣ ਕਰਕੇ ਆਪਣੇ ਬੱਚਿਆਂ ਨੂੰ ਵੀ ਗਾਲ੍ਹਾਂ ਕੱਢਦੀ ਰਹਿੰਦੀ ਹੈ। ਉਹ ਗੋਰੇ ਨੂੰ ਮੰਦੇ ਹਾਲੀ ਸਕੂਲ ਜਾਂਦਾ ਵੇਖਕੇ ਕਹਿੰਦੀ ਹੈ:

"ਵੇ ਖਾਣ ਗਧਿਓ ! ਟੁੱਟੇ ਹੱਥਾਂ ਆਲਿਓ! ਮੂੰਹ ਮੱਥਾ ਤਾਂ ਝੁਲਸ ਲਿਆ ਕਰੋ! ਕਿਉਂ ਤੁਸੀਂ ਸੂਰਾਂ ਦੇ ਹਾਲੀ ਭੱਜ ਲੈਨੇ ਓ?

ਇਸ ਤਰ੍ਹਾਂ ਦੀ ਕੱਦੂ ਦੀ ਅਤਿ ਦੀ ਭੈੜੀ ਹਾਲਤ ਵੇਖਕੇ ਕਹਿੰਦੀ ਹੈ:

"ਲਿਆ ਉਰੇ ਫੂਕਾਂ ਤੇਰੀ ਨੀਕਰ ਨੂੰ! ਰੁੜ੍ਹ ਜਾਣਾ! ਧਨੇਸ਼ ਜਿਹਾ ਨਾ ਹੋਵੇ ਤਾਂ........ ਬੂਥਾ ਦੇਖ ਇਹਨੇ ਕੀ ਬਣਾਇਐ, ਬੱਠਲ ਜੇ ਨੇ!"

ਇਸੇ ਤਰ੍ਹਾਂ ਕੁੜੀ ਨੂੰ ਗਾਲ੍ਹਾਂ ਕੱਢਦੀ ਹੈ:

"ਕੁੱਤੀਏ ਬਿੰਦ ਪੈ ਨ੍ਹੀ ਹੁੰਦਾ, ਹੁਣੇ ਜਾਗ ਕੇ ਤੂੰ ਜਾਵੀਂਦੀ ਛੋਪ ਕਤਣੈ!——ਭੈੜੇ ਬੂਥੇ ਆਲੀ।"

ਮਹਿੰਦਰੋਂ ਦੇ ਘਰਦੀ ਆਰਥਕ ਕਮਜ਼ੋਰੀ ਕਰਕੇ ਉਸਦੀ ਮਾਨਸਿਕ ਹਾਲਤ ਐਨੀ ਵਿਗੜ ਗਈ ਹੈ ਕਿ ਉਹ ਗੱਲ ਗੱਲ ਤੇ ਬੱਚਿਆਂ ਨੂੰ ਗਾਲ੍ਹਾਂ ਕੱਢਦੀ ਹੋਈ ਆਪਣੇ ਮਨ ਦੀ ਭੜਾਸ ਕੱਢਦੀ ਹੈ। ਕਦੇ ਉਨ੍ਹਾਂ ਨੂੰ 'ਖਾਣ ਸੂਰੇ' ਕਹਿੰਦੀ ਹੈ ਕਦੇ ਸਤੌਲ ਤੇ ਕਦੇ ਕਹਿੰਦੀ ਹੈ, 'ਥੋਨੂੰ ਲਗਜੇ ਅੱਗ ਐਹੋ ਜਿਹਾਂ ਨੂੰ' ਜਾਂ ਗਿੰਦਰ ਤੋਂ ਕੁਟ ਪਵਾਉਣ ਲਈ ਕਹਿੰਦੀ ਹੈ "ਆ ਲੈਣ ਦੇ ਤੇਰੇ ਪਤੰਦਰ ਨੂੰ ਭਨਾਊਂ ਤੇਰਾ ਢੂਹਾ। ਆਦਿ ਸ਼ਬਦਾਂ ਦੀ ਵਰਤੋਂ ਕਰਦੀ ਹੈ।

**ਨਾਟਕੀ ਵਾਰਤਾਲਾਪ** : "ਕਾਹਨੂੰ ਕੁਟੀ ਦਾ ਯਾਰ, ਮਲੋਮਲੀ ਤੱਤ ਚੜਾਉਂਦੈ ਇਹ ਤਾਂ ਮੇਰਾ ਸਾਲਾ ਆਪਣੇਆਪ ਕੁੱਟ ਖਾਦੈ। ਨਹੀਂ ਐ ਕੀ।" ਗਿੰਦਰ ਨੇ ਪਾੜ੍ਹੇ ਨੂੰ ਮੋੜ ਦਿੱਤਾ। "ਤੇਰਾ ਸਾਲਾ ਕਿਮੇਂ ਬਣਜੂ? ਮਹਿੰਦਰੋਂ ਤਮਕੀ.........

"ਤੇਰੀ ਪੂਛ ਪੂਛ ਨੇ ਕੁੱਤੀਏ ਸਿਰ ਚੜ੍ਹਾਇਐ। ਫੇਰ ਖਸਮ ਨਾਲ ਸਮਝਿਆ ਕਰ: ਮੇਰੇ ਕੋਲ ਕਿਉਂ ਬੂਕਦੀ ਹੁੰਨੀਐ:......... ਕਿਮੇ ਭੈਣ ਦੇਣੇ ਦਾ ਬੁਕਲ 'ਚ ਵੜਿਐ ਬੈਠਾ-ਇਹ ਦਾ ਥਣ ਚੁੰਘ ਲੈ।"

"ਮੈਂ ਤਾਂ ਕੁੱਤੀ ਆਪੇਆਂ, ਜਦੋਂ ਥੇਹ ਹੋਣੇ ਮਾਪਿਆਂ ਨੇ ਫੂਕਤੀ ਐਥੇ!.......... ਵਸ ਪਾਤੀ ਤੇਰੇ।.......ਚਲ ਮੈਂ ਤਾਂ ਬਣੀਆਂ ਕੱਟਣ ਨੂੰ ਫਸਗੀ ਸੀ!—ਐਹਨਾਂ ਦੁਸ਼ਟਾਂ ਨੇ ਕਾਹਨੂੰ ਜੰਮਣਾ ਸੀ ਮੇਰੇ! ਅਹੁ ਉਜੜ ਜਾਣੇ ਚਾਚੇ ਨੂੰ ਮੈਂ ਤਾਂ ਆਹਨੀਆਂ ਮੰਗਦੇ ਨੂੰ ਟੁੱਕ ਨਾ ਥਿਆਵੇ।....... ਮੈਨੂੰ ਫੂਕ ਕੇ ਆਪ ਕਿਹੜਾ ਸੁਖ ਸੋਉਂਗਾ!"

## ਵਿਅੰਗਾਤਮਕ/ਪ੍ਰਤੀਕਾਤਮਕ ਸ਼ੈਲੀ

ਤੇਲੂ ਦਾ ਬਾਪੂ ਗੋਰੇ ਨੂੰ ਕਹਿੰਦਾ ਹੈ:

''ਕਿਉਂ ਵੇਖ ਪੋਤਿਆਂ ! ਨਾਜ ਅਲੋਂ ਤਾਂ ਸਾਡੇ ਪੰਜਾਬ ਦੀ ਧੁੱਕੀ ਕੱਢੀ ਪਈ ਐ ! ਸਾਂਭਿਆਂ ਵੀ ਨ੍ਹੀ ਜਾਂਦਾ, ਮੇ ਰੇ ਸਾਲਿਆਂ ਤੋਂ। ਉਂ ਤਾਂ ਚਲ ਚੰਗਾ ਜਨੌਰਾਂ ਦੇ ਗਾਛੇ ਲਗਦੇ ਐ! ਇਹ ਤਾਂ ਜੱਟਾਂ ਨੂੰ ਅਸੀਸਾਂ ਦਿੰਦੇ ਹੋਣਗੇ। ਓ ਮਾਂ ਯਾਣੀ ਉਥੇ ਬੈਠੀ ਭਕਾਈ ਮਾਰੀ ਜਾਊ। ਹਮਾਰਾ ਦੇਸ਼ ਬਹੁਤ ਗਰੀਬ ਐ। ਗੁਤੋਂ ਫੜਕੇ ਐਥੇ ਲਿਆਵੇ ਦਿਖਾਵੇ ਉਸਦੇ ਧਗੜਿਆਂ ਦੀਆਂ ਕਰਤੂਤਾਂ।"

ਇਸੇ ਤਰ੍ਹਾਂ ਦੀ ਵਿਚਾਰਧਾਰਾ ਲੇਖਕ ਨੇ ਬ੍ਰਿਤਾਂਤ ਰਾਹੀ ਸਿਰਜਦਿਆਂ ਸਰਕਾਰੀ ਮਸ਼ੀਨਰੀ ਤੇ ਇਕ ਤਰ੍ਹਾਂ ਵਿਅੰਗ ਕੀਤਾ ਹੈ:

"ਲੋਅ ਲਗਦਿਆਂ ਹੀ ਮੰਡੀ ਦੇ ਸਰਕਾਰੀ ਗੁਦਾਮ ਕੋਲ ਟਰਾਲੀ ਪਹੁੰਚ ਗਈ। ਗੁਦਾਮ ਦੇ ਬਾਹਰ ਬਣੇ ਫਰਸ਼ ਤੇ ਪਿਛਲੇ ਸਾਲ ਦੇ ਝੋਨੇ ਦੀਆਂ ਬੋਰੀਆਂ ਦੀਆਂ ਧਾਕਾਂ ਗੁਦਾਮਾਂ ਨਾਲੋਂ ਉਚੀਆਂ ਸਨ। ਉਪਰ ਕਬੂਤਰ-ਘੁਗੀਆਂ ਇਉਂ ਠੂੰਗਾਂ ਮਾਰ ਰਹੇ ਸਨ ਜਿਵੇਂ ਮੁਰਦਾਰ ਨੂੰ ਗਿਰਝਾਂ ਚਿੰਬੜੀਆਂ ਹੋਣ। ਉਪਰਲੀਆਂ ਦੋ ਲਾਈਨਾਂ ਵਿਚ ਦਸ ਦਸ ਸੇਰ ਹੀ ਦਾਣੇ ਹੋਣਗੇ। ਆਸੇ ਪਾਸੇ ਵਾਲੀਆਂ ਬੋਰੀਆਂ ਗਲ੍ਹ ਸੜ ਗਈਆਂ ਸਨ ਤੇ ਹੇਠਾਂ ਛੋਲੇ ਦੇ ਦਾਣੇ ਮੀਹਾਂ ਨਾਲ ਕਾਲੇ ਹੋਏ ਢੇਰਾਂ ਦੇ ਢੇਰ ਪਏ ਸਨ।

ਉਪਰੋਕਤ ਵਾਰਤਾਲਾਪ ਅਤੇ ਬ੍ਰਿਤਾਂਤਕ ਟੁਕੜੀਆਂ ਜਿਥੇ ਵਾਰਤਾਲਾਪ ਪੱਖੋਂ ਵਿਲੱਖਣ ਤੇ ਵਿਸ਼ੇਸ਼ ਹਨ ਉਥੇ ਇਨ੍ਹਾਂ ਦੀ ਮਹੱਤਤਾ ਆਂਚਲਿਕ ਮੁਹਾਵਰੇ ਵਾਲੀ, ਮਲਵਈ ਦੀ ਛੋਟੀ ਕਿਰਸਾਣੀ ਦੀ ਆਰਥਕ ਦਸ਼ਾਂ ਨੂੰ ਵੀ ਪੇਸ਼ ਕਰਦੀ ਹੈ। ਹਰੀ ਕ੍ਰਾਂਤੀ ਦੇ ਨਾਂਹ ਪੱਖੀ ਪਏ ਪ੍ਰਭਾਵਾਂ ਨੂੰ ਵੀ ਦਰਸਾਉਂਦੀ ਹੈ। ਇਸਦੇ ਨਾਲ ਹੀ ਅੰਨ ਦੇ ਭੰਡਾਰਾਂ ਦੀ ਦੁਰਦਸ਼ਾ ਰਾਹੀਂ ਸਰਕਾਰੀ ਮਸ਼ੀਨਰੀ ਦੀ ਅਣਗਹਿਲੀ ਅਤੇ ਅਨਾਜ ਦੀ ਸਹੀ ਵੰਡ ਨਾ ਹੋਣ ਉਪਰ ਵੀ ਟਿੱਪਣੀ ਕੀਤੀ ਹੈ।

ਇਸ ਨਾਵਲ ਵਿਚ ਸਮੁੱਚੇ ਵਾਰਤਾਲਾਪ ਦਾ ਰੂਪ ਨਾਵਲੀ ਸਥਿਤੀ ਅਨੁਸਾਰ ਅਤੇ ਪਾਤਰਾਂ ਦੀ ਆਰਥਿਕ, ਸਮਾਜਕ ਅਤੇ ਮਾਨਸਿਕ ਹਾਲਤ ਅਨੁਸਾਰ ਪੇਸ਼ ਕੀਤਾ ਗਿਆ ਹੈ। ਗਿੰਦਰ ਅਤੇ ਮਹਿੰਦਰੋਂ ਦੀ ਆਪਸੀ ਲੜਾਈ ਅਤੇ ਉਨ੍ਹਾਂ ਦਾ ਬੱਚਿਆ ਨੂੰ ਕੁੱਟਣਾ ਅਤੇ ਗਾਲ੍ਹਾਂ ਕੱਢਣੀਆਂ ਮਲਵਈ ਆਂਚਲਿਕ ਮੁਹਾਵਰੇ ਵਾਲੇ ਅਤੇ ਪੇਂਡੂ ਮਹੌਲ ਦੇ ਐਨ ਅਨੁਕੂਲ ਹੈ। ਵਾਰਤਾਲਾਪਾਂ ਵਿਚ ਗਾਲ੍ਹਾਂ ਅਤੇ ਮੁਹਾਵਰਿਆਂ ਦੀ ਵਰਤੋਂ ਨਾਲ ਨਾਲ ਕੀਤੀ ਗਈ ਹੈ। ਮੁਹਾਵਰੇ ਗਾਲ੍ਹਾਂ ਦੀ ਸ਼ਿਦਤ ਨੂੰ ਹੋਰ ਡੂੰਘਾ ਕਰਨ ਲਈ ਤੇ ਕਈ ਵਾਰੀ ਵਿਸਥਾਰ ਦੇਣ ਲਈ ਆਪਮੁਹਾਰੇ ਗਾਲ੍ਹਾਂ ਦੇ ਨਾਲ ਨਾਲ ਹੀ ਪਾਤਰਾਂ ਦੇ ਮੂੰਹੋਂ ਨਿਕਲਦੇ ਹਨ। ਇਨ੍ਹਾਂ ਮੁਹਾਵਰਿਆਂ ਦਾ ਰੂਪ ਆਂਚਲਿਕ ਅਤੇ ਕਿਰਸਾਣੀ ਜਮਾਤ ਦੇ ਅਨੁਕੂਲ ਹੈ ਜਿਵੇਂ ਬਹੁਤ ਸਾਰੇ ਮੁਹਾਵਰੇ ਖੇਤੀ ਦੇ ਕਿਤੇ ਤੇ ਪੇਂਡੂ ਜੀਵਨ ਨਾਲ ਸੰਬੰਧਤ ਹਨ ਜਿਵੇ: ਬੀਜਿਆ ਵੱਢਣਾ, ਵਿਆਹ 'ਚ ਬੀਅ ਦਾ ਲੇਖਾ, ਡਾਢੇ ਦਾ ਸੱਤੀ ਬੀਹੀ ਸੌ, ਵਿੜ੍ਹੀ ਚੜ੍ਹਾਉਣੀ। ਦਰਖਤ ਚੱਟੇ ਹਰੇ ਨਾ ਹੋਣੇ, ਲਾਂਗਾ ਕਰਨਾ, ਕੁਤੱਰਾ ਕਰਨਾ, ਗੁਗਲ ਕਰਨਾ ਪੈੜ 'ਚ ਪੈਰ ਧਰਨਾ, ਸੱਰੀ ਪੈਣੀ, ਭੂਸਰਿਆਂ ਸਾਨ੍ਹ, ਸੇਹ ਦਾ ਤਕਲਾ, ਪੰਜੀ ਦਾ ਭੌਣ ਦੇਖਣਾ, ਕੋਕੜਾਂ ਹੋਣੀਆਂ, ਤੌੜੀ ਵਾਂਗ ਰਿਝਣਾ, ਧੰਦ ਪਿਟਣੇ, ਪੱਟੀ ਨਾ ਬੰਨਣਾ, ਹਾਰੇ ਦਾ ਤੌੜੀ ਵਾਂਗ ਰਿਝਣਾ, ਕਚੂਚ ਹੋਣਾ, ਝੰਡ ਮੁੰਨਣੀ, ਪਿੱਪਲ ਦੱਦ ਲਗਣਾ, ਵੇਲ ਤੇ ਚਾੜ੍ਹਨਾ, ਤਵੇ ਤੇ ਅੱਗ ਮਚਾਉਣੀ, ਪਨਾਹ ਵਿਚਾਰਨਾ, ਮੌਕਾ ਸਾਂਭਣਾ, ਅੰਨ੍ਹਾ ਜੁਲਾਹਾ ਮਾਂ ਨਾਲ ਮਸ਼ਕਰੀਆਂ— ਰਿਸ਼ਤੇ ਤੋਂ ਵੱਖਰਾ (ਵਾਧੂ) ਮਖੌਲ ਕਰਨਾ ਜਾਂ ਵਤੀਰਾ ਵਰਤਣਾ, ਡੰਡੇ ਵਜਾਉਂਦੇ ਫਿਰਨਾ, ਚੱਪਣੀ 'ਚ ਨੱਕ ਡਬੋ ਕੇ ਮਰਨਾ, ਟੁੱਕ ਤੇ ਡੇਲਾ ਜਾਨਣਾ, ਮੱਛੀਓ ਮਾਸ ਕਰਨਾ, ਕਾਵਾਂ ਨੇ ਉੱਲੂ ਘੇਰਨਾ, ਧੂੰਆ ਸੱਥਰ ਪਾਉਣਾ, ਦੜ ਵੱਟਣਾ, ਕੰਜਰ ਖਾਨਾ ਕਰਨਾ, ਰਾਮਸੱਤ ਹੋਣੀ, ਪੰਜੀ ਦਾ ਭੌਣ ਦੇਖਣਾ,ਸੋਤਰ ਸੁੱਕਣੇ, ਘਰੂਟ ਵਰਗਾ ਮੂੰਹ ਕਰਨਾ, ਵੰਝ ਤੇ ਚਾੜ੍ਹਨਾ, ਪਿੜ ਨ੍ਹਾਉਣਾ, ਸੱਪ ਲੜਨਾ, ਫੱਟੀ ਪੋਚਣੀ, ਬੋਰੀਆਂ ਬਿਸਤਰਾ ਬੰਨ੍ਹਣਾ, ਹੱਥਲ ਹੋਣਾ, ਲੱਲਰ ਲਾਉਣਾ, ਫੱਕਾ ਨਾ ਛੱਡਣਾ, ਝੱਜੂ ਪਾਉਣਾ ਆਦਿ

ਅਜੇਹੇ ਮੁਹਾਵਰੇ ਹਨ ਜਿਹੜੇ ਕਈ ਵਾਰੀ ਇਕੱਲੇ ਇੱਕਲੇ ਵਰਤੋਂ ਵਿਚ ਆਉਂਦੇ ਹਨ ਪਰੰਤੂ ਬਹੁਤੀ ਵਾਰੀ ਗਾਲ੍ਹਾਂ ਨਾਲ ਮਿਲਕੇ ਵਾਰਤਾਲਾਪ ਦਾ ਹਿੱਸਾ ਬਣਦੇ ਹਨ, ਇਨ੍ਹਾਂ ਵਿਚ ਆਂਚਲਿਕਤਾ ਦਾ ਕੰਮ ਹੋਣ ਕਰਕੇ ਕੁਝ ਮੁਹਾਵਰੇ ਕੇਂਦਰੀ ਪੰਜਾਬੀ ਤੋਂ ਦੂਰ ਹਨ ਤੇ ਪਾਠਕਾਂ ਦੀ ਸਮਝ ਤੋਂ ਬਾਹਰ ਹਨ ਜਿਵੇਂ:

| | | |
|---|---|---|
| ਸੱਥਰੀ ਪਾਉਣੀ | – | ਭਾਈਵਾਲੀ ਕਰਨੀ |
| ਫੱਕਾ ਨਾ ਛੱਡਣਾ | – | ਕਮਜ਼ੋਰ ਹੋਣਾ |
| ਕਚੂਚ ਹੋਣਾ | – | ਸੜ ਬਲ ਜਾਣਾ |
| ਲਾਂਗਾ ਕਰਨਾ | – | ਸਰੀਰਕ ਕਸ਼ਟ ਦੇਣਾ |
| ਪੰਜੀ ਦਾ ਭੌਣ ਦੇਖਣਾ | – | ਔਖੀ ਘੜੀ ਵੇਖਣੀ |
| ਲੱਲ੍ਹਰ ਲਾਉਣਾ | – | ਰੰਗ ਲਾਉਣਾ-ਚੰਗਾ ਕੰਮ ਨਾ ਕਰਨਾ |
| ਪਟੋਲਾ ਬਣਨਾ | – | ਸਜ ਸੰਵਰ ਕੇ ਫਿਰਨਾ |
| ਤਵੇਂ ਤੇ ਅੱਗ ਮਚਾਉਣੀ | – | ਕਾਹਲੀ ਕਰਨੀ |
| ਰੇੜ੍ਹੇ ਪੈਣਾ | – | ਮਾਨਸਿਕ ਪ੍ਰੇਸ਼ਾਨੀ ਵਿਚੋਂ ਲੰਘਣਾ |
| ਅੰਨ੍ਹੀ ਪੀਹਵੇਂ ਕੁੱਤਾ ਚੱਟੇ | – | ਕੋਈ ਅਨੁਸ਼ਾਸਨ ਨਾ ਹੋਣਾ। |
| ਬੁਲਬਲੀਆਂ ਉਠਣੀਆਂ | – | ਭਾਵੁਕ ਹੋਣਾ (ਕ੍ਰੋਧ ਵਿਚ) |
| ਟੂੱਕ ਤੇ ਡੇਲਾ | – | ਹੋਂਦ ਮਹਿਸੂਸ ਨਾ ਕਰਨਾ |
| ਰਾਮਸੱਤ ਹੋਣੀ | – | ਨਾ ਬੋਲਣਾ |

### 1.3.4 ਸਿੱਟਾ

ਉਪਰੋਕਤ ਵਿਸ਼ਲੇਸ਼ਣ ਦੇ ਆਧਾਰ ਤੇ ਕਰਮਜੀਤ ਸਿੰਘ ਕੁੱਸੇ ਦੇ ਨਾਵਲ ਰੋਹੀ ਬੀਆਬਾਨ ਬਾਰੇ ਇਹ ਆਖਿਆ ਜਾ ਸਕਦਾ ਹੈ ਕਿ ਇਸ ਨਾਵਲ ਦੀ ਭਾਸ਼ਾ ਪ੍ਰਕਾਰਜੀ ਸੁਭਾ ਵਾਲੀ ਹੈ। ਨਾਵਲ ਵਿਚ ਗਾਲ੍ਹਾਂ ਅਤੇ ਆਂਚਲਿਕ ਮੁਹਾਵਰੇ ਦੀ ਵਰਤੋਂ ਨਾਵਲ ਵਿਚ ਜਿਥੇ ਸਥਿਤੀ ਦੀ ਗਹਿਰਾਈ ਅਤੇ ਸ਼ਿੱਦਤ ਨੂੰ ਪੇਸ਼ ਕਰਦੀ ਹੈ ਉਥੇ ਪਾਤਰਾਂ ਦੀ ਸਰੀਰਕ ਮਾਨਸਿਕ, ਸਮਾਜਕ ਅਤੇ ਆਰਥਿਕ ਸਥਿਤੀ ਨੂੰ ਯਥਾਰਥ ਰੂਪ ਵਿਚ ਪੇਸ਼ ਕਰਦੀ ਹੈ। ਕਥਾਨਕ ਮਾਲਵਾ ਖੇਤਰ ਨਾਲ ਸੰਬੰਧਤ ਹੋਣ ਕਰਕੇ ਭਾਸ਼ਾ ਦਾ ਮੁਹਾਵਰਾ ਆਂਚਲਿਕ ਹੈ।

### 1.3.5 ਅਭਿਆਸ ਲਈ ਪ੍ਰਸ਼ਨ

1. ਰੋਹੀ ਬੀਆਬਾਨ ਨਾਵਲ ਦੇ ਕਥਾਨਕ ਤੇ ਨੋਟ ਲਿਖੋ।
2. ਰੋਹੀ ਬੀਆਬਾਨ ਨਾਵਲ ਦੀ ਭਾਸ਼ਾ-ਸ਼ੈਲੀ ਬਾਰੇ ਲਿਖੋ।

### 1.3.6 ਸਹਾਇਕ ਪੁਸਤਕ ਸੂਚੀ

ਡਾ. ਟੀ.ਆਰ ਵਿਨੋਦ – ਪੰਜਾਬੀ ਨਾਵਲ ਦਾ ਸਾਂਸਕ੍ਰਿਤਕ ਅਧਿਐਨ

ਡਾ. ਜੋਗਿੰਦਰ ਸਿੰਘ ਰਾਹੀ – ਪੰਜਾਬੀ ਨਾਵਲ

**Converted in Self Learning Mode by Dr. Gurpreet Kaur Brar**
**Last Update May, 2023**

ਪਾਠ ਨੰਬਰ :1.4 ਲੇਖਕ: ਡਾ.ਬਲਜੀਤ ਕੌਰ ਬਲੀ

# ਕਰਮਜੀਤ ਸਿੰਘ ਕੁੱਸਾ ਦਾ ਪੰਜਾਬੀ ਨਾਵਲ ਵਿਚ ਸਥਾਨ

1.4.1 ਪਾਠ ਦਾ ਉਦੇਸ਼
1.4.2 ਭੂਮਿਕਾ
1.4.3 ਪਾਠ ਦੀ ਰੂਪ-ਰੇਖਾ
1.4.3.1 ਕਰਮਜੀਤ ਸਿੰਘ ਕੁੱਸਾ ਦਾ ਪੰਜਾਬੀ ਨਾਵਲ ਵਿਚ ਸਥਾਨ
1.4.4 ਸਿੱਟਾ
1.4.5 ਅਭਿਆਸ ਲਈ ਪ੍ਰਸ਼ਨ
1.4.6 ਸਹਾਇਕ ਪੁਸਤਕ ਸੂਚੀ

## 1.4.1 ਪਾਠ ਦਾ ਉਦੇਸ਼

ਕਰਮਜੀਤ ਸਿੰਘ ਕੁੱਸਾ ਪੰਜਾਬੀ ਦੇ ਯਥਾਰਥਵਾਦੀ ਨਾਵਲ ਵਿਚ ਵਿਸ਼ੇਸ਼ ਮਹੱਤਵ ਰੱਖਦਾ ਹੈ। ਕੁੱਸਾ ਪੰਜਾਬੀ ਨਾਵਲ ਦੀ ਯਥਾਰਥਵਾਦੀ ਧਾਰਾ ਦਾ ਇਤਿਹਾਸਕ ਬ੍ਰਿਤਾਂਤ ਸਿਰਜਣ ਵਾਲਾ ਨਾਵਲਕਾਰ ਹੈ। ਇਸ ਪੱਖ ਤੋਂ ਕਰਮਜੀਤ ਸਿੰਘ ਕੁੱਸਾ ਨੇ ਗੁਣਾਤਮਕ ਤੇ ਗਿਣਾਤਮਕ ਪੱਖ ਤੋਂ ਪੰਜਾਬੀ ਨਾਵਲ ਵਿਚ ਮਹੱਤਵਪੂਰਨ ਯੋਗਦਾਨ ਪਾਇਆ ਹੈ। ਪੰਜਾਬ ਦੀ ਪੇਂਡੂ ਛੋਟੀ ਕਿਰਸਾਣੀ ਕੁੱਸੇ ਦੀ ਸਮੁੱਚੀ ਨਾਵਲੀ ਸਿਰਜਣਾ ਦਾ ਅਧਾਰ ਹੈ। ਜਿਸ ਕਰਕੇ ਕੁੱਸੇ ਨੂੰ ਨਾਵਲ ਜਗਤ ਵਿਚ ਵਧੇਰੇ ਪ੍ਰਸਿੱਧੀ ਪ੍ਰਾਪਤ ਹੋਈ। ਇਸ ਦਾ ਮੁੱਖ ਕਾਰਨ ਇਹ ਹੈ ਕਿ ਕੁੱਸੇ ਨੇ ਪੰਜਾਬੀ ਨਾਵਲ ਦੀ ਯਥਾਰਥਵਾਦੀ ਧਾਰਾ ਨੂੰ ਵਿਸਥਾਰ ਦਿੱਤਾ ਹੈ ਇਸਦੀ ਨਾਵਲੀ ਸਿਰਜਣਾ ਰਾਹੀਂ ਇਹ ਧਾਰਾ ਆਪਣੇ ਪੂਰਨ ਰੂਪ ਵਿਚ ਵਿਕਸਤ ਹੋਈ ਹੈ। ਗੁਰਦਿਆਲ ਸਿੰਘ ਤੋਂ ਪਿਛੋਂ ਕਰਮਜੀਤ ਸਿੰਘ ਕੁੱਸੇ ਦਾ ਨਾਂ ਇਸ ਧਾਰਾ ਵਿਚ ਵਿਸ਼ੇਸ਼ ਤੌਰ ਤੇ ਲਿਆ ਜਾਂਦਾ ਹੈ।

## 1.4.2 ਭੂਮਿਕਾ

ਕਰਮਜੀਤ ਸਿੰਘ ਕੁੱਸੇ ਨੇ ਪੰਜਾਬ ਦੀ ਪੇਂਡੂ ਕਿਰਸਾਣੀ ਨਾਲ ਸੰਬੰਧਿਤ ਛੇ ਨਾਵਲਾਂ ਦੀ ਸਿਰਜਣਾ ਕੀਤੀ ਹੈ। ਇਹ ਨਾਵਲ 'ਬੁਰਕੇ ਵਾਲੇ ਲੁਟੇਰੇ' (1977) 'ਰਾਤ ਦੇ ਰਾਹੀਂ' (1979) 'ਰੋਹੀ ਬੀਆਬਾਨ' (1983), 'ਅੱਗ ਦਾ ਗੀਤ' (1985), 'ਜਖਮੀ ਦਰਿਆ' (1988), 'ਅਕਾਲ ਪੁਰਖੀ' (1999) ਹਨ। ਇਸ ਤੋਂ ਪਹਿਲਾਂ ਕਿ ਕੁੱਸੇ ਦੇ ਨਾਵਲਾਂ ਦਾ ਵਿਸ਼ਲੇਸ਼ਨ ਕੀਤਾ ਜਾਵੇ ਇਹ ਜ਼ਰੂਰੀ ਭਾਸਦਾ ਹੈ ਕਿ ਪੰਜਾਬੀ ਨਾਵਲ ਨੂੰ ਸਮੁੱਚੇ ਰੂਪ ਵਿਚ ਵੇਖ ਲਿਆ ਜਾਵੇ। ਕਿਸੇ ਲੇਖਕ ਦਾ ਸਥਾਨ ਨਿਸ਼ਚਤ ਕਰਨ ਲਈ ਵੀ ਇਹ ਜ਼ਰੂਰੀ ਹੋ ਜਾਂਦਾ ਹੈ ਕਿ ਜਦੋਂ ਉਹ ਲੇਖਕ ਸਾਹਿਤਕ ਖੇਤਰ ਵਿਚ ਪ੍ਰਵੇਸ਼ ਕਰਦਾ ਹੈ ਤਾਂ ਉਸ ਸਮੇਂ ਲਿਖੇ ਜਾ ਰਹੇ ਸਾਹਿਤ ਜਾਂ ਨਾਵਲ ਦੀ ਕੀ ਵੰਨਗੀ ਸੀ। ਉਹ ਵੰਨਗੀ ਕਿਸ ਪੜਾਅ ਤੱਕ ਪੁੱਜ ਚੁੱਕੀ ਸੀ। ਇਸਦੇ ਨਾਲ ਹੀ ਲੇਖਕ ਦੀ ਆਪਣੇ ਸਮਕਾਲੀਆਂ ਨਾਲ ਤੁਲਨਾ ਕਰਨੀ ਵੀ ਸੁਭਾਵਕ ਹੁੰਦੀ ਹੈ।

## 1.4.3 ਪਾਠ ਦੀ ਰੂਪ-ਰੇਖਾ

### 1.4.3.1 ਕਰਮਜੀਤ ਸਿੰਘ ਕੁੱਸਾ ਦਾ ਪੰਜਾਬੀ ਨਾਵਲ ਵਿਚ ਸਥਾਨ

ਆਧੁਨਿਕ ਪੰਜਾਬੀ ਨਾਵਲ ਦਾ ਜਨਮ ਸਿੰਘ ਸਭਾ ਲਹਿਰ ਤੇ ਪ੍ਰਭਾਵ ਅਧੀਨ ਹੋਇਆ ਮੰਨਿਆ ਗਿਆ ਹੈ। ਵੀਹਵੀਂ ਸਦੀ ਦੇ ਅਰੰਭ ਤਕ ਨਾਵਲਾਂ ਦੀ ਰਚਨਾ ਵੱਖ ਵੱਖ ਧਾਰਮਿਕ, ਸਮਾਜਕ ਲਹਿਰਾਂ ਦੇ ਪ੍ਰਭਾਵ ਅਧੀਨ ਹੋਈ। ਇਸ ਪ੍ਰਭਾਵ ਅਧੀਨ ਲਿਖਣ ਵਾਲੇ ਲੇਖਕ ਭਾਈ ਵੀਰ ਸਿੰਘ, ਮੋਹਨ ਸਿੰਘ ਵੈਦ ਤੇ ਚਰਨ ਸਿੰਘ ਸ਼ਹੀਦ ਹਨ। ਇਨ੍ਹਾਂ ਲੇਖਕਾਂ ਨੇ ਇਕ ਵਿਸ਼ੇਸ਼ ਪ੍ਰਕਾਰ ਦੇ ਮਨੋਰਥ ਅਧੀਨ ਧਰਮ ਦੀ ਸਰਵ ਉਚੱਤਾ ਸਥਾਪਤ ਕਰਨ ਲਈ ਨਾਵਲੀ ਸਿਰਜਣਾ ਕੀਤੀ ਹੈ। ਭਾਈ ਵੀਰ ਸਿੰਘ ਨੇ 'ਸੁੰਦਰੀ', 'ਬਿਜੇ ਸਿੰਘ', 'ਸਤਵੰਤ ਕੌਰ' ਅਤੇ 'ਬਾਬਾ ਨੌਧ ਸਿੰਘ' ਨਾਵਲਾਂ ਦੀ ਸਿਰਜਣਾ ਰਾਹੀਂ ਸਿੱਖ ਇਤਿਹਾਸ ਦੇ ਅਠਾਰਵੀ ਸਦੀ ਦੇ ਸ਼ਾਨਦਾਰ ਇਤਿਹਾਸ ਨੂੰ ਪੁਨਰ ਸੁਰਜੀਤ ਕੀਤਾ ਹੈ। ਇਨ੍ਹਾਂ ਨਾਵਲਾਂ ਵਿਚ ਸਿੱਖ ਇਤਿਹਾਸ, ਸਿਖ ਧਰਮ ਅਤੇ ਸਿਖ ਜੀਵਨ ਜਾਚ ਦੇ ਗੌਰਵ ਨੂੰ ਸਥਾਪਤ ਕਰਨ ਦਾ ਯਤਨ ਕੀਤਾ ਹੈ।

ਨਾਵਲ ਦੀ ਰੂਪ-ਰਚਨਾ ਪੱਖੋਂ ਇਹ ਨਾਵਲ ਮੁੱਢਲੀ ਕਿਸਮ ਦੇ ਨਾਵਲ ਹਨ। ਨਾਵਲ ਦਾ ਕਥਾਨਕ ਢਿਲੀ ਬ੍ਰਿਤਾਂਤਕ ਗਤੀ ਵਾਲਾ ਅਤੇ ਘਟਨਾਵਾਂ ਦਾ ਸਿਰਜਣ ਮਨੋਰਥ ਅਧੀਨ ਹੋਣ ਕਾਰਨ ਮਨੋਕਲਪਤ ਹੈ। ਲੇਖਕ ਦੀ ਕਥਾ-ਸ਼ੈਲੀ ਸੰਬੋਧਨੀ ਹੈ ਪਾਤਰਾਂ ਨੂੰ ਵੀ ਨਾਇਕ/ਨਾਇਕਾ, ਖਲਨਾਇਕ ਰੂਪ ਵਿਚ ਹੀ ਚਿਤਰਿਆ ਹੈ। ਜਿਵੇਂ ਮੁਸਲਮਾਨ ਪਾਤਰਾਂ ਨੂੰ ਜ਼ਾਲਮ ਅਤੇ ਨਿਰਦਈ ਰੂਪ ਵਿਚ ਪੇਸ਼ ਕੀਤਾ ਹੈ। ਸਿਖ ਪਾਤਰਾਂ ਨੂੰ ਬਹਾਦਰ, ਸੂਰਬੀਰ ਕੁਰਬਾਨੀ ਦੇ ਪੁੰਜ ਅਤੇ ਨੈਤਕ ਕਦਰਾਂ ਕੀਮਤਾਂ ਵਾਲੇ ਪੇਸ਼ ਕੀਤਾ। ਭਾਸ਼ਾ ਵੀ ਪਾਤਰਾਂ ਦੀ ਨਹੀਂ ਬਲਕਿ ਲੇਖਕ ਦੀ ਕਿਤਾਬੀ ਭਾਸ਼ਾ ਹੈ ਇਸਦੇ ਸਮਕਾਲੀ ਨਾਵਲਕਾਰ ਮੋਹਨ ਸਿੰਘ ਵੈਦ, ਚਰਨ ਸਿੰਘ ਸ਼ਹੀਦ ਮਾਸਟਰ ਤਾਰਾ ਸਿੰਘ ਆਦਿ ਨਾਵਲਕਾਰ ਵੀ ਇਸੇ ਧਾਰਾ ਦੇ ਨਾਵਲਕਾਰ ਹਨ। ਇਨ੍ਹਾਂ ਨਾਵਲਕਾਰਾਂ ਵਿਚ ਰੂਪ-ਰਚਨਾ ਪੱਧਰ ਤੇ ਤਾਂ ਕੋਈ ਤਬਦੀਲੀ ਵਾਪਰਦੀ ਨਜ਼ਰ ਨਹੀਂ ਆਉਂਦੀ ਪਰੰਤੂ ਇਨ੍ਹਾਂ ਦੀਆਂ ਨਾਵਲੀ ਰਚਨਾਵਾਂ ਵਿਚ ਸਮੱਸਿਆਵਾਂ ਬਦਲਣੀਆਂ ਅਰੰਭ ਹੋ ਜਾਂਦੀਆਂ ਹਨ। ਜਿਥੇ ਭਾਈ ਵੀਰ ਸਿੰਘ ਆਪਣੀਆਂ ਰਚਨਾਵਾਂ ਵਿਚ ਸਿਖ ਧਰਮ ਦੇ ਸੁਧਾਰਵਾਦ ਉਤੇ ਕੇਂਦਰਤ ਰਹਿੰਦਾ ਹੈ ਉਥੇ ਇਨ੍ਹਾਂ ਨਾਵਲਕਾਰਾਂ ਵਿਚੋਂ ਮੋਹਨ ਸਿੰਘ ਵੈਦ ਤੇ ਚਰਨ ਸਿੰਘ ਸ਼ਹੀਦ ਸਿੱਖ ਸਮਾਜ ਦੇ ਸੁਧਾਰ ਉਤੇਂ ਕੇਂਦਰਤ ਹੁੰਦੇ ਹਨ। ਸਿੱਖਾਂ ਵਿਚ ਨਸ਼ੇ ਦੀ ਆਦਤ, ਬਹੁ ਪਤਨੀ ਪ੍ਰਥਾ ਆਦਿ ਕੁਰੀਤੀਆਂ ਨੂੰ ਨਾਵਲਾਂ ਦਾ ਵਿਸ਼ਾ ਬਣਾਇਆ ਗਿਆ ਹੈ। ਮਾਸਟਰ ਤਾਰਾ ਸਿੰਘ ਦੇ ਦੋ ਨਾਵਲਾਂ 'ਬਾਬਾ ਤੇਗਾ ਸਿੰਘ' ਤੇ 'ਪ੍ਰੇਮ ਲਮਨ' ਵਿਚ ਸਿਖ ਰਾਜਨੀਤੀ ਨੂੰ ਵਿਸ਼ਾ ਬਣਾਕੇ ਸਿਖ ਰਾਜਨੀਤੀ ਵਿਚ ਸੁਧਾਰ ਦਾ ਯਤਨ ਕੀਤਾ ਹੈ। ਇਸ ਸਮੇਂ ਦੀ ਮੁਖ ਪ੍ਰਵਿਰਤੀ ਭਾਵੇਂ ਸਿੱਖ ਧਰਮ-ਸਮਾਜ ਸੁਧਾਰਵਾਦ ਦੀ ਹੈ ਪਰ ਇਸਦੇ ਨਾਲ ਹੀ ਪੰਜਾਬੀ ਨਾਵਲ ਵਿਚ ਯਥਾਰਥਵਾਦੀ ਦ੍ਰਿਸ਼ਟੀ ਦਾ ਪ੍ਰਵੇਸ਼ ਵੀ ਹੋ ਗਿਆ ਸੀ। ਇਸ ਸੰਬੰਧ ਵਿਚ ਡਾ. ਜੋਗਿੰਦਰ ਸਿੰਘ ਰਾਹੀਂ 'ਮਸਲੇ ਗਲਪ ਦੇ' ਵਿਚ ਲਿਖਦੇ ਹਨ।

"ਭਾਈ ਵੀਰ ਸਿੰਘ ਦੇ ਦੌਰ ਵਿਚ ਯਥਾਰਥਵਾਦੀ ਨਾਵਲ ਵੀ ਲਿਖੇ ਗਏ। ਰਲਾ ਸਿੰਘ ਦਾ 'ਡਾਂਗੋ ਡਾਂਗੀ', ਅਰਜਨ ਸਿੰਘ ਵੈਦ ਦਾ 'ਦੋ ਮਿੱਤਰ', ਮਾਸਟਰ ਤਾਰਾ ਸਿੰਘ ਦਾ 'ਤਿੰਨ ਵਿਧਵਾ' ਕਿਸੇ ਅਨਾਮ ਲੇਖਕ ਦਾ 'ਮੁਸਤਫ ਸਮੀਰ' ਆਦਿ। ਇਨ੍ਹਾਂ ਨਾਵਲਾਂ ਵਿਚ ਸਾਮਰਾਜ ਦਾ ਸਿੱਧਾ ਵਿਰੋਧ ਜਾਂ ਤਨਕੀਦ ਮਿਲੇਗੀ ਤੇ ਜਾਂ ਸਮਾਜਕ ਸਮੱਸਿਆਵਾਂ ਦਾ ਯਥਾਰਥਵਾਦੀ ਚਿੱਤ੍ਰਣ। ਇਹ ਨਾਵਲ ਕਈ ਲਿਹਾਜ ਨਾਲ ਸਾਡੀ ਬਾਅਦ ਦੀ ਯਥਾਰਥਵਾਦੀ ਗਲਪ ਦੇ ਪੇਸ਼ਰੋਅ ਵੀ ਲਗਦੇ ਹਨ।"

ਪੰਜਾਬੀ ਨਾਵਲ ਦਾ ਦੂਜਾ ਦੌਰ ਨਾਨਕ ਸਿੰਘ ਦੇ ਨਾਵਲਾਂ ਨਾਲ ਅਰੰਭ ਹੁੰਦਾ ਹੈ। ਇਹ ਦੌਰ ਧਾਰਮਿਕ ਸੁਧਾਰਵਾਦ ਦੀ ਥਾਂ ਸਮਾਜਕ ਯਥਾਰਥਵਾਦ ਨੂੰ ਸਾਹਿਤ ਦਾ ਵਿਸ਼ਾ ਬਣਾਉਂਦਾ ਹੈ। ਇਸਦਾ ਬੀਜ ਰੂਪ ਭਾਵੇਂ ਚਰਨ ਸਿੰਘ ਸ਼ਹੀਦ ਅਤੇ ਵੈਦ ਦੀਆਂ ਰਚਨਾਵਾਂ ਵਿਚ ਵੇਖਣ ਨੂੰ ਮਿਲਦਾ ਹੈ। ਪਰੰਤੂ, ਨਾਨਕ ਸਿੰਘ ਦੇ ਹੱਥਾਂ ਵਿਚ ਇਸ ਪ੍ਰਵਿਰਤੀ ਨੂੰ ਵਧੇਰੇ ਪ੍ਰਮੁੱਖਤਾ ਮਿਲੀ ਹੈ। ਪਹਿਲੀ ਵਾਰੀ ਨਾਵਲ ਦਾ ਰੁਖ ਸਮਾਜ ਵੱਲ ਹੁੰਦਾ ਹੈ। ਨਾਨਕ ਸਿੰਘ ਨੇ ਆਪਣੇ ਨਾਵਲਾਂ ਵਿਚ ਪਹਿਲੀ ਵਾਰੀ ਮੱਧ ਸ਼੍ਰੇਣੀ ਨੂੰ ਪੇਸ਼ ਕਰਦਿਆਂ ਅਜਿਹੇ ਪਾਤਰਾਂ ਦੀ ਸਿਰਜਣਾ ਕੀਤੀ ਹੈ ਜਿਨ੍ਹਾਂ ਵਿਚ ਕੇਵਲ ਨਾਇਕ ਨਾਇਕਾਵਾਂ ਹੀ ਆਪਣੇ ਅਦਰਸ਼ਕ ਰੂਪ ਰਾਹੀਂ ਸਮਾਜਕ ਸਮੱਸਿਆਵਾਂ ਨੂੰ

ਸੁਲਝਾਉਂਦੇ ਹਨ। ਇਨ੍ਹਾਂ ਸਮੱਸਿਆਵਾਂ ਪਿੱਛੇ ਕੰਮ ਕਰਦੀਆਂ ਨਾਂਹ ਪੱਖੀ ਸ਼ਕਤੀਆਂ ਦਾ ਜ਼ਿਕਰ ਨਹੀਂ। ਨਾਨਕ ਸਿੰਘ ਉਤੇ ਡਾ.ਰਾਹੀਂ ਦਾ ਕਥਨ ਪੂਰੀ ਤਰ੍ਹਾਂ ਢੁਕਦਾ ਹੈ:

"ਨਾਨਕ ਸਿੰਘ ਕੋਲ ਸਮੱਸਿਆਵਾਂ ਦੀ ਚੇਤਨਾ ਤਾਂ ਹੈ ਪਰ ਚਿੰਤਨ ਨਹੀਂ।"

ਇਹੀ ਕਾਰਨ ਹੈ ਕਿ ਨਾਨਕ ਸਿੰਘ ਸਮੱਸਿਆਵਾਂ ਦਾ ਸੁਧਾਰ ਸਮਾਜ ਸੁਧਾਰ ਵਿਚ ਨਹੀਂ ਬਲਕਿ ਵਿਅਕਤੀ ਸੁਧਾਰ ਵਿਚ ਵੇਖਦਾ ਹੈ। ਨਾਨਕ ਸਿੰਘ ਪਲਾਟ ਦੀ ਉਤਸੁਕਤਾ ਬਣਾਈ ਰਖਣ ਲਈ ਮਨ ਇਛਤ ਘਟਨਾਵਾਂ ਦੀ ਸਿਰਜਣਾ ਕਰਦਾ ਹੈ। ਨਾਨਕ ਸਿੰਘ ਦੇ ਨਾਵਲਾਂ ਬਾਰੇ ਇਹ ਗੱਲ ਸਹਿਜੇ ਹੀ ਆਖੀ ਜਾ ਸਕਦੀ ਹੈ ਕਿ ਨਾਨਕ ਸਿੰਘ ਸਮਕਾਲੀ ਜੀਵਨ ਨੂੰ ਤਾਂ ਆਪਣੇ ਨਾਵਲਾਂ ਵਿਚ ਬਾਖੂਬੀ ਪੇਸ਼ ਕਰਦਾ ਹੈ ਪਰੰਤੂ ਉਨ੍ਹਾਂ ਦਾ ਨਿਬਾਹ ਯਥਾਰਥਕ ਰੂਪ ਵਿਚ ਨਹੀਂ ਕਰਦਾ।

ਪੰਜਾਬੀ ਨਾਵਲ ਵਿਚ ਉਨੀ ਸੌ ਪੈਂਤੀ ਤੱਕ ਨਾਨਕ ਸਿੰਘ ਦੇ ਰੂਪ ਵਿਚ ਸਮਾਜ ਸੁਧਾਰ ਦੀ ਪ੍ਰਵਿਰਤੀ ਪ੍ਰਮੁੱਖ ਪ੍ਰਵਿਰਤੀ ਦੇ ਰੂਪ ਵਿਚ ਪ੍ਰਚਲਤ ਰਹੀ ਹੈ। ਪਰੰਤੂ, 1935 ਵਿਚ ਵਿਸ਼ਵ ਪੱਧਰ ਉਤੇ ਪ੍ਰਗਤੀਵਾਦੀ ਧਾਰਾ ਦਾ ਫਰਾਂਸ ਵਿਚੋਂ ਅਗਾਜ ਹੁੰਦਾ ਹੈ ਜਿਸ ਵਿਚ ਮੈਂਕਸਿਮ ਗੋਰਦੀ ਦੀ ਪ੍ਰਧਾਨਗੀ ਹੇਠ ਵਿਸ਼ਵ ਭਰ ਦੇ ਅਗਾਂਹਵਧੂ ਲੇਖਕ ਇਕੱਠੇ ਹੰਦੇ ਹਨ ਜਿਸ ਵਿਚ ਫਾਸੀਵਾਦ ਵਿਰੁੱਧ, ਜਾਗੀਰਵਾਦੀ ਵਿਰੁੱਧ, ਅਮਨ ਦੇ ਹੱਕ ਵਿਚ, ਮਜ਼ਦੂਰ ਕਿਸਾਨਾਂ ਅਤੇ ਔਰਤਾਂ ਦੇ ਹੱਕ ਵਿਚ ਆਦਿ ਮਸਲਿਆਂ ਉਤੇ ਲਿਖਣ ਲਈ ਦੁਨੀਆਂ ਭਰ ਦੇ ਲੇਖਕਾਂ ਨੂੰ ਪ੍ਰੇਰਿਆ। ਇਸ ਪ੍ਰਕਾਰ ਦਾ ਹੀ ਪ੍ਰਗਤੀਵਾਦੀ ਲੇਖਕ ਸੰਘ, ਭਾਰਤ ਵਿਚ ਵੀ ਹੋਂਦ ਵਿਚ ਆਇਆ ਜਿਸਦਾ ਪ੍ਰਭਾਵ ਪੰਜਾਬੀ ਸਾਹਿਤ ਅਤੇ ਪੰਜਾਬੀ ਨਾਵਲ ਉਤੇ ਵੀ ਪਿਆ। ਨਾਨਕ ਸਿੰਘ ਦੇ ਨਾਵਲਾਂ ਵਿਚ ਭਾਵੇਂ ਅਚੇਤ ਤੌਰ ਤੇ ਇਹ ਪ੍ਰਭਾਵ ਪਹਿਲਾਂ ਹੀ ਮੌਜੂਦ ਸੀ ਪਰੰਤੂ ਚੇਤਨ ਤੌਰ ਤੇ ਉਸਦੀਆਂ ਰਚਨਾਵਾਂ ਵਿਚ ਇਹ ਪ੍ਰਭਾਵ ਉਨੀ ਸੌ ਛੱਤੀ ਤੋਂ ਬਾਦ ਵੇਖਿਆ ਜਾ ਸਕਦਾ ਹੈ।

ਪੰਜਾਬੀ ਨਾਵਲ ਖੇਤਰ ਵਿਚ ਇਸ ਧਾਰਾ ਦੇ ਪ੍ਰਭਾਵ ਅਧੀਨ ਪਹਿਲੀ ਵਾਰੀ ਅੰਮ੍ਰਿਤਾ ਪ੍ਰੀਤਮ, ਮੋਹਨ ਸਿੰਘ ਅਤੇ ਜਸਵੰਤ ਕੰਵਲ ਆਦਿ ਨਾਵਲਕਾਰ ਸਰਗਰਮ ਹੁੰਦੇ ਹਨ। ਅੰਮ੍ਰਿਤਾ ਪ੍ਰੀਤਮ ਨੇ ਆਪਣੇ ਨਾਵਲਾਂ ਵਿਚ ਇਸਤਰੀ ਦੇ ਦ੍ਰਿਸ਼ਟੀਕੋਣ ਤੋਂ ਔਰਤ ਨੂੰ ਮਰਦ ਦੇ ਬਰਾਬਰ ਅਧਿਕਾਰ ਦਿਵਾਉਣ ਲਈ ਪੰਜਾਬੀ ਨਾਵਲ ਵਿਚ ਪਹਿਲੀ ਵਾਰ ਮਨੁੱਖੀ ਰੂਪ ਵਿਚ ਪੇਸ਼ ਕੀਤਾ ਹੈ। ਜਸਵੰਤ ਸਿੰਘ ਕੰਵਲ ਇਸ ਦੌਰ ਦਾ ਸਭ ਤੋਂ ਵੱਡਾ ਨਾਵਲਕਾਰ ਹੈ। ਮਾਰਕਸਵਾਦੀ ਸਾਹਿਤ ਸਿਧਾਂਤ ਨੂੰ ਉਹ ਆਪਣੀ ਰਚਨਾ-ਦ੍ਰਿਸ਼ਟੀ ਦਾ ਆਧਾਰ ਬਣਾਉਂਦਾ ਹੈ। ਕੰਵਲ ਦੀ ਸਮੱਸਿਆ ਇਹ ਹੈ ਕਿ ਉਹ ਮਾਰਕਸਵਾਦੀ ਸਾਹਿਤ ਸਿਧਾਂਤ ਨੂੰ ਮਕਾਨਕੀ ਰੂਪ ਵਿਚ ਲਾਗੂ ਕਰਦਾ ਹੈ। ਉਹ ਜਮਾਤੀ ਜੀਵਨ ਨੂੰ ਜਮਾਤ ਰਹਿਤ ਜੀਵਨ ਵਿਚ ਪਰਿਵਰਤਨ ਕਰਨ ਦਾ ਅਧਾਰ ਨਾਨਕ ਸਿੰਘ ਵਾਂਗ ਨਾਇਕ ਨਾਇਕਾ ਪਾਤਰਾਂ ਦੇ ਮਨੋਬਲ ਨੂੰ ਬਣਾਉਂਦਾ ਹੈ ਵਸਤੂ ਗਤ ਸਥਿਤੀਆਂ ਨੂੰ ਨਹੀਂ। ਉਸਦੀ ਨਾਵਲੀ ਸਿਰਜਣਾ ਵੀ ਨਾਨਕ ਸਿੰਘ ਵਾਂਗ ਆਦਰਸ਼ਕ ਅਤੇ ਸਿਧਾਂਤ ਪ੍ਰੇਰਿਤ ਹੈ। ਪੰਜਾਬੀ ਨਾਵਲ ਵਿਚ ਜਸਵੰਤ ਸਿੰਘ ਕੰਵਲ ਦਾ ਮਹੱਤਵ ਇਸ ਕਰਕੇ ਹੈ ਕਿ ਉਸਨੇ ਪਹਿਲੀ ਵਾਰੀ ਮਾਲਵਾ ਖੇਤਰ ਦੇ ਕਿਰਸਾਣੀ ਜੀਵਨ ਨੂੰ ਆਪਣੀ ਰਚਨਾ ਦੀ ਵਸਤੂ ਸਮਗਰੀ ਬਣਾਇਆ ਹੈ। ਕੰਵਲ ਨੇ ਕੁਝ ਕੁ ਨਾਵਲਾਂ ਵਿਚ ਕਿਸਾਨੀ ਜੀਵਨ ਦੇ ਯਥਾਰਥ ਨੂੰ ਵੀ ਪਹਿਲੀ ਵਾਰੀ 'ਰੂਪਧਾਰਾ' 'ਹਾਣੀ' ਅਤੇ 'ਪੂਰਨਮਾਸ਼ੀ' ਵਿਚ ਪੇਸ਼ ਕੀਤਾ ਹੈ। ਕੰਵਲ ਦੇ ਹੱਥਾਂ ਵਿਚ ਪੰਜਾਬੀ ਨਾਵਲ ਨੇ ਯਥਾਰਥਵਾਦ ਵਲ ਇਕ ਹੋਰ ਪੁਲਾਂਘ ਪੁੱਟੀ ਹੈ।

ਉਨੀ ਸੌ ਸੱਠ ਤੱਕ ਪੰਜਾਬੀ ਨਾਵਲ ਗੁਰਦਿਆਲ ਸਿੰਘ ਦੇ ਪ੍ਰਵੇਸ਼ ਸਮੇਂ ਦੋ ਧਰਾਵਾਂ ਵਿਚ ਰਚਿਆ ਜਾ ਰਿਹਾ ਸੀ। ਇਕ ਧਾਰਾ ਆਦਰਸ਼ਕ ਅਤੇ ਸਿਧਾਂਤ ਪ੍ਰੇਰਿਤ ਸੀ ਜਿਸ ਵਿਚ ਭਾਈ ਵੀਰ ਸਿੰਘ, ਨਾਨਕ ਸਿੰਘ, ਜਸਵੰਤ ਕੰਵਲ ਆਦਿ ਪ੍ਰਮੁੱਖ ਹਨ।

ਦੂਜੀ ਧਾਰਾ ਯਥਾਰਥਵਾਦੀ ਧਾਰਾ ਦੇ ਰੂਪ ਵਿਚ ਉਭਰਨ ਦੇ ਯਤਨ ਵਿਚ ਹੈ। ਇਸ ਦਾ ਅਰੰਭ ਭਾਵੇਂ ਭਾਈ ਵੀਰ ਸਿੰਘ ਦੇ ਸਮੇਂ ਵਿਚ ਹੋ ਗਿਆ ਸੀ। ਇਸ ਪ੍ਰਕਾਰ ਯਥਾਰਥਵਾਦ ਦਾ ਪ੍ਰਭਾਵ ਨਾਨਕ ਸਿੰਘ ਅਤੇ ਕੰਵਲ ਦੇ ਕੁਝ ਨਾਵਲਾਂ ਵਿਚ ਵੇਖਿਆ ਜਾ ਸਕਦਾ ਹੈ। ਇਸ ਸਮੇਂ ਸੰਤ ਸਿੰਘ ਸੇਖੋਂ ਦਾ 'ਲਹੂ ਮਿੱਟੀ', ਗੁਰਚਰਨ ਸਿੰਘ ਦਾ 'ਵਗਦੀ ਸੀ ਰਾਵੀ 'ਅਤੇ ਸੁਰਿੰਦਰ ਸਿੰਘ ਨਰੂਲਾ ਦਾ ਪਿਉ ਪੁੱਤਰ ਆਦਿ ਮਹੱਤਵਪੂਰਨ ਰਚਨਾਵਾਂ ਹਨ ਜਿਨ੍ਹਾਂ

ਨੇ ਪਿਛੋਂ ਜਾਕੇ ਯਥਾਰਥਵਾਦੀ ਨਾਵਲ ਲਈ ਨੀਂਹ ਦਾ ਕੰਮ ਕੀਤਾ ਹੈ।

ਪੰਜਾਬੀ ਨਾਵਲ ਵਿਚ ਯਥਾਰਥਵਾਦੀ ਧਾਰਾ 1960 ਪਿਛੋਂ ਹੀ ਸ਼ਕਤੀਸ਼ਾਲੀ ਰੂਪ ਵਿਚ ਪ੍ਰਗਟ ਹੁੰਦੀ ਹੈ। ਇਸ ਧਾਰਾ ਵਿਚ ਗੁਰਦਿਆਲ ਸਿੰਘ, ਸੋਹਨ ਸਿੰਘ ਸੀਤਲ, ਮੋਹਨ ਕਾਹਲੋਂ, ਰਾਮਸਰੂਪ ਅਣਖੀ, ਦਲੀਪ ਕੌਰ ਟਿਵਾਣਾ, ਅਜੀਤ ਕੌਰ ਤੇ ਕਰਮਜੀਤ ਸਿੰਘ ਕੁੱਸਾ, ਬਲਜੀਤ ਕੌਰ ਬਲੀ, ਜਗਰੂਪ ਸਿੰਘ ਬੜਿੰਗ, ਯਾਦਵਿੰਦਰ ਤਪਾ ਅਤੇ ਅਵਤਾਰ ਬਲਿੰਗ ਆਦਿ ਇਸੇ ਧਾਰਾ ਦੇ ਹੋਰ ਨਾਵਲਕਾਰ ਹਨ। ਗੁਰਦਿਆਲ ਸਿੰਘ ਅਤੇ ਸੋਹਨ ਸਿੰਘ ਸੀਤਲ ਇਸ ਧਾਰਾ ਦੇ ਮੋਢੀ ਨਾਵਲਕਾਰਾਂ ਵਿਚੋਂ ਹਨ।

ਇਥੇ ਕਰਮਜੀਤ ਸਿੰਘ ਕੁੱਸਾ ਦੇ ਨਾਵਲਾਂ ਦੀ ਚਰਚਾ ਕਰਨ ਤੋਂ ਪਹਿਲਾਂ ਇਸੇ ਯਥਾਰਥਵਾਦੀ ਧਾਰਾ ਦੇ ਮੋਢੀ ਗੁਰਦਿਆਲ ਸਿੰਘ ਦੇ ਨਾਵਲਾਂ ਦਾ ਵਿਸ਼ਲੇਸ਼ਨ ਕਰਨਾ ਵਧੇਰੇ ਤਰਕ ਸੰਗਤ ਰਹੇਗਾ। ਗੁਰਦਿਆਲ ਸਿੰਘ ਮਾਲਵਾ ਖੇਤਰ ਵਿਸ਼ੇਸ਼ ਦੇ ਜਨਸਮੂਹ ਦੀਆਂ ਉਨ੍ਹਾਂ ਪਰਿਸਥਿਤੀਆਂ ਦਾ ਚਿਤੇਰਾ ਨਾਵਲਕਾਰ ਹੈ ਜਿਨ੍ਹਾਂ ਵਿਚ ਪੂੰਜੀਵਾਦੀ ਵਿਵਸਥਾ ਦੇ ਆਗਮਨ ਕਾਰਨ ਪਰਿਵਰਤਨ ਵਾਪਰ ਰਿਹਾ ਹੈ। ਗੁਰਦਿਆਲ ਸਿੰਘ ਦੇ ਨਾਵਲਾਂ ਵਿਚ ਮਾਲਵਾ ਖੇ ਤਰ ਦੀ ਜੱਟ ਕਿਰਸਾਣੀ, ਜ਼ਮੀਨ ਦੀਆਂ ਛੋਟੀਆਂ ਹੁੰਦੀਆਂ ਜਾਂ ਰਹੀਆਂ ਹਿੱਸੇ-ਦਾਰੀਆਂ ਨਾਲ ਇਸ ਵਿਚ ਉਭਰ ਰਹੇ ਵਿਰੋਧਾਂ, ਸੀਰੀ ਕਾਮਿਆਂ ਦੀਆਂ ਬਦਲ ਰਹੀਆਂ ਆਰਥਕ ਸਾਂਸਕ੍ਰਿਤਕ ਪਰਿਸਥਤੀਆਂ ਅਤੇ ਕਿਰਸਾਣੀ ਉਤੇ ਨਿਰਭਰ ਤਬਕੇ ਦੀਆਂ ਸਮੱਸਿਆਵਾਂ ਦੀ ਪੇਸ਼ਕਾਰੀ ਹੋਈ ਹੈ। ਗੁਰਦਿਆਲ ਸਿੰਘ ਦੇ ਪਾਤਰ ਇਨ੍ਹਾਂ ਬਦਲਦੀਆਂ ਸਥਿਤੀਆਂ ਨਾਲ ਟਕਰਾਉਂਦੇ ਹੋਏ ਸੰਕਟ ਗ੍ਰਸਤ ਹੁੰਦੇ ਹਨ। ਇਹ ਪਾਤਰ ਚੇਤੰਨਤਾ ਦੀ ਘਾਟ ਕਰਕੇ ਅਤੇ ਕਿਸੇ ਲੋਕ ਪੱਖੀ ਸੰਗਠਨ ਜਾਂ ਲਹਿਰ ਦੀ ਅਣਹੋਂਦ ਕਾਰਨ ਅਣਹੋਏ ਬਣ ਜਾਂਦੇ ਹਨ। ਗੁਰਦਿਆਲ ਸਿੰਘ ਭਵਿਖਾਰਥੀ ਪਾਤਰਾਂ ਦੀ ਅਣਹੋਂਦ ਕਾਰਨ ਮਨੁੱਖੀ ਸੰਕਟ ਨੂੰ ਯਥਾਰਥਵਾਦੀ ਦ੍ਰਿਸ਼ਟੀ ਰਾਹੀਂ ਬਿੰਬਾਤਮਕ ਰੂਪ ਵਿਚ ਪੇਸ਼ ਕਰਦਾ ਹੈ। ਗੁਰਦਿਆਲ ਸਿੰਘ ਪਰੰਪਾਤਮਕ ਸੰਬੋਧਨੀ ਸ਼ੈਲੀ ਦਾ ਪੂਰਨ ਰੂਪ ਵਿਚ ਤਿਆਗ ਕਰਦਾ ਹੈ। ਇਸ ਤਰ੍ਹਾਂ ਉਨੀ ਸੌ ਅੱਸੀ ਤੱਕ ਪੰਜਾਬੀ ਨਾਵਲ ਨੇ ਮੁਖ ਤੌਰ ਤੇ ਦੋ ਦਿਸ਼ਾਵਾਂ ਨੂੰ ਗ੍ਰਹਿਣ ਕਰ ਲਿਆ ਸੀ। ਇਸ ਸੰਬੰਧ ਵਿਚ ਡਾ.ਹਰਦਰਸ਼ਨ ਸਿੰਘ ਦੀ ਨਾਵਲ ਬਾਰੇ ਦਿਤੀ ਟਿਪਣੀ ਤਰਕਸੰਗਤ ਜਾਪਦੀ ਹੈ:

"ਨਾਵਲਕਾਰਾਂ ਦੀ ਪ੍ਰਤਿਭਾ ਸ਼੍ਰੇਣਿਕ ਸਥਿਤੀ ਅਤੇ ਪਿਠਭੂਮੀ ਅਨੁਸਾਰ ਇਸ ਪ੍ਰਗਟਾਵੇ ਨੇ ਦੋ ਮੁਖ ਦਿਸ਼ਾਵਾਂ ਗ੍ਰਹਿਣ ਕੀਤੀਆਂ ਜਿੰਨ੍ਹਾਂ ਨਾਵਲਕਾਰਾਂ ਦੀ ਸਮਾਜਕ ਪਿਠ-ਭੂਮੀ ਦਾ ਸੰਬੰਧ ਪਿੰਡਾਂ ਨਾਲ ਹੈ ਅਤੇ ਜੋ ਕਿਰਸਾਣੀ ਜਾਂ ਕਿਰਸਾਣੀ ਉਤੇ ਨਿਰਭਰ ਸ਼੍ਰੇਣੀਆਂ ਦੀਆਂ ਇਤਿਹਾਸਕ ਸਾਂਸਕ੍ਰਿਤਕ ਸਮਸਿਆਵਾਂ ਅਤੇ ਦੁਬਿਧਾਵਾਂ ਨੂੰ ਮਨੁੱਖੀ ਅਤੇ ਅੰਤਰ ਸ਼੍ਰੇਣਿਕ ਸੰਬੰਧਾਂ ਦੇ ਸੰਦਰਭ ਵਿਚ ਚਿਤਰਿਆ ਹੈ। ਇਸ ਮਨੋਰਥ ਲਈ ਉਹ ਮੁਖ ਰੂਪ ਵਿਚ ਯਥਾਰਥਵਾਦੀ ਨਾਵਲ ਦੀ ਇਤਿਹਾਸਕ ਬ੍ਰਿਤਾਂਤ ਦੀ ਸ਼ੈਲੀ ਅਪਣਾਉਂਦੇ ਹਨ। ਦੂਸਰੇ ਪਾਸੇ ਜਿਨ੍ਹਾਂ ਨਾਵਲਕਾਰਾਂ ਦਾ ਸੰਬੰਧ ਅਤੇ ਪਿਛੋਕੜ ਸ਼ਹਿਰੀ ਮੱਧ ਸ਼੍ਰੇਣੀ ਦਾ ਹੈ, ਉਹ ਮਾਨਸਿਕ ਯਥਾਰਥ ਦੀਆਂ ਜਟਿਲਤਾਵਾਂ ਵੱਲ ਰੁਚਿਤ ਹੁੰਦੇ ਹਨ ਅਤੇ ਤਕਨੀਕੀ ਪੱਧਰ ਉਤੇ ਆਧੁਨਿਕ ਪੱਛਮੀ ਨਾਵਲ ਦੀਆਂ ਜੁਗਤਾਂ ਤੋਂ ਸੇਧ ਲੈਣ ਦੀ ਕੋਸ਼ਿਸ਼ ਕਰਦੇ ਹਨ।"

ਦੂਜੀ ਸ਼੍ਰੇਣੀ ਦੇ ਪ੍ਰਮੁੱਖ ਨਾਵਲਕਾਰ ਸੁਰਜੀਤ ਸਿੰਘ ਸੇਠੀ, ਸੁਖਬੀਰ ਅਤੇ ਨਰਿੰਜਨ ਤਸਨੀਮ ਹਨ ਜਿਹੜੇ ਮਾਨਸਿਕ ਯਥਾਰਥ ਦੀਆਂ ਜਟਿਲਤਾਵਾਂ ਨੂੰ ਪੇਸ਼ ਕਰਨ ਵੱਲ ਰੁਚਿਤ ਹਨ। ਤਕਨੀਕੀ ਪੱਧਰ ਉਤੇ ਇਹ ਲੇਖਕ ਪੱਛਮੀ ਨਾਵਲ ਦੀਆਂ ਜੁਗਤਾਂ ਤੋਂ ਸੇਧ ਲੈਂਦੇ ਹਨ।

ਕਰਮਜੀਤ ਸਿੰਘ ਕੁੱਸਾ ਯਥਾਰਥਵਾਦੀ ਧਾਰਾ ਦਾ ਇਤਿਹਾਸ ਬ੍ਰਿਤਾਂਤ ਸਿਰਜਣ ਵਾਲਾ ਲੇਖਕ ਹੈ। ਕੁੱਸਾ ਦੇ ਹੱਥਾਂ ਵਿਚ ਇਸ ਧਾਰਾ ਨੇ ਮਹੱਤਵਪੂਰਨ ਵਿਕਾਸ ਕੀਤਾ ਹੈ। ਕਰਮਜੀਤ ਸਿੰਘ ਕੁੱਸੇ ਦਾ ਪਹਿਲਾ ਨਾਵਲ 'ਬੁਰਕੇ ਵਾਲੇ ਲੁਟੇਰੇ' ਪ੍ਰਗਤੀਵਾਦੀ ਧਾਰਾ ਦਾ ਨਾਵਲ ਹੈ ਇਹ ਨਾਵਲ ਆਦਰਸ਼ਵਾਦੀ ਰੂੜ੍ਹੀਆਂ ਉਤੇ ਆਧਾਰਤ ਹੋਣ ਕਰਕੇ ਯਥਾਰਥਵਾਦੀ ਦ੍ਰਿਸ਼ਟੀ ਤੋਂ ਮਹੱਤਵਪੂਰਨ ਨਹੀਂ ਪਰੰਤੂ ਉਸਦੇ ਅਗਲੇ ਪੰਜ ਨਾਵਲ ਮਾਲਵਾ ਖੇਤਰ ਦੇ ਕਿਰਸਾਣੀ ਜੀਵਨ ਨੂੰ ਆਪਣੀ ਰਚਨਾ ਦਾ ਆਧਾਰ ਬਣਾਉਂਦੇ ਹੋਏ ਇਤਿਹਾਸਕ ਬ੍ਰਿਤਾਂਤ ਸਿਰਜਣ ਕਰਕੇ ਵਿਸ਼ੇਸ਼ ਮਹੱਤਵ ਰਖਦੇ ਹਨ। ਜਿਥੇ ਗੁਰਦਿਆਲ ਸਿੰਘ ਪੂੰਜੀਵਾਦੀ ਵਿਵਸਥਾ ਦੇ ਆਗਮਨ ਕਾਰਨ ਟੁੱਟ ਰਹੇ ਆਦਰਸ਼ਵਾਦੀਆਂ ਅਤੇ ਪਰੰਪਰਕ ਜਾਗੀਰਦਾਰੀ ਨੈਤਿਕ ਮੁੱਲਾਂ ਤੋਂ ਉਪਜੇ ਮਾਨਵੀ ਸੰਤਾਪ ਦਾ ਨਾਵਲਕਾਰ ਹੈ ਉਥੇ ਕਰਮਜੀਤ ਸਿੰਘ ਕੁੱਸਾ ਪੂੰਜੀਵਾਦੀ ਵਿਵਸਥਾ ਦੇ ਅੰਤਰਗਤ ਪੈਦਾ ਹੋਏ ਆਰਥਕ ਸੰਕਟ ਕਾਰਨ ਟੁੱਟ ਰਹੇ ਨੈਤਿਕ ਮੁੱਲਾਂ ਦਾ

ਨਾਵਲਕਾਰ ਹੈ। ਕੁੱਸੇ ਦੀ ਸਮੁੱਚੀ ਨਾਵਲੀ ਸਿਰਜਣਾ ਦਾ ਆਧਾਰ ਆਰਥਕ ਸੰਕਟ ਵਿਚੋਂ ਪੈਦਾ ਹੋਏ ਜਿਨਸੀ ਵਿਭਚਾਰ ਅਤੇ ਵਿਭਚਾਰ ਕਾਰਨ ਪੈਦਾ ਸਾਂਸਕ੍ਰਿਤਕ ਸੰਕਟ ਨੂੰ ਸਿਰਜਣਾ ਵਿਚ ਹੈ।

'ਰਾਤ ਦੇ ਰਾਹੀਂ' ਨਾਵਲ ਵਿਚ ਪੂੰਜੀਵਾਦੀ ਵਿਵਸਥਾ ਕਾਰਨ ਕਿਸਾਨੀ ਦੀ ਜ਼ਮੀਨਾਂ ਵੰਡੇ ਜਾਣ ਕਾਰਨ ਆਰਥਕ ਮੰਦਹਾਲੀ ਦੀ ਕਥਾ ਹੈ। ਆਰਥਕ ਮੰਦਹਾਲੀ ਕਾਰਨ ਦੀਪੋ ਦਾ ਛੋਟੀ ਉਮਰ ਦੇ ਮੁੰਡੇ ਨਾਲ ਵਿਆਹ ਕਰ ਦਿਤਾ ਜਾਂਦਾ ਹੈ। ਉਹ ਪਤਨੀ ਲਈ ਨਾਮਰਦ ਅਤੇ ਲੋਕਾਂ ਲਈ ਗੀਦੀ ਹੈ। ਦੀਪੋ ਇਸ ਘਾਟੇ ਨੂੰ ਪੂਰਾ ਕਰਨ ਲਈ ਪਿੰਡ ਦੇ ਇਕ ਤਕੜੇ ਅਤੇ ਛੜੇ ਮਰਦ ਨਾਲ ਆਪਣੇ ਸੰਬੰਧ ਬਣਾਉਂਦੀ ਹੈ। ਜਿਥੋਂ ਉਸਨੂੰ ਰੂਹ ਦਾ ਅਤੇ ਦੇਹ ਦਾ ਰੱਜ ਪ੍ਰਾਪਤ ਹੁੰਦਾ ਹੈ। ਇਸੇ ਪ੍ਰਕਾਰ ਦੀ ਸਮੱਸਿਆ ਫੌਜੀ ਦੀ ਪਤਨੀ ਗੁਰਬੰਸੋ ਦੀ ਹੈ। ਇਹ ਪਹਿਲਾ ਨੋਹਣੇ ਂ ਰਾਹੀਂ ਆਪਣੇ ਕਾਮ ਸੰਬੰਧਾਂ ਦੀ ਪੂਰਤੀ ਕਰਦੀ ਹੈ ਬਾਅਦ ਵਿਚ ਆਪਣੇ ਭਣਵੱਈਏ ਨਾਲ ਨਿਕਲ ਜਾਂਦੀ ਹੈ। ਅਜਿਹੀ ਆਰਥਕ ਸਮੱਸਿਆ ਬੰਤੋਂ ਦੀ ਵੀ ਹੈ। 'ਰਾਤ ਦੇ ਰਾਹੀਂ ' ਨਾਵਲ ਇਸ ਯਥਾਰਥ ਨੂੰ ਪ੍ਰਗਟ ਕਰਦਾ ਹੈ ਕਿ ਪਿੰਡ ਪੱਧਰ ਤੇ ਛੋਟਾ ਕਿਸਾਨ ਆਪਣੀਆਂ ਤੀਵੀਆਂ ਸਮੇਤ ਵੱਡੀ ਕਿਰਸਾਣੀ ਦੇ ਸੋਸ਼ਣ ਅਤੇ ਜਿਨਸੀ ਵਿਭਚਾਰ ਦਾ ਸ਼ਿਕਾਰ ਹੁੰਦਾ ਹੈ। ਇਸੇ ਤਰ੍ਹਾਂ ਅਨੁਸੂਚਿਤ ਜਾਤੀਆਂ ਦਾ ਛੋਟੀ ਅਤੇ ਵੱਡੀ ਸ਼੍ਰੇਣੀ ਰਾਹੀਂ ਦੋਨੋਂ ਪ੍ਰਕਾਰ ਦਾ ਸ਼ੋਸ਼ਣ ਹੁੰਦਾ ਹੈ। ਸ਼ੋਸ਼ਣ ਤੋਂ ਨੈਤਿਕ ਸਮੱਸਿਆਵਾਂ ਪੈਦਾ ਹੁੰਦੀਆਂ ਹਨ ਜੋ ਪਿੰਡ ਵਿਚ ਵਸਦੇ ਵਰਗਾਂ ਅਤੇ ਉਪਵਰਗਾਂ ਲਈ ਵੱਖੋਂ-ਵੱਖਰਾ ਮਹੱਤਵ ਰੱਖਦੀਆਂ ਹਨ। ਰਾਜਸੀ ਪੱਧਰ ਤੇ ਇਹ ਨਾਵਲ ਇਸ ਗੱਲ ਦਾ ਬੋਧ ਕਰਾਉਂਦਾ ਹੈ ਕਿ ਕਿਰਸਾਣੀ ਸਮਾਜ ਆਰਥਕ ਅਤੇ ਸਾਂਸਕ੍ਰਿਤਕ ਸੰਕਟ ਗ੍ਰਸਤ ਤਾਂ ਹੈ ਪਰੰਤੂ ਰਾਜਸੀ ਚੇਤਨਾ ਪੱਖੋਂ ਅਗਾਂਹ ਵਧੂ ਲਹਿਰ ਦੀ ਅਣਹੋਂਦ ਕਰਕੇ ਇਹ ਹਨੇਰੇ ਵਿਚ ਵਿਚਰ ਰਿਹਾ ਹੈ। 'ਰਾਤ ਦੇ ਰਾਹੀਂ' ਸਿਰਲੇਖ ਪੇਂਡੂ ਕਿਰਸਾਣੀ ਦੇ ਹਨ੍ਹੇਰੇ ਭਵਿੱਖ ਦਾ ਪ੍ਰਤੀਕ ਹੈ।

ਕੁੱਸੇ ਦਾ ਤੀਜਾ ਨਾਵਲ 'ਰੋਹੀ ਬੀਆਬਾਨ' ਵੀ ਕਿਰਸਾਣੀ ਵਿਚ ਸ਼੍ਰੇਨਿਕ ਚੇਤਨਾ ਦੀ ਅਣਹੋਂਦ ਤੇ ਦਿਸ਼ਾਹੀਨਤਾ ਦੀ ਗੱਲ ਕਰਦਾ ਹੈ। ਪੇਂਡੂ ਕਿਰਸਾਣੀ ਦਾ ਜੀਵਨ 'ਰੋਹੀ ਬੀਆਬਾਨ' ਵਰਗਾ ਹੈ ਜਿਥੇ ਦੂਰ ਦੂਰ ਤੱਕ ਕੁਝ ਵੀ ਜਿਉਂਣ ਜੋਗਾ ਦਿਖਾਈ ਨਹੀਂ ਦਿੰਦਾ। ਲੇਖਕ ਨੇ ਇਸ ਨਾਵਲ ਵਿਚ ਪੇਂਡੂ ਕਿਸਾਨ ਦੀ ਕੰਗਾਲੀ ਦੀ ਸਮੱਸਿਆ ਨੂੰ ਉਭਾਰਿਆ ਹੈ। ਪੇਂਡੂ ਕਿਰਸਾਣੀ ਛੋਟੀ ਕਿਰਸਾਣੀ, ਦਰਮਿਆਨੀ ਕਿਰਸਾਣੀ ਅਤੇ ਵੱਡੀ ਕਿਰਸਾਣੀ ਵਿਚ ਵੰਡੀ ਹੋਈ ਹੋਣ ਕਰਕੇ ਇਨ੍ਹਾਂ ਦੇ ਹਿਤ ਆਪਸ ਵਿਚ ਟਕਰਾਉਂਦੇ ਹਨ। ਇਸ ਨਾਵਲ ਵਿਚ ਲੇਖਕ ਨੇ ਚੇਤਨਾ ਦੀ ਪੱਧਰ ਉਤੇ ਕਿਸਾਨ ਤੋਂ ਮਜ਼ਦੂਰ ਬਣਨ ਦੀ ਪ੍ਰਕ੍ਰਿਆ ਹੈ ਜਿਸ ਵਿਚ ਜੱਟ ਦੇ ਜਾਤੀ ਸੰਸਕਾਰ ਅਤੇ ਹਉਂਮੈ ਸੰਕਟ ਪੈਦਾ ਕਰਦੇ ਹਨ। ਇਨ੍ਹਾਂ ਸੰਸਕਾਰਾਂ ਅਧੀਨ ਜੰਮੀ ਪਲੀ ਨਵੀਂ ਪੀੜ੍ਹੀ ਦੇ ਬੇਜ਼ਮੀਨ ਨੌਜੁਆਨਾਂ ਨੂੰ ਖੇਤੀ ਤੋਂ ਬਾਹਰ ਹੋਰ ਕੋਈ ਮਜ਼ਦੂਰੀ ਵਾਲਾ ਕੰਮ ਕਰਨਾ ਹੀਣਤਾ ਵਾਲਾ ਜਾਪਦਾ ਹੈ। ਲੇਖਕ ਨੇ ਇਸ ਨਾਵਲ ਦੇ ਪ੍ਰਮੁੱਖ ਪਾਤਰ ਗੋਰੇ ਰਾਹੀਂ ਸਮਕਾਲੀਨ ਪੰਜਾਬ ਦੀ ਛੋਟੀ ਕਿਰਸਾਣੀ ਦੇ ਸੰਕਟ ਨੂੰ ਬੜੇ ਯਥਾਰਥਕ ਰੂਪ ਵਿਚ ਪੇਸ਼ ਕਰਨ ਦਾ ਯਤਨ ਕੀਤਾ ਹੈ।

ਡਾ.ਗੁਰਦਰਸ਼ਨ ਸਿੰਘ ਦੇ ਸ਼ਬਦਾਂ ਵਿਚ:

"ਗੋਰੇ ਦਾ ਸੰਕਟ ਸਮਕਾਲੀਨ ਪੰਜਾਬ ਦੀ ਛੋਟੀ ਕਿਰਸਾਣੀ ਦੇ ਡੀ ਕਲਾਸ (de-class) ਹੋਣ ਦੇ ਇਤਿਹਾਸਕ ਸੰਕਟ ਦੀ ਪ੍ਰਤੀਨਿਧਤਾ ਕਰਦਾ ਹੈ। ਕੁੱਸੇ ਦੀ ਗਲਪ ਸ਼ੈਲੀ ਨੂੰ ਪ੍ਰਤੀਕਵਾਦੀ ਯਥਾਰਥਵਾਦੀ ਆਖਿਆ ਗਿਆ ਹੈ ਜੋ ਸਿੱਧੀ ਤੌਰ ਉਤੇ ਆਦਰਸ਼ ਮੁਖ ਨਾਇਕ ਦੀ ਜੁਗਤ ਤੋਂ ਹਟਕੇ ਪਾਤਰਾਂ ਨੂੰ ਉਨ੍ਹਾਂ ਦੀ ਸਧਾਰਣਤਾ ਵਿਚ ਚਿਤ੍ਰਣ ਦਾ ਸਿੱਟਾ ਹੈ।"

ਇਸੇ ਤਰ੍ਹਾਂ ਕੁੱਸੇ ਦੇ ਨਾਵਲ "ਅੱਗ ਦਾ ਗੀਤ" ਨਾਵਲ ਦਾ ਪ੍ਰਮੁੱਖ ਦੁਖਾਂਤ ਖੇਤ ਮਜ਼ਦੂਰਾਂ ਜਾਂ ਆਦਵਾਸੀਆਂ ਅਤੇ ਜੱਟ ਸ਼੍ਰੇਣੀ ਦੇ ਹਿੱਤਾਂ ਦੇ ਆਪਸੀ ਟਕਰਾਅ ਕਰਕੇ ਵਾਪਰਦਾ ਹੈ। ਨਾਵਲ ਦਾ ਸਮੁੱਚਾ ਸੰਘਰਸ਼ ਇਨ੍ਹਾਂ ਦੋਵਾਂ ਸ਼੍ਰੇਣੀਆਂ ਜਾਂ ਜਾਤਾਂ ਦੇ ਤਣਾਉ ਉਤੇ ਉਸਰੀ ਸੰਸਕ੍ਰਿਤੀ ਅਤੇ ਮਨੁਖੀ ਹੋਣੀ ਦੀ ਹੋਂਦ ਨੂੰ ਨਿਗੂਣਾ ਬਣਾ ਦੇਣ ਵਾਲੀ ਵਿਵਸਥਾ ਉੱਤੇ ਕੇਂਦਰਿਤ ਹੈ। ਇਸ ਨਾਵਲ ਦੇ ਪਾਤਰ ਜੀਵਨ ਦੀ ਅੱਗ ਨੂੰ ਮਾਨਣ ਦੇ ਯਤਨ ਵਿਚ ਹਨ ਪਰੰਤੂ ਇਨ੍ਹਾਂ ਪਾਤਰਾਂ ਦਾ ਇਹ ਯਤਨ ਉਨ੍ਹਾਂ ਨੂੰ ਸੰਕਟ ਵਿਚ ਪਾ ਦਿੰਦਾ ਹੈ। ਅਣਮਨੁੱਖੀ ਪਰੰਪਰਾਗਤ ਮਾਨਤਾਵਾਂ ਉਤੇ ਉਸਰੀ ਖੇਤਰ ਵਿਸ਼ੇਸ਼ ਦੀ ਸੰਸਕ੍ਰਿਤੀ ਦੇ ਸਨਮੁੱਖ ਉਨ੍ਹਾਂ ਦੀ ਵਿਅਕਤੀਗਤ ਇਛਾਵਾਂ ਦੀ ਪੂਰਤੀ ਸੰਭਵ ਨਹੀਂ ਜਿਸ ਕਰਕੇ ਨਾਵਲ ਦੇ ਸਾਰੇ ਪ੍ਰਮੁੱਖ ਪਾਤਰ ਗੀਰੋ, ਦੇਬੂ, ਬਸੰਤ ਕੌਰ, ਪਿਆਰੋ, ਸੱਤੋਂ ਅਤੇ ਤੋਤਾ ਆਦਿ ਮਨੁਖੀ ਹੋਂਦ

ਦੇ ਸੰਕਟ ਨੂੰ ਹੰਢਾਉਂਦੇ ਹਨ ਜਿਨ੍ਹਾਂ ਦੀ ਨਾ ਕਾਮ ਭੁੱਖ ਦੀ ਤ੍ਰਿਪਤੀ ਹੁੰਦੀ ਹੈ ਅਤੇ ਨਾ ਹੀ ਢਿੱਡ ਦੀ ਭੁਖ ਦੀ। "ਅੱਗ ਦਾ ਗੀਤ" ਨਾਵਲ ਵਿਚ ਪਹਿਲੀ ਸ਼੍ਰੇਣੀ ਜੱਟ ਸ਼੍ਰੇਣੀ ਹੈ ਜੋ ਪਿੰਡ ਦੀ ਮੋਹਰੀ ਸ਼੍ਰੇਣੀ ਹੈ। ਦੂਜੀ ਸ਼੍ਰੇਣੀ ਬੇਜ਼ਮੀਨੇ ਖੇਤ ਮਜ਼ਦੂਰ ਦੀ ਹੈ। ਜਿਨ੍ਹਾਂ ਨੂੰ ਪਿੰਡ ਵਿਚ ਆਦਵਾਸੀ ਕਿਹਾ ਜਾਂਦਾ ਹੈ। ਤੀਜੀ ਸ਼੍ਰੇਣੀ ਪਿੰਡ ਦੀ ਸਮੁੱਚੀ ਆਰਥਕ ਰਾਜਨੀਤਕ ਤੇ ਸਾਂਸਕ੍ਰਿਤਕ ਸੱਤਾ ਉਤੇ ਕਾਬਜ਼ ਸੰਪੰਨ ਸ਼੍ਰੇਣੀ ਉਤੇ ਜੱਟਾਂ ਦੀ ਹੈ ਜੋ ਉਪਰਲੇ ਵਰਗ ਵਿਚ ਆਉਂਦੇ ਹਨ। ਇਹ ਨਾਵਲ ਕਿਉਂਕਿ ਪਿੰਡ ਪੱਧਰ ਉਤੇ ਹੀ ਵਾਪਰਦਾ ਹੈ ਇਸ ਕਰਕੇ ਨਿਮਨ ਵਰਗਾਂ ਦੀ ਲੁੱਟ ਕੋਈ ਪੂੰਜੀਵਾਦੀ ਵਰਗ ਨਹੀਂ ਕਰਦਾ ਬਲਕਿ ਜੱਟ ਸ਼੍ਰੇਣੀ ਹੀ ਕਰਦੀ ਹੈ।

ਇਸ ਨਾਵਲ ਦਾ ਪ੍ਰਮੁੱਖ ਦੁਖਾਂਤ ਦੇਬੂ ਅਤੇ ਗੀਰੋ ਦਾ ਹੈ। ਦੇਬੂ ਦਾ ਕਸੋਹਣੀ ਪਿਆਰੋ ਨਾਲ ਵਿਆਹ ਹੋਣ ਅਤੇ ਟੁੱਟਣ ਦੇ ਦੁਖਾਂਤ ਦੇ ਘਟਨਾ ਚੱਕਰ ਉਤੇ ਵੀ ਸੰਪੰਨ ਸ਼੍ਰੇਣੀ ਦੀ ਸੰਸਕ੍ਰਿਤੀ ਭਾਰੂ ਹੈ। ਦੇਬੂ ਦਾ ਪਹਿਲਾਂ ਵਿਆਹ ਇਸ ਕਰਕੇ ਟੁੱਟ ਜਾਂਦਾ ਹੈ ਕਿ ਦੇਬੂ ਦੀ ਸਰੀਰਕ ਦਿਖ ਅਤੇ ਮਾਨਸਿਕਤਾ ਚੂਹੜਿਆਂ ਵਰਗੀ ਨਹੀਂ ਬਲਕਿ ਜੱਟਾਂ ਦੇ ਸ਼ੁਕੀਨ ਮੁੰਡਿਆਂ ਵਰਗੀ ਹੈ। ਦੂਜਾ ਇਸ ਵਿਆਹ ਦਾ ਟੁੱਟਣਾ ਮਲਵਈ ਸੰਸਕ੍ਰਿਤੀ ਦੀ ਕਠੋਰਤਾ ਹੈ ਜਿਸ ਵਿਚ ਮੁੰਡੇ-ਕੁੜੀ ਦੀ ਸਰੀਰਕ ਅਤੇ ਮਾਨਸਿਕ ਸਥਿਤੀ ਕੋਈ ਮਹੱਤਵ ਨਹੀਂ ਰੱਖਦਾ। ਇਹੋ ਕਾਰਨ ਹੈ ਕਿ ਦੇਬੂ ਤੇ ਪਿਆਰੋ ਦੇ ਵਿਆਹ ਟੁੱਟਣ ਕਰਕੇ ਸਮੁੱਚੇ ਭਾਈਚਾਰੇ ਦੀ ਹਮਦਰਦੀ ਪਿਆਰੋ ਨਾਲ ਹੁੰਦੀ ਹੈ। ਦੇਬੂ ਦੇ ਦੁਖਾਂਤ ਲਈ ਸਿਰਜੇ ਆਰਥਕ ਸਮਾਜਕ ਅਤੇ ਸਾਂਸਕ੍ਰਿਤਕ ਕਾਰਨ ਉਨ੍ਹਾਂ ਲੋਕਾਂ ਦੀ ਸਮਝ ਤੋਂ ਬਾਹਰ ਹਨ। ਜਨ ਸਮੂਹ ਦੀ ਇਹ ਮਾਨਸਿਕਤਾ ਮਲਵਈ ਸੰਸਕ੍ਰਿਤੀ ਦੇ ਪ੍ਰਸਪਰ ਰੂਪ ਨੂੰ ਸਿਰਜਦੀ ਹੈ।

ਲੇਖਕ ਨੇ ਦੇਬੂ ਅਤੇ ਗੀਰੋਂ ਨੂੰ ਸਰੀਰਕ ਤੌਰ ਤੇ ਤਕੜੇ ਅਤੇ ਮਿਹਨਤੀ ਸਿਰਜਿਆ ਹੈ। ਜੱਟਾਂ ਨੂੰ ਵਿਭਚਾਰੀ ਅਤੇ ਸੀਰੀਆਂ ਦੇ ਸੀਰ ਵਿਚ ਬੇਈਮਾਨੀ ਕਰਨ ਵਾਲੇ। ਨਾਵਲਕਾਰ ਨੇ ਮਜ਼ਬੀਆਂ ਜਾਂ ਸੀਰੀਆਂ ਦੀ ਹੁੰਦੀ ਲੁੱਟ ਨੂੰ 'ਲੇਕਿਨ ਸੂਬੇਦਾਰ ਤੇ ਉਸਦੀ ਪਤਨੀ ਰਾਹੀਂ ਚਿਤਰਿਆ ਹੈ। ਖੇਤ ਮਜ਼ਦੂਰ ਸ਼੍ਰੇਣੀ ਦੇ ਬਹੁਤੇ ਪਾਤਰ ਔਖੇ ਤਾਂ ਮਹਿਸੂਸ ਕਰਦੇ ਹਨ ਜਿਵੇਂ ਗੀਰੋ ਪਰ ਬਹੁਤੇ ਸਥਿਤੀ ਨਾਲ ਸਮਝੌਤਾ ਕਰੀ ਬੈਠੇ ਹਨ। ਖੇਤ ਮਜ਼ਦੂਰ ਦੀ ਹੁੰਦੀ ਲੁੱਟ ਨੂੰ ਨਾਵਲਕਾਰ ਨੇ ਕਈ ਥਾਈਂ ਸੰਕੇਤਕ ਪੱਧਰ ਤੇ ਪੇਸ਼ ਕੀਤਾ ਹੈ। ਦੂਜੀ ਸ਼੍ਰੇਣੀ ਜਿਹੜੀ ਆਰਥਿਕ ਅਤੇ ਰਾਜਨੀਤਕ ਵਿਵਸਥਾ ਉਤੇ ਕਾਬਜ਼ ਹਨ ਯਥਾ-ਸਥਿਤੀ ਬਣਾਈ ਰੱਖਣ ਵਿਚ ਸਫਲ ਹਨ' ਨਾਵਲਕਾਰ ਨੇ ਇਸ ਨਾਵਲ ਰਾਹੀਂ ਪੇਂਡੂ ਮਲਵਈ ਸਮਾਜ ਵਿਚ ਆਰਥਕ ਰਿਸ਼ਤਿਆਂ ਦੀ ਖੜੋਤ ਨੂੰ ਯਥਾਰਥਕ ਰੂਪ ਵਿਚ ਪ੍ਰਗਟਾਇਆ ਹੈ।

ਕਰਮਜੀਤ ਸਿੰਘ ਕੁੱਸੇ ਦਾ ਨਾਵਲ ਅਕਾਲਪੁਰਖੀ ਧਰਮ ਦੀ ਮਾਨਵ ਹਿਤੈਸ਼ੀ ਵਿਚਾਰਧਾਰਾ ਨੂੰ ਪੇਸ਼ ਕਰਨ ਵਾਲਾ ਨਾਵਲ ਹੈ ਇਹ ਨਾਵਲ ਅਸੀਵਿਆਂ ਵਿਚ ਧਰਮ ਦੀ ਓਟ ਵਿਚ ਚਲ ਰਹੀ ਹੀ ਸੰਪਰਦਾਇਕ ਖਾਲਿਸਤਾਨੀ ਲਹਿਰ ਤੋਂ ਉਪਜੇ ਸੰਕਟ ਲਈ ਸਮਝ ਪੈਦਾ ਕਰਦਾ ਹੈ। 'ਅਕਾਲ ਪੁਰਖੀ' ਕਈ ਵਿਦਵਾਨਾਂ ਨੂੰ ਗੁਰਦਿਆਲ ਸਿੰਘ ਦੇ ਨਾਵਲ 'ਪਰਸਾ' ਵਰਗੀ ਜਾਪਦੀ ਹੈ। ਉਹ ਇਸ ਨਾਵਲ ਨੂੰ ਪਰਸਾ ਨਾਵਲ ਜਿਹਾ ਇਸ ਕਰਕੇ ਕਹਿੰਦੇ ਹਨ ਕਿ ਪਰਸੇ ਵਿਚ ਨਾਵਲਕਾਰ ਨੇ ਲੋਕ-ਵੇਦ ਅਤੇ ਹਿੰਦੂ ਸੰਸਕ੍ਰਿਤੀ ਨੂੰ ਰਚਨਾ ਦਾ ਅਧਾਰ ਬਣਾਇਆ ਹੈ ਤੇ 'ਅਕਾਲ ਪੁਰਖੀ' ਨਾਵਲ ਵਿਚ ਕੁੱਸੇ ਨੇ ਆਪਣੇ ਨਾਇਕ ਦੀ ਸਿਰਜਣਾ ਸਿਖ ਗੁਰੂਆਂ ਦੀ ਕੁਰਬਾਨੀ ਪ੍ਰਤੀ ਸ਼ਰਧਾ ਭਾਵ ਵਾਲੇ ਸਭਿਆਚਾਰਕ ਅਵਚੇਤਨ ਤੋਂ ਇਸ ਸੰਬੰਧ ਵਿਚ ਡਾ.ਸੁਖਪਾਲ ਸਿੰਘ ਥਿੰਦ ਦੀ ਰਾਇ ਠੀਕ ਨਹੀਂ ਜਾਪਦੀ ਉਹ ਕਹਿੰਦਾ ਹੈ:

ਗੁਰਦਿਆਲ ਸਿੰਘ ਨੇ ਅਗਰ ਆਪਣੇ ਨਾਵਲ 'ਪਰਸੇ' ਦੀ ਘਾੜਤ ਲਈ ਲੋਕ-ਵੇਦ ਅਤੇ ਹਿੰਦੂ ਸੰਸਕ੍ਰਿਤੀ ਨੂੰ ਪਰਸੇ ਦੀ ਘਾੜਤ ਦੇ ਅਵਚੇਤਨੀ ਪਸਾਰਾ ਵਜੋਂ ਵਰਤਿਆ ਹੈ ਤਾਂ ਕੁੱਸੇ ਨੇ ਵੀ ਆਪਣੇ ਨਾਇਕ ਦੀ ਘਾੜਤ ਲਈ ਸਿੱਖ ਗੁਰੂਆਂ ਦੀ ਕੁਰਬਾਨੀ ਪ੍ਰਤੀ ਸਿਖ ਅਵਚੇਤਨ ਵਿਚ ਬੈਠੇ ਸ਼ਰਧਾ ਭਾਵ ਅਤੇ ਗੁਰਬਾਣੀ ਵਿਚਲੇ ਫਲਸਫੇ ਨੂੰ ਟੇਕ ਬਣਾਇਆ ਹੈ।

ਥਿੰਦ ਦੀ ਅਕਾਲਪੁਰਖੀ ਬਾਰੇ ਦਿਤੀ ਟਿਪਣੀ ਠੀਕ ਨਹੀਂ ਜਾਪਦੀ ਕਿਉਂਕਿ 'ਪਰਸੇ' ਦੀ ਵਿਪਰੀਤ 'ਅਕਾਲ ਪੁਰਖੀ 'ਦੇ ਪ੍ਰਮੁੱਖ ਪਾਤਰ ਅਕਾਲੀ ਪ੍ਰਤਾਪ ਸਿੰਘ ਦਾ ਸਿਰਜਣ ਯਥਾਰਥਕ ਰੂਪ ਵਿਚ ਹੋਇਆ ਹੈ। ਪਰਸੇ ਦੇ ਮਹਾਨਾਇਕ ਦਾ ਤਣਾਉ ਅਤੇ ਟਕਰਾਉ ਸਧਾਰਨ ਲੋਕਾਂ, ਆਪਣੇ ਮੁੰਡਿਆਂ ਗੁਆਂਢੀਆਂ ਜਾਂ ਛੋਟੇ ਮੋਟੇ ਡੇਰੇ ਦੇ ਸਾਧਾਂ ਨਾਲ ਹੀ

ਹੈ। ਅਕਾਲੀ ਪ੍ਰਤਾਪ ਸਿੰਘ ਪਹਿਲਾਂ ਅਕਾਲੀ ਮੋਰਚਿਆਂ ਵਿਚੋਂ ਸੰਘਰਸ਼ ਦੀ ਚੇਤਨਾ ਪ੍ਰਾਪਤ ਕਰਦਾ ਹੈ ਪਿਛੋਂ ਕਾਮਰੇਡਾਂ ਤੋਂ ਸਤ੍ਰਾ ਵਿਰੋਧੀ ਪਾਠ ਪੜ੍ਹਦਾ ਹੈ। ਇਹ ਪਾਤਰ ਘਰ ਤੋਂ ਬਾਹਰ ਅੰਗ੍ਰੇਜ਼ੀ ਸਾਮਰਾਜ ਵਿਰੁੱਧ ਅਤੇ ਘਰ ਵਿਚਲੀ ਸਤ੍ਰਾ (ਅੰਗਰੇਜ਼ਾਂ ਦੇ ਪਿਠੂ) ਆਪਣੇ ਭਰਾਵਾਂ ਨਾਲ ਲੜਦਾ ਹੈ।

ਡਾ. ਢੀਡਸਾ ਦੇ ਸ਼ਬਦਾਂ ਵਿਚ "ਕੁੱਸੇ ਦੇ ਨਾਵਲ ਦੀ ਵਿਲੱਖਣਤਾ ਇਸ ਗੱਲ ਵਿਚ ਹੈ ਕਿ ਉਸਨੇ ਪ੍ਰਮੁੱਖ ਪਾਤਰ ਅਕਾਲੀ ਪ੍ਰਤਾਪ ਸਿੰਘ ਦੇ ਮਾਨਵ ਹਿਤੈਸ਼ੀ ਸਿਖ ਅਵਚੇਤਨ ਨੂੰ ਸਮਕਾਲੀਨ ਇਤਿਹਾਸ ਦੇ ਸੰਦਰਭ ਵਿਚ ਵਿਹਾਰਕ ਤੌਰ ਤੇ ਸਿਰਜਿਆ ਹੈ। ਇਹ ਪਾਤਰ ਆਪਣੀ ਵਿਸ਼ੇਸ਼ਤਾ ਵਿਸ਼ੇਸ਼ ਸਥਿਤੀਆਂ ਵਿਚੋਂ ਪ੍ਰਾਪਤ ਕਰਦਾ ਹੈ ਜਦੋਂ ਕਿ ਪਰਸਾ ਨਾਵਲ ਦਾ ਨਾਇਕ ਆਪਣੀ ਵਿਸ਼ੇਸ਼ਤਾ ਨਿਰਪੇਖ ਸਿਧਾਂਤਾਂ ਤੋਂ ਗ੍ਰਹਿਣ ਕਰਦਾ ਹੈ।"

ਇਸ ਤਰ੍ਹਾਂ ਕਰਮਜੀਤ ਸਿੰਘ ਕੁੱਸੇ ਦਾ ਨਾਵਲ ਅਕਾਲਪੁਰਖੀ ਕਿਸੇ ਤਰ੍ਹਾਂ ਵੀ ਪਰਸੇ ਨਾਲ ਮੇਲ ਨਹੀਂ ਖਾਂਦਾ।

ਕਰਮਜੀਤ ਸਿੰਘ ਕੁੱਸੇ ਦੇ ਸਮਕਾਲੀ ਹੋਰ ਨਾਵਲਕਾਰਾਂ ਨੇ ਵੀ ਨਾਵਲੀ ਸਿਰਜਣਾ ਕੀਤੀ ਹੈ ਪਰੰਤੂ ਇਕ ਅੱਧ ਨਾਵਲ ਨੂੰ ਛੱਡਕੇ ਬਹੁਤੇ ਨਾਵਲ ਪਰੰਪਰਕ ਅਤੇ ਅਦਰਸ਼ਕ ਬ੍ਰਿਤੀ ਵਾਲੇ ਹੋਣ ਕਰਕੇ ਯਥਾਰਥਵਾਦੀ ਪਰੰਪਰਾ ਨਾਲੋਂ ਪਛੜੇ ਪ੍ਰਤੀਤ ਹੁੰਦੇ ਹਨ। ਉਨੀ ਸੌ ਪਚੱਤਰ ਤੋਂ ਪਿਛੋਂ ਪੰਜਾਬੀ ਨਾਵਲ ਦੀ ਟੇਕ ਛੋਟੀ ਕਿਰਸਾਣੀ ਦੀ ਆਰਥਕ ਮੰਦਹਾਲੀ ਉਤੇ ਕੇਂਦਰਤ ਹੈ। ਇਸ ਪੜਾਅ ਤੋਂ ਪਹਿਲਾਂ ਭਾਵੇਂ ਕਿਤੇ ਕਿਤੇ ਨਾਵਲ ਵਿਚ ਪਿੰਡ ਨਾਲ ਸੰਬੰਧਤ ਵਸਤੂ ਵੇਰਵੇ ਅਤੇ ਛੋਟੇ ਕਿਰਸਾਣੀ ਦੇ ਆਰਥਕ ਸਭਿਆਚਾਰਕ ਸੰਕਟ ਨੂੰ ਚਿਤਰਿਆ ਹੈ ਜਿਵੇਂ 'ਇਹ ਹਮਾਰਾ ਜੀਵਣ' ਨਾਵਲ ਵਿਚ। ਪਰੰਤੂ ਛੋਟੀ ਕਿਰਸਾਣੀ ਦਾ ਆਰਥਿਕ ਸਭਿਆਚਾਰਕ ਸੰਕਟ ਭਰਪੂਰ ਰੂਪ ਵਿਚ ਪੇਸ਼ ਨਹੀਂ ਹੋਇਆ। ਇਸ ਤੋਂ ਪਹਿਲਾਂ ਗੁਰਦਿਆਲ ਸਿੰਘ ਨੇ ਵੀ ਪੇਂਡੂ ਜੀਵਨ ਨਾਲ ਸੰਬੰਧਤ ਚਾਰ ਨਾਵਲਾਂ ਦੀ ਸਿਰਜਣਾ ਕੀਤੀ ਹੈ ਪਰੰਤੂ ਉਸਦੇ ਨਾਵਲਾਂ ਦਾ ਫੋਕਸ ਕਿਰਸਾਣੀ ਸੰਕਟ ਨਹੀਂ ਬਲਿਕ ਪੂੰਜੀਵਾਦੀ ਵਿਵਸਥਾ ਕਾਰਨ ਵਾਪਰੀ ਤਬਦੀਲੀ ਦਾ ਸਾਂਸਕ੍ਰਿਤਕ ਸੰਕਟ ਹੈ ਇਹ ਉਹ ਪਾਤਰ ਹਨ ਜਿਹੜੇ ਬਦਲੀ ਹੋਈ ਸਥਿਤੀ ਨੂੰ ਸਵੀਕਾਰ ਨਾ ਕਰਦੇ ਹੋਏ ਸੰਕਟ ਗ੍ਰਸਤ ਹੁੰਦੇ ਹਨ।

ਉਨੀਂ ਸੌ ਅੱਸੀ ਤੋਂ ਪਿਛੋਂ ਸਥਾਪਤ ਹੋਏ ਕਰਮਜੀਤ ਸਿੰਘ ਕੁੱਸਾ ਹਰੀ ਕ੍ਰਾਂਤੀ ਉਪਰੰਤ ਪੈਦੇ ਹੋਏ ਕਿਸਾਨੀ ਸੰਕਟ ਨੂੰ ਜਿਸ ਕਦਰ ਪੇਸ਼ ਕਰ ਸਕਿਆ ਹੈ ਉਹ ਹੋਰ ਕਿਸੇ ਲੇਖਕ ਦੇ ਹਿੱਸੇ ਨਹੀਂ ਆਇਆ ਇਸ ਲਈ ਇਹ ਗੱਲ ਨਿਸ਼ਚੇ ਹੀ ਆਖੀ ਜਾ ਸਕਦੀ ਹੈ ਕਿ "ਥੀਮਕ ਧਰਾਤਲ ਉਤੇ ਉਸਦੇ ਨਾਵਲ ਨਿਘਰ ਰਹੀ ਹੇਠਲੀ ਕਿਰਸਾਣੀ ਦੇ ਵਸਤੂ ਵੇਰਵਿਆਂ ਰਾਹੀਂ ਉਸਰਦੇ ਹਨ। ਉਸਦਾ ਬ੍ਰਿਤਾਂਤਕ ਫੋਕਸ ਆਪਣੇ ਕੇਂਦਰੀ ਪਾਤਰਾਂ ਦੀ 'ਮਾਨਸਿਕ ਸਮਰੱਥਾ' ਦੀ ਬਜਾਇ ਇਤਿਹਾਸਕ ਗਤੀ ਵਿਚ ਲੁਪਤ ਦੁਖਾਂਤਕ ਅਨਿਵਾਰਤਾ ਨੂੰ ਉਭਾਰਨ ਉਪਰ ਰਹਿੰਦਾ ਹੈ।"

## 1.4.4 ਸਿੱਟਾ

ਉਪਰੋਕਤ ਵਿਸ਼ਲੇਸ਼ਣ ਦੇ ਅਧਾਰ ਤੇ ਇਹ ਗੱਲ ਨਿਸ਼ਚਤ ਰੂਪ ਵਿਚ ਆਖੀ ਜਾ ਸਕਦੀ ਹੈ ਕਿ ਨਾਵਲ ਸਾਹਿਤ ਜਗਤ ਵਿਚ ਕਰਮਜੀਤ ਸਿੰਘ ਕੁੱਸਾ ਦਾ ਸਥਾਨ ਮਹੱਤਵਪੂਰਨ ਹੈ। ਉਸਦੀਆਂ ਰਚਨਾਵਾਂ ਖਾਸ ਕਰ 'ਰੋਹੀ ਬੀਆਬਾਨ' ਗੋਰੇ ਦੇ ਜੀਵਨ ਦੁਖਾਂਤ ਰਾਹੀਂ ਇਤਿਹਾਸਕ ਅਨਿਵਾਰਤਾ ਨੂੰ ਉਭਾਰਦਾ ਹੈ। ਇਸੇ ਕਰਕੇ 'ਰੋਹੀ ਬੀਆਬਾਨ' ਨਾਵਲ ਨੂੰ ਛੋਟੀ ਕਿਰਸਾਣੀ ਦੇ ਕੰਗਾਲੀਕਰਨ ਦੀ ਪ੍ਰਕ੍ਰਿਆ ਦਾ ਇਤਿਹਾਸਕ ਦਸਤਾਵੇਜ਼ ਕਿਹਾ ਜਾਂਦਾ ਹੈ।

## 1.4.5 ਅਭਿਆਸ ਲਈ ਪ੍ਰਸ਼ਨ

1. ਕਰਮਜੀਤ ਸਿੰਘ ਕੁੱਸਾ ਦੇ ਨਾਵਲ ਰੋਹੀ ਬੀਆਬਾਨ ਦੀ ਸਮੱਸਿਆ ਬਾਰੇ ਜਾਣਕਾਰੀ ਦਿਓ?
2. ਰੋਹੀ ਬੀਆਬਾਨ ਨਾਵਲ ਦੇ ਅਧਾਰ ਉੱਤੇ ਕੁੱਸੇ ਦੀ ਨਾਵਲ ਦ੍ਰਿਸ਼ਟੀ ਬਾਰੇ ਵਿਸਥਾਰ ਵਿੱਚ ਲਿਖੋ?
3. ਕਰਮਜੀਤ ਸਿੰਘ ਕੁੱਸਾ ਦਾ ਪੰਜਾਬੀ ਨਾਵਲ ਵਿੱਚ ਸਥਾਂਨ ਨਿਸ਼ਚਿਤ ਕਰੋ।

### 1.4.6 ਸਹਾਇਕ ਪੁਸਤਕ ਸੂਚੀ


1 ਡਾ. ਜੋਗਿੰਦਰ ਸਿੰਘ ਰਾਹੀ : ਪੰਜਾਬੀ ਨਾਵਲ

2 ਡਾ. ਮਾਨ ਸਿੰਘ ਢੀਂਡਸਾ : ਪੰਜਾਬੀ ਨਾਵਲ : ਪਰੰਪਰਾ ਅਤੇ ਪ੍ਰਵਾਹ
ਆਂਚਲਿਕਤਾ ਅਤੇ ਪੰਜਾਬੀ ਨਾਵਲ

3 ਡਾ. ਜੋਗਿੰਦਰ ਸਿੰਘ ਨਹਿਰੂ : ਪ੍ਰਗਤੀਵਾਦੀ ਪੰਜਾਬੀ ਨਾਵਲ

4 ਡਾ.ਟੀ.ਆਰ ਵਿਨੋਦ : ਪੰਜਾਬੀ ਨਾਵਲ ਦਾ ਸਾਂਸਕ੍ਰਿਤਕ ਅਧਿਐਨ



**Converted in Self Learning Mode by Dr. Gurpreet Kaur Brar**
**Last Update June, 2023**

# ਛੋਟੇ ਪ੍ਰਸ਼ਨਾਂ ਵਾਲੇ ਉਤਰ

**ਪ੍ਰਸ਼ਨ:1** 'ਰੋਹੀ ਬੀਆਬਾਨ' ਨਾਵਲ ਦੇ ਵਿਸ਼ਾ-ਵਸਤੂ ਬਾਰੇ ਜਾਣ ਪਛਾਣ ਕਰਾਓ

**ਉਤਰ** ਵਿਸ਼ਾ-ਵਸਤੂ ਕਿਸੇ ਰਚਨਾ ਲਈ ਚੁਣੀ ਗਈ ਉਹ ਵਸਤੂ ਸਮਗਰੀ ਹੁੰਦੀ ਹੈ ਜਿਸਦੇ ਅਧਾਰ ਤੇ ਕਲਾ ਦਾ ਭਵਨ ਉਸਾਰਿਆ ਜਾਂਦਾ ਹੁੰਦਾ ਹੈ। ਲੇਖਕ ਆਪਣੇ ਅਨੁਭਵ ਖੇਤਰ ਵਿਚੋਂ ਹੀ ਵਿਸ਼ਾ-ਵਸਤੂ ਦੀ ਚੋਣ ਕਰਦਾ ਹੈ। ਉਸਦੇ ਮੁਤਾਬਕ ਉਹ ਘਟਨਾਵਾਂ, ਪਾਤਰਾਂ ਅਤੇ ਕਥਾਨਕ ਨੂੰ ਸਿਰਜਦਾ ਹੈ। 'ਰੋਹੀ ਬੀਆਬਾਨ' ਨਾਵਲ ਦਾ ਵਿਸ਼ਾ-ਵਸਤੂ ਮਾਲਵਾ ਖੇਤਰ ਦੀ ਛੋਟੀ ਕਿਰਸਾਣੀ ਦੀ ਆਰਥਿਕ ਸਥਿਤੀ ਨਾਲ ਸੰਬੰਧਤ ਹੈ ਇਸ ਕਰਕੇ ਨਾਵਲ ਵਿਚ ਵਰਤੀਆਂ ਗਈਆਂ ਘਟਨਾਵਾਂ ਪਾਤਰ ਅਤੇ ਭਾਸ਼ਾ ਵੀ ਉਸੇ ਖੇਤਰ ਦੀ ਵਰਤੀ ਗਈ ਹੈ ਜਿਸ ਕਰਕੇ 'ਰੋਹੀ ਬੀਆਬਾਨ' ਨਾਵਲ ਯਥਾਰਥਵਾਦੀ ਨਾਵਲ ਹੈ।

ਇਸ ਨਾਵਲ ਰਾਹੀਂ ਲੇਖਕ ਨੇ ਮਾਲਵਾ ਖੇਤਰ ਦੀ ਛੋਟੀ ਕਿਰਸਾਣੀ ਦੇ ਆਰਥਿਕ ਸੰਕਟ ਨੂੰ ਪੇਸ਼ ਕਰਨ ਲਈ ਪੰਜਾਬ ਦੀ ਕਿਰਸਾਣੀ ਦੀਆਂ ਸਮਕਾਲੀਨ ਸਮੱਸਿਆਵਾਂ ਅਤੇ ਸਥਿਤੀ ਨੂੰ ਪੇਸ਼ ਕਰਨ ਲਈ ਹਰੀ ਕ੍ਰਾਂਤੀ ਆਉਣ ਤੇ ਛੋਟੀ ਕਿਰਸਾਣੀ ਤੇ ਪਏ ਪ੍ਰਭਾਵਾਂ ਨੂੰ ਪ੍ਰਮਾਣਿਕ ਢੰਗ ਨਾਲ ਪੇਸ਼ ਕੀਤਾ ਹੈ। ਇਸ ਨਾਵਲ ਵਿਚ ਪੇਸ਼ ਕਿਰਸਾਣੀ ਦੀ ਜੀਵਨ ਗਤੀ ਇਕ ਪਾਸੇ ਸਮੁੱਚੇ ਪੰਜਾਬੀਆਂ ਦੀ ਜੀਵਨ ਗਤੀ ਨਾਲ ਜੁੜੀ ਹੋਈ ਹੈ, ਦੂਜੇ ਪਾਸੇ ਸਮਕਾਲੀਨ ਇਤਿਹਾਸਕ ਗਤੀ ਨਾਲ। ਲੇਖਕ ਨੇ ਪ੍ਰਮੁੱਖ ਤੌਰ ਤੇ ਇਸ ਨਾਵਲ ਵਿਚ ਗਿੰਦਰ ਅਤੇ ਉਸਦੇ ਪਰਿਵਾਰ ਦੀ ਜੀਵਨ ਗਤੀ ਨੂੰ ਧੁਰਾ ਬਣਾਉਂਦਿਆਂ ਇੱਕ ਪਿੰਡ ਦਾ ਵਾਤਾਵਰਨ ਉਸਾਰਿਆ ਹੈ। ਪਰੰਤੂ, ਲੇਖਕ ਨੇ ਇਸ ਕਥਾ ਰਾਹੀਂ ਕਿਰਸਾਣੀ ਜਮਾਤ ਦੀਆਂ ਤਿੰਨ ਪਰਤਾਂ ਬਾਰੇ ਤੇ ਉਨ੍ਹਾਂ ਦੇ ਆਪਸੀ ਸੰਬੰਧਾਂ ਬਾਰੇ ਦਸਦਿਆਂ ਉਨ੍ਹਾਂ ਨੂੰ 'ਕੈਨਾਂ ਵਾਲੇ', 'ਟਰੈਕਟਰਾਂ ਵਾਲੇ' ਅਤੇ 'ਜੀਪਾਂ ਵਾਲੇ' ਪ੍ਰਤੀਕਾਤਮਕ ਰੂਪ ਵਿਚ ਚਿੱਤਰਿਆ ਹੈ।

ਗਿੰਦਰ ਅਤੇ ਉਸਦੇ ਪਰਿਵਾਰ ਕੋਲ ਜ਼ਮੀਨ ਘੱਟ ਹੈ। ਸਾਰੇ ਭਰਾਵਾਂ ਨੂੰ ਪੌਣਾ ਪੌਣਾ ਕਿਲਾ ਜ਼ਮੀਨ ਆਉਂਦੀ ਹੈ। ਪੌਣੇ ਕਿਲੇ ਨਾਲ ਇਕ ਪੰਜ ਮੈਂਬਰਾਂ ਵਾਲੇ ਪਰਿਵਾਰ ਦਾ ਜੀਵਨ ਪ੍ਰਵਾਹ ਚਲਣਾ ਕਠਿਨ ਹੀ ਨਹੀਂ ਬਲਕਿ ਅਸੰਭਵ ਹੈ। ਸਾਂਝੇ ਪਰਿਵਾਰ ਨਾਲੋਂ ਅੱਡ ਹੋਣ ਦੀ ਸੂਰਤ ਵਿਚ ਇਹ ਹੋਰ ਵੀ ਮੁਸ਼ੱਕਤ ਅਤੇ ਕਠਿਨਾਈਆਂ ਭਰਪੂਰ ਬਣ ਜਾਂਦਾ ਹੈ। ਜਿਸ ਵਿਚੋਂ ਬਾਹਰ ਨਿਕਲਣ ਲਈ ਕੋਈ ਰਾਹ ਨਹੀਂ ਲਭਦਾ। ਅਜਿਹੀ ਸਥਿਤੀ ਵਿਚ ਕੀਤੇ ਯਤਨ ਵੀ ਨਿਰਮੂਲ ਸਾਬਤ ਹੁੰਦੇ ਹਨ। ਆਰਥਿਕ ਸਮੱਸਿਆ ਇਕ ਅਜਿਹੀ ਸਮੱਸਿਆ ਹੈ ਜਿਸ ਕਰਕੇ ਸਮਾਜ ਦੇ ਉਸਾਰ ਵਿਚ ਵਿਗਾੜ ਤੇ ਅਸੰਤੁਲਨ ਪੈਦਾ ਹੋਣ ਕਰਕੇ ਸਾਂਸਕ੍ਰਿਤਕ ਅਤੇ ਸਭਿਆਚਾਰਕ ਕਦਰਾਂ ਕੀਮਤਾਂ ਬਦਲ ਜਾਂਦੀਆਂ ਹਨ। ਮਨੁੱਖ ਅਮਾਨਵੀ ਅਤੇ ਅਨੈਤਿਕ ਬਣ ਜਾਂਦਾ ਹੈ। ਗਿੰਦਰ ਅਤੇ ਮਹਿੰਦਰੋਂ ਆਰਥਿਕ ਤੰਗੀਆਂ ਕਰਕੇ ਆਪਣੇ ਬੱਚਿਆਂ ਪ੍ਰਤੀ ਕਠੋਰ ਰਵੱਈਆ ਅਪਣਾਉਂਦੇ ਉਨ੍ਹਾਂ ਤੋਂ ਵੱਧ ਕੰਮ ਲੈਂਦੇ ਹਨ। ਬੱਚਿਆਂ ਉਤੇ ਸਰੀਰਕ ਅਤੇ ਮਾਨਸਿਕ ਤਸ਼ੱਦਦ ਕਰਦੇ ਹਨ। ਚਾਹੁੰਦੇ ਹੋਏ ਵੀ ਉਨ੍ਹਾਂ ਦੀ ਪੜ੍ਹਾਈ ਨਹੀਂ ਕਰਵਾ ਸਕਦੇ। ਉਹ ਸਹੂਲਤਾਂ ਨਹੀਂ ਦੇ ਸਕਦੇ ਜਿਹੜੀਆਂ ਮਨੁੱਖ ਦੀਆਂ ਬੁਨਿਆਦੀ ਲੋੜਾਂ ਹੁੰਦੀਆਂ ਹਨ।

ਇਸਦਾ ਦੂਜਾ ਵੱਡਾ ਪ੍ਰਭਾਵ ਇਹ ਪੈਂਦਾ ਹੈ ਕਿ ਅਜਿਹੇ ਸਮਾਜ ਵਿਚ ਅਸਮਾਜਕ ਜਿਨਸੀ ਸੰਬੰਧ ਪੈਦਾ ਹੁੰਦੇ ਹਨ। ਘੱਟ ਜ਼ਮੀਨ ਹੋਣ ਕਰਕੇ ਪਰਿਵਾਰ ਦੇ ਇਕ ਜਾਂ ਦੋ ਮਰਦ ਮੈਂਬਰਾਂ ਦਾ ਵਿਆਹ ਹੁੰਦਾ ਹੈ, ਦੂਜੇ ਕੁਆਰੇ ਰਹਿੰਦੇ ਹਨ। ਉਹ ਭਰਾ ਦੀ ਪਤਨੀ ਨੂੰ ਸਾਂਝੇ ਤੌਰ ਤੇ ਵਰਤਣਾ ਚਾਹੁੰਦੇ ਹਨ। ਜਾਂ ਕਿਧਰੇ ਹੋਰ ਅਜਿਹੇ ਗੈਰ-ਸਮਾਜਕ ਸੰਬੰਧ ਬਣਾਉਂਦੇ ਹਨ ਜਾਂ ਨਸ਼ਿਆਂ ਦੀ ਓਟ ਲੈਂਦੇ ਹਨ। ਕੁੱਸੇ ਨੇ ਇਸ ਨਾਵਲ ਵਿਚ ਇਨ੍ਹਾਂ ਸਮੱਸਿਆਵਾਂ ਨੂੰ ਵਿਸਥਾਰ ਪੂਰਬਕ ਪੇਸ਼ ਕਰਨ ਦਾ ਯਤਨ ਕੀਤਾ ਹੈ। ਮਹਿੰਦਰੋਂ ਇਸ ਨਾਵਲ ਦੀ ਅਜਿਹੀ ਪਾਤਰ ਹੈ ਜੋ ਅਜਿਹੀ ਸਥਿਤੀ ਨਾਲ ਸਮਝੌਤਾ ਨਹੀਂ ਕਰਦੀ। ਉਹ ਸਾਂਸਕ੍ਰਿਤਕ ਮੁੱਲਾਂ ਨੂੰ ਤਾਂ ਬਚਾ ਲੈਂਦੀ ਹੈ ਪਰੰਤੂ ਸਰੀਰਕ ਤੇ

ਮਾਨਸਿਕ ਤੌਰ ਤੇ ਟੁੱਟ ਜਾਂਦੀ ਹੈ। ਇਸ ਤਰ੍ਹਾਂ ਲੇਖਕ ਨੇ ਗਿੰਦਰ ਦੇ ਪਰਿਵਾਰ ਦੀ ਬ੍ਰਿਤਾਂਤਕ ਲੜੀ ਰਾਹੀਂ ਉਨ੍ਹਾਂ ਸਾਰੀਆਂ ਸਮੱਸਿਆਵਾਂ ਨੂੰ ਦ੍ਰਿਸ਼ਟੀ ਗੋਚਰ ਕੀਤਾ ਹੈ ਜਿਹੜੀਆਂ ਸਮੁੱਚੀ ਕਿਰਸਾਣੀ ਨੂੰ ਪੇਸ਼ ਆਉਂਦੀਆਂ ਹਨ।

ਰੋਹੀ ਬੀਆਬਾਨ ਨਾਵਲ ਰਾਹੀਂ ਪੰਜਾਬ ਦਾ ਇਤਿਹਾਸਕ ਵਰਤਾਰਾ ਮੂਰਤੀਮਾਨ ਹੋਇਆ ਹੈ ਜਿਸ ਵਿਚ ਇਕ ਗਲ ਉਭਰਕੇ ਸਾਹਮਣੇ ਆਈ ਹੈ ਕਿ ਛੋਟੀ ਕਿਰਸਾਣੀ ਦੀ ਦਸ਼ਾ ਭੂਮੀਹੀਨ ਲੋਕਾਂ ਵਰਗੀ ਹੋ ਰਹੀ ਹੈ ਪਰੰਤੂ ਇਹ ਜਮਾਤ ਸਮਝਦੀ ਹੋਈ ਵੀ ਆਪਣੀ ਜੱਟ ਹਉਮੇ ਛੱਡਣ ਲਈ ਤਿਆਰ ਨਹੀਂ ਜਿਸਦੇ ਕਾਰਨ ਗੋਰੇ ਦਾ ਦੁਖਾਂਤ ਵਾਪਰਦਾ ਹੈ। ਇਸਦਾ ਇਕ ਕਾਰਨ ਇਹ ਵੀ ਹੈ ਕਿ ਇਸ ਪਦਾਰਥਵਾਦੀ ਯੁੱਗ ਵਿਚ ਜਮਾਤੀ ਸਮਾਜ ਵਿਚ ਮਨੁੱਖ ਵਿਰੋਧੀ ਵਰਤਾਰੇ ਨੇ ਮਨੁੱਖ ਨੂੰ ਮਨੁੱਖ ਨਹੀਂ ਰਹਿਣ ਦਿਤਾ। ਗੋਰਾ ਅਜਿਹੀਆਂ ਅਮਾਨਵੀ ਕਦਰਾਂ ਕੀਮਤਾਂ ਨਾਲ ਸਮਝੌਤਾ ਨਹੀਂ ਕਰਦਾ। ਜਿਸ ਕਰਕੇ ਉਸਨੂੰ ਕਿਧਰੇ ਰੌਸ਼ਨੀ ਦੀ ਕਿਰਨ ਦਿਖਾਈ ਨਹੀਂ ਦਿੰਦੀ।

**ਪ੍ਰਸ਼ਨ:2** ਛੋਟੀ ਕਿਰਸਾਣੀ ਨਾਲ ਸੰਬੰਧਤ ਕੋਈ ਦੋ ਮਹੱਤਵਪੂਰਨ ਘਟਨਾਵਾਂ ਬਾਰੇ ਲਿਖੋ।

**ਉੱਤਰ** ਇਸ ਨਾਵਲ ਵਿਚ ਨਾਵਲ ਦੇ ਅਰੰਭ ਵਿਚ ਗੋਰੇ ਨੂੰ ਕੁੱਟਣ ਵਾਲੀ ਇਕ ਅਜਿਹੀ ਘਟਨਾ ਵਾਪਰਦੀ ਹੈ ਜਿਸਦਾ ਪਾਠਕ ਦੇ ਮਨ ਤੇ ਹਿਰਦੇ ਨੇ ਵੇਧੇਰੇ ਪ੍ਰਭਾਵ ਪੈਂਦਾ ਹੈ। ਗੋਰੇ ਦਾ ਕਸੂਰ ਇਹ ਹੈ ਕਿ ਉਹ ਬੱਚਾ ਹੈ ਉਸਦਾ ਖੇਡਣ ਨੂੰ ਦਿਲ ਕਰਦਾ ਹੈ। ਪਰੰਤੂ, ਮਹਿੰਦਰੋਂ ਘਰ ਵਿਚ ਇੱਕਲੀ ਹੋਣ ਕਰਕੇ ਕਿਰਸਾਣੀ ਕੰਮ ਤੇ ਬੱਚਿਆਂ ਵਿਚ ਖਿੱਝੀ ਖਪੀ ਰਹਿੰਦੀ ਹੈ ਜਿਸ ਕਰਕੇ ਉਸਨੂੰ ਮਜ਼ਬੂਰਨ ਗੋਰੇ ਨੂੰ ਕੁੜੀ ਵੀ ਚੁਕਾਉਂਣੀ ਪੈਂਦੀ ਹੈ ਤੇ ਕੁਤਰਾ ਵੀ ਕਰਵਾਉਣਾ ਪੈਂਦਾ ਹੈ। ਗੋਰਾ ਸਕੂਲੋਂ ਮਾਸਟਰਾਂ ਦੀ ਕੁੱਟ ਸਹਿੰਦਾ ਹੈ ਤੇ ਘਰ ਮਾਂ ਦੀਆਂ ਗਾਲ੍ਹਾਂ ਤੇ ਪਿਉ ਦੀ ਕੁੱਟ। ਗੋਰਾ ਹਰ ਰੋਜ਼ ਦੀ ਕਿੱਚ-ਕਿੱਚ ਤੋਂ ਦੁੱਖੀ ਹੋਕੇ ਝਕਾਨੀ ਦੇਕੇ ਦੌੜ ਜਾਂਦਾ ਹੈ। ਗਿੰਦਰ ਖੇਤੋਂ ਅੱਕਿਆ ਥਕਿਆ ਆਉਣ ਕਰਕੇ ਜਦੋਂ ਦੇਖਦਾ ਹੈ ਕਿ ਘਰ ਦੇ ਕੰਮਾਂ ਦਾ ਖਿਲਾਰ ਉਸ ਤਰ੍ਹਾਂ ਪਿਆ ਹੈ ਤਾਂ ਉਸਨੂੰ ਕ੍ਰੋਧ ਚੜ੍ਹ ਜਾਂਦਾ ਹੈ। ਗੋਰਾ ਝਕਾਨੀ ਦੇ ਕੇ ਦੌੜ ਜਾਂਦਾ ਹੈ। ਗਿੰਦਰ ਉਸ ਨੂੰ ਪਕੜ ਲੈਂਦਾ ਹੈ। ਉਪਰੰਤ, ਉਸ ਨੂੰ ਪਰਾਣੀਆਂ ਨਾਲ ਇਉਂ ਕੁਟਦਾ ਹੈ ਜਿਵੇਂ ਪਸ਼ੂਆਂ ਨੂੰ ਕੁੱਟ ਰਿਹਾ ਹੋਵੇ। ਉਹ ਆਪਣਾ ਸਾਰਾ ਗੁੱਸਾ ਤੇ ਮਾਨਸਿਕ ਕਲੇਸ਼ ਗੋਰੇ ਨੂੰ ਕੁੱਟਕੇ ਕੱਢਦਾ ਹੈ। ਮਹਿੰਦਰੋਂ ਭਾਵੇਂ ਉਸਨੂੰ ਗੋਦੀ ਵਿਚ ਬਠਾਉਂਦੀ ਹੋਈ ਪਤੀ ਨੂੰ ਬੁਰਾ ਭਲਾ ਕਹਿੰਦੀ ਹੈ ਜਿਸਦੇ ਇਵਜ਼ ਵਜੋਂ ਉਸਨੂੰ ਗੰਦੀਆਂ ਗਾਲ੍ਹਾਂ ਵੀ ਸਹਿਣੀਆਂ ਪੈਂਦੀਆਂ ਹਨ। ਪਰੰਤੂ ਇਕ ਵਾਰੀ ਉਹ ਉਸ ਨੂੰ ਬਚਾ ਲੈਂਦੀ ਹੈ। ਗੋਰੇ ਦੇ ਪਿੰਡੇ ਤੇ ਪਈਆਂ ਲਾਸ਼ਾਂ ਨੂੰ ਵੇਖਦਿਆਂ ਉਸਦੀ ਮਮਤਾ ਕਰੁਣਾ ਦਾ ਰੂਪ ਧਾਰਦੀ ਪਾਠਕਾਂ ਦੇ ਹਿਰਦਿਆਂ ਨੂੰ ਵਲੂੰਧਰ ਜਾਂਦੀ ਹੈ।

ਇਸ ਨਾਵਲ ਦੀ ਦੂਜੀ ਮਹੱਤਵਪੂਰਨ ਘਟਨਾ ਗੋਰੇ ਦੀ ਡਰਾਇਵਰੀ ਸਿਖਣ ਨਾਲ ਸੰਬੰਧਤ ਹੈ ਜਿਥੇ ਉਸ ਨੂੰ ਅਮਾਨਵੀ ਕਦਰਾਂ ਕੀਮਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਖਾਣ ਪੀਣ ਤੇ ਕੰਮ ਦੇ ਵਿਤਕਰੇ ਦੇ ਨਾਲ ਨਾਲ ਜਦੋਂ ਕਡੰਕਟਰ ਮੁੰਡਾ (ਗੰਤਾ) ਇਕ ਰਾਤ ਗੋਰੇ ਨੂੰ ਦਾਰੂ ਪਿਆਕੇ ਉਸ ਨਾਲ ਬਦਫੈਲੀ ਕਰਦਾ ਹੈ ਤਾਂ ਅਚਾਨਕ ਜਦੋਂ ਗੋਰੇ ਦੀ ਜਾਗ ਖੁਲ੍ਹਦੀ ਹੈ ਤਾਂ ਉਸਨੂੰ ਪਤਾ ਲਗਦਾ ਹੈ ਕਿ ਉਸ ਨਾਲ ਕੀ ਵਾਪਰਿਆ ਤਾਂ ਗੋਰੇ ਨੂੰ ਉਸ ਐਨੀ ਬੁਰ੍ਹੀ ਤਰ੍ਹਾਂ ਕੁੱਟਦਾ ਹੈ ਜਿਵੇਂ ਉਸ ਵਿਚ ਚਾਰ ਬੰਦਿਆਂ ਦੀ ਤਾਕਤ ਆ ਗਈ ਹੋਵੇ ਪਰ ਇਸ ਦੇ ਉਪਰੰਤ ਜਦੋਂ ਉਹ ਚੀਕ ਚਿਹਾੜਾ ਪਾਉਂਦਾ ਹੈ ਤਾਂ ਟਰੱਕ ਰੋਕ ਲਿਆ ਜਾਂਦਾ ਹੈ ਤੇ ਉਸ ਮੁੰਡੇ ਦੇ ਤੇਲੂ ਨੂੰ ਦਸਣ ਉਤੇ ਤੇਲੂ ਗਾਲ੍ਹਾਂ ਕੱਢਦਾ ਹੈ ਤੇ ਉਸ ਤੇ ਰਾਡ ਵਰ੍ਹਾਉਂਦਾ ਹੈ ਉਹ ਉਸ ਤੋਂ ਵੀ ਕਿਤੇ ਵੱਧ ਜ਼ਾਲਮ ਪ੍ਰਤੀਤ ਹੁੰਦਾ ਹੈ। ਅਜਿਹਾ ਇਸ ਕਰਕੇ ਭਾਸਦਾ ਹੈ ਕਿ ਉਹ ਬਿਨਾਂ ਕਾਰਨ ਜਾਣਿਆ ਗੋਰੇ ਨੂੰ ਮਾਰਦਾ ਹੈ। ਗੋਰਾ ਬਦਫੈਲੀ ਵਾਲੀ ਗੱਲ ਆਪਣੇ ਮੂੰਹ ਨਾਲ ਦਸਣਾ ਨਹੀਂ ਚਾਹੁੰਦਾ। ਉਹ ਚਾਹੁੰਦਾ ਹੈ ਕਿ ਗੰਤਾ ਆਪ ਦਸੇ ਕਿ ਉਸਨੇ ਗੋਰੇ ਨਾਲ ਜੋ ਬਦਫੈਲੀ ਕੀਤੀ ਹੈ। ਪਰੰਤੂ, ਗੰਤਾ ਆਪਣੇ ਕੁਕਰਮ ਨੂੰ ਲਕੋਂਦਾ ਹੋਇਆ ਇਹੀ ਕਹਿੰਦਾ ਹੈ ਕਿ ਮੈਨੂੰ ਸੁੱਤੇ ਪਏ ਨੂੰ ਰਾਡਾਂ ਨਾਲ ਕੁੱਟਣ ਲਗ ਪਿਆ ਜਿਹੜਾ ਕਿ ਸੰਭਵ ਨਹੀਂ। ਗੋਰੇ ਦੇ ਕ੍ਰੋਧ ਦੀ ਜੁਆਲਾ ਇਸ ਤੇ ਹੋਰ ਵੀ ਭੜਕ ਉਠਦੀ ਹੈ ਕਿ ਉਸਨੂੰ ਪੁਛਿਆ ਕਿਉਂ ਨਹੀਂ ਜਾ ਰਿਹਾ। ਇਸੇ ਵਜ੍ਹਾਹ ਕਰਕੇ ਤੇਲੂ ਗੋਰੇ ਨੂੰ ਉਥੇ ਛੱਡਕੇ ਜਾਣ ਦੀ ਧਮਕੀ ਦਿੰਦਾ ਹੈ। ਗੋਰਾ ਇਸ ਤੋਂ ਪਹਿਲਾਂ ਹੀ ਇਸ ਗੱਲ ਉਤੇ ਅੜਿਆ ਹੋਇਆ ਹੈ ਕਿ ਉਸ ਨੇ ਉਨ੍ਹਾਂ ਨਾਲ ਨਹੀਂ ਜਾਣਾ ਤੇਲੂ ਦੇ ਗੋਰੇ ਨੂੰ ਮਾਵਾਂ ਭੈਣਾਂ ਦੀਆਂ ਗਾਲ੍ਹਾਂ ਕੱਢਣ ਤੇ ਗੋਰਾ ਉਸਦੀ ਢੂਹੀ ਵਿਚ ਇਕ ਰਾਡ ਧਰ ਦਿੰਦਾ ਹੈ ਜਿਸਦੇ ਪ੍ਰਤੀਕਰਮ ਵਜੋਂ ਤੇਲੂ ਵੀ ਇਕ ਅਹਿਜੀ ਉਘਰਵੀ ਰਾਡ ਗੋਰੇ ਦੀ ਢੂਹੀ ਵਿਚ ਵੀ ਮਾਰਦਾ ਹੈ ਜਿਸ ਨਾਲ ਉਹ ਮੂੱਧੇ ਮੂੰਹ ਡਿੱਗ

ਪੈਂਦਾ ਹੈ। ਉਪਰੰਤ, ਇਕ ਹੋਰ ਉਸਦੇ ਗੁੱਟ ਤੇ ਮਾਰਦਾ ਹੈ। ਗੋਰੇ ਦਾ ਕ੍ਰੋਧ ਬਦਫੈਲੀ ਦੇ ਵਿਰੁੱਧ ਬਗਾਵਤ ਹੀ ਨਹੀਂ ਬਲਕਿ ਉਨ੍ਹਾਂ ਦੇ ਨਿਤਾਪ੍ਰਤੀ ਦੇ ਵਿਵਹਾਰ ਦੇ ਵੀ ਖਿਲਾਫ ਹੈ। ਜਿਸ ਕਰਕੇ ਇਸ ਘਟਨਾ ਤੋਂ ਬਾਦ ਉਹ ਉਨ੍ਹਾਂ ਦਾ ਸਾਥ ਛੱਡਕੇ ਘਰ ਆ ਜਾਂਦਾ ਹੈ। ਲੇਖਕ ਨੇ ਇਸ ਘਟਨਾ ਰਾਹੀਂ ਜਿਥੇ ਗੋਰੇ ਦੇ ਵੱਧਦੀ ਉਮਰ ਦੇ ਗੁੱਸੇ ਬਦਫੈਲੀ ਅਤੇ ਵਿਤਕਰੇ ਵਿਰੁੱਧ ਪ੍ਰਤੀ ਕਰਮ ਨੂੰ ਪੇਸ਼ ਕੀਤਾ ਹੈ। ਉਥੇ ਸਥਿਤੀਆਂ ਦੇ ਪੈਦਾ ਹੋਣ ਦੇ ਕਾਰਨਾਂ ਨੂੰ ਪੇਸ਼ ਕੀਤਾ ਹੈ ਜਿਸ ਤੋਂ ਲੇਖਕ ਦੇ ਮਾਨਵੀ ਕਦਰਾਂ ਕੀਮਤਾਂ ਦੇ ਪੱਖ ਵਿਚ ਅਤੇ ਜਬਰ ਜਿਨਾਹ ਦੇ ਖਿਲਾਫ ਮਾਨਵਵਾਦੀ ਦ੍ਰਿਸ਼ਟੀਕੋਣ ਦਾ ਪਤਾ ਲਗਦਾ ਹੈ।

**ਪ੍ਰਸ਼ਨ:3** 'ਰੋਹੀ ਬੀਆਬਾਨ' ਦੀ ਕਿਸ ਘਟਨਾ ਨੇ ਤੁਹਾਡੇ ਮਨ ਉਤੇ ਸਭ ਤੋਂ ਵੱਧ ਪ੍ਰਭਾਵ ਪਾਇਆ ਹੈ ਅਤੇ ਕਿਉਂ ਲਿਖੋ?

**ਉੱਤਰ** ਰੋਹੀ ਬੀਆਬਾਨ ਵਿਚ ਛੋਟੀ ਕਿਰਸਾਣੀ ਦੀ ਆਰਥਿਕ ਸਥਿਤੀ ਨਾਲ ਸੰਬੰਧਤ ਸਾਰੀਆਂ ਘਟਨਾਵਾਂ ਹੀ ਮਹੱਤਵਪੂਰਨ ਅਤੇ ਕਥਾਨਕ ਦੀ ਲੋੜ ਅਨੁਸਾਰ ਸਿਰਜੀਆਂ ਗਈਆਂ ਹਨ। ਪਰੰਤੂ, ਮਹੱਤਵਪੂਰਨ ਘਟਨਾ ਪੈਟਰੋਲ ਪੰਪ ਵਾਲੀ ਸਿਰਜੀ ਗਈ ਹੈ ਜਿਸ ਵਿਚ ਕਿਰਸਾਣੀ ਜਮਾਤ ਦੀਆਂ ਤਿੰਨੇ ਜਮਾਤਾਂ ਆਹਮੋਂ ਸਾਹਮਣੇ ਤਣਾਅ ਦੀ ਸਥਿਤੀ ਵਿਚ ਗੁਜ਼ਰਦੀਆਂ ਤਣਾਅ ਬਿਨਾਂ ਵਾਰੀ ਤੋਂ ਤੇਲ ਪਵਾਉਣ ਤੋਂ ਵੱਧਦਾ ਹੈ। ਤੇਲ ਲੈਣ ਲਈ ਪੈਟਰੋਲ ਪੰਪ ਉਤੇ 'ਕੈਨਾਂ ਵਾਲੇ', 'ਟਰੈਕਟਰਾਂ ਵਾਲੇ' ਦੀ ਲਾਈਨ ਲੱਗੀ ਹੋਈ ਹੈ। ਪਰੰਤੂ, 'ਜੀਪਾਂ ਵਾਲੇ' ਪਿਛੋਂ ਆਕੇ ਬਿਨਾਂ ਆਪਣੀ ਵਾਰੀ ਦੇ ਤੇਲ ਪਵਾਉਣ ਲਈ ਕਾਹਲਾ ਹੈ। ਜਿਸ ਤੋਂ ਸਥਿਤੀ ਅਣ ਸੁਖਾਵੀ ਤੇ ਤਣਾਅ ਭਰਪੂਰ ਬਣ ਜਾਂਦੀ ਹੈ। ਲੋਕ ਬਹੁਤ ਪਹਿਲਾਂ ਦੇ ਭੁੱਖੇ ਪਿਆਸੇ ਤੇਲ ਲੈਣ ਲਈ ਕਤਾਰ ਵਿਚ ਖੜ੍ਹੇ ਹੋਏ ਹਨ। ਹਰ ਇਕ ਨੂੰ ਕਾਹਲ ਹੈ ਤੇ ਹਰ ਇਕ ਨੂੰ ਭੁੱਖ ਲੱਗੀ ਹੋਈ ਹੈ। 'ਜੀਪ ਵਾਲੇ' ਨੂੰ ਬਿਨਾਂ ਵਾਰੀ ਤੋਂ ਤੇਲ ਪਵਾਉਣ ਲਈ ਅੱਗੇ ਵਧਦਾ ਦੇਖ ਝਗੜਾ ਹੋ ਜਾਂਦਾ ਹੈ। ਇਕ ਵਾਰੀ ਜੀਪ ਵਾਲਾ ਚਲਾ ਜਾਂਦਾ ਹੈ ਪਰ ਪਿਛੋਂ ਆਪਣੇ ਭਾੜੇ ਦੇ ਟੱਟੂਆਂ ਨੂੰ ਹਥਿਆਰ ਦੇ ਕੇ ਆਪਣੀ ਸ਼ਕਤੀ ਦਾ ਵਿਖਾਵਾ ਕਰਨ ਲਈ ਜਦੋਂ ਆਉਂਦਾ ਹੈ ਤਾਂ ਇਕ ਦਮ ਉਸਦੇ ਪੈਰਾਂ ਹੇਠ ਅੱਗ ਮਚਦੀ ਹੈ ਤਾਂ ਕੈਨਾਂ ਅਤੇ ਟਰੈਕਟਰਾਂ ਵਾਲੇ ਮਿਲਕੇ ਉਸਦੀ ਵਿਰੋਧਤਾ ਕਰਦੇ ਹੋਏ ਰੋਲਾ ਰੱਪਾ ਪਾਉਂਦੇ ਹਨ। ਇਕ ਨੌਜੁਆਨ ਉਨ੍ਹਾਂ ਬੰਦੂਕਧਾਰੀਆਂ ਦੀ ਧਮਕੀ ਅੱਗੇ ਸੀਨਾ ਤਾਣਕੇ ਖਲੋਂ ਜਾਂਦਾ ਹੈ ਤਾਂ ਸਥਿਤੀ ਹੋਰ ਵੀ ਗੰਭੀਰ ਹੋ ਜਾਂਦੀ ਹੈ ਗੋਲੀ ਦੇ ਚਲਣ ਦਾ ਭੈਅ ਵਾਪਰਦਾ ਪ੍ਰਤੀਤ ਹੁੰਦਾ ਹੈ। ਪਰੰਤੂ, ਪੈਟਰੋਲ ਪੰਪ ਬੰਦ ਹੋ ਜਾਂਦਾ ਹੈ, ਲਾਲਾ ਇਸ ਸਥਿਤੀ ਦਾ ਸਾਹਮਣਾ ਨਹੀਂ ਕਰ ਸਕਦਾ ਜਿਸ ਕਰਕੇ 'ਜੀਪ ਵਾਲੇ' ਪ੍ਰਧਾਨ ਨੂੰ ਖਾਲੀ ਹੱਥ ਵਾਪਸ ਪਰਤਣਾ ਪੈਂਦਾ ਹੈ। ਕਿਰਸਾਣੀ ਦੀਆਂ ਦੋਹੇ ਜਮਾਤਾਂ ਦੀ ਜਿੱਤ ਹੁੰਦੀ ਹੈ। ਇਸ ਘਟਨਾ ਦੀ ਮਹੱਤਤਾ ਇਸ ਕਰਕੇ ਹੈ ਇਸ ਵਿਚ ਜਿੱਥੇ ਹੇਠਲੀ ਕਿਰਸਾਣੀ ਤੇ ਵਿਚਲੀ ਕਿਰਸਾਣੀ ਦੀ ਆਰਥਕ ਸਥਿਤੀ ਦਾ ਪਤਾ ਲਗਦਾ ਹੈ ਉਥੇ ਪੰਜਾਬ ਦੀ ਸਮਕਾਲੀਨ ਇਤਿਹਾਸਕ ਅਤੇ ਰਾਜਨੀਤਿਕ ਸਥਿਤੀ ਦਾ ਵੀ ਪਤਾ ਲਗਦਾ ਹੈ ਕਿ ਕਿਵੇਂ ਵੱਡੇ ਲੋਕ ਸਰਕਾਰੀ ਦਰਬਾਰੇ ਆਪਣੀ ਪੁੱਛ ਪ੍ਰਤੀਤ ਨੂੰ ਆਪਣੇ ਹੱਕ ਵਿਚ ਤੇ ਦੂਜਿਆਂ ਦੇ ਖਿਲਾਫ ਵਰਤਦੇ ਹਨ।

**ਪ੍ਰਸ਼ਨ:4** ਕਿਸ ਘਟਨਾ ਦਾ ਤੁਹਾਡੇ ਮਨ ਤੇ ਸਭ ਤੋਂ ਵੱਧ ਪ੍ਰਭਾਵ ਪਿਆ?

**ਉੱਤਰ** ਨਾਵਲ ਦੇ ਦ੍ਰਿਸ਼ਟੀਕੋਣ ਤੋਂ ਪੈਟਰੋਲ ਪੰਪ ਵਾਲੀ ਘਟਨਾ ਮਹੱਤਵਪੂਰਨ ਤੇ ਪ੍ਰਭਾਵਸ਼ਾਲੀ ਹੈ ਲੇਖਕ ਨੇ ਇਕ ਅਜਿਹੀ ਸਥਿਤੀ ਦੀ ਚੋਣ ਕੀਤੀ ਹੈ ਜਿਸ ਰਾਹੀਂ ਉਸਨੇ ਜਿੱਥੇ ਨਾਵਲ ਲਿਖਣ ਦੇ ਆਪਣੇ ਮਾਨਵਵਾਦੀ ਦ੍ਰਿਸ਼ਟੀਕੋਣ ਨੂੰ ਪੇਸ਼ ਕੀਤਾ ਹੈ ਉਥੇ ਪੰਜਾਬ ਦੀ ਰਾਜਨੀਤਕ, ਸਮਾਜਕ ਆਰਥਿਕ ਸਥਿਤੀ ਨੂੰ ਵੀ ਸਾਹਮਣੇ ਲਿਆਂਦਾ ਹੈ।

ਗੋਰਾ ਇਸ ਘਟਨਾ ਵਿਚ ਭਾਵੇਂ ਕਿਧਰੇ ਵੀ ਹੋਰ ਨੌਜੁਆਨ ਮੁੰਡਿਆਂ ਵਾਂਗ ਕਿਸੇ ਤਰ੍ਹਾਂ ਸ਼ਾਮਲ ਨਹੀਂ ਹੁੰਦਾ ਪਰੰਤੂ, ਉਹ ਵੀ ਉਸੇ ਭੁੱਖ-ਪਿਆਸ ਵਰਗੀ ਅਣ ਸੁਖਾਵੀ ਸਥਿਤੀ ਵੀ ਅੱਕਿਆ-ਥੱਕਿਆ ਖੜ੍ਹਾ ਆਪਣੀ ਵਾਰੀ ਦੀ ਇੰਤਜ਼ਾਰ ਵਿਚ ਹੈ। ਉਥੇ ਇਸ ਪਾਤਰ ਲਈ ਇਹ ਸਥਿਤੀ ਬਹੁਤ ਹੀ ਸਿਖਣ, ਸਮਝਣ ਅਤੇ ਸੋਚਣ ਵਾਲੀ ਹੈ ਜਿਥੇ ਉਸਨੂੰ ਇਸ ਗੱਲ ਦਾ ਅਹਿਸਾਸ ਹੁੰਦਾ ਹੈ ਕਿ ਵਡੇ ਹਰ ਥਾਂ ਛੋਟਿਆਂ ਤੇ ਤਸ਼ੱਦਦ ਕਰਦੇ ਹਨ। ਗੋਰੇ ਲਈ ਇਹ ਘਟਨਾ ਇਕ ਕੌਤਕ ਵਰਗੀ ਹੁੰਦੀ ਹੈ।

ਇਸ ਘਟਨਾ ਦਾ ਮਨ ਉਤੇ ਸਭ ਤੋਂ ਵੱਧ ਪ੍ਰਭਾਵ ਇਸ ਕਰਕੇ ਪਿਆ ਹੈ ਕਿ ਇਸ ਘਟਨਾ ਨਾਲ ਗੋਰੇਦੀ

ਮਾਨਸਿਕ, ਆਰਥਿਕ, ਸਮਾਜਿਕ ਸਥਿਤੀ ਜੁੜੀ ਹੋਈ ਹੈ। ਗੋਰੇ ਦਾ ਭੁੱਖ-ਪਿਆਸ ਨੂੰ ਝੇਲਦਿਆਂ ਤੇਲ ਦਾ ਕੈਨ ਭਰਵਾਕੇ ਘਰ ਜਾਣ ਦਾ ਦ੍ਰਿਸ਼ ਪਾਠਕਾਂ ਦੇ ਮਨ ਉਤੇ ਗਹਿਰਾ ਪ੍ਰਭਾਵ ਪਾਉਂਦਾ ਹੈ। ਜਿਵੇਂ ਲੇਖਕ ਦਸਦਾ ਹੈ ਕਿ ਉਸਦੀਆਂ ਭੁੱਖ ਨਾਲ ਕੋਕੜਾਂ ਹੋਈਆਂ ਪਈਆਂ ਸਨ। ਉਹ ਪਾਣੀ ਪੀ ਪੀ ਕੇ ਆਪਣੀ ਭੁੱਖ ਮਾਰਦਾ ਹੈ। ਇਸਦੇ ਉਪਰੰਤ ਜਦੋਂ ਉਸਨੂੰ ਤੇਲ ਦਾ ਕੈਨ ਸਾਇਕਲ ਤੇ ਬੰਨ੍ਹ ਕੇ ਜਾਣਾ ਪੈਂਦਾ ਹੈ ਤਾਂ ਜੋ ਰਾਹ ਦੀਆਂ ਔਕੜਾਂ ਉਸਨੂੰ ਪੇਸ਼ ਆਉਂਦੀਆਂ ਹਨ ਉਹ ਹੋਰ ਵੀ ਹਿਰਦੇਵੇਧਕ ਹਨ ਸੁਹਿਰਦ ਪਾਠਕ ਦਾ ਹਿਰਦਾ ਵਲੂੰਧਰ ਦਿੰਦੀਆਂ ਹਨ। ਗੋਰਾ ਦੋਹੇ ਕੈਨਾਂ ਨੂੰ ਭਰਵਾਕੇ ਪਿਛਲੀ ਕਾਠੀ ਦੇ ਦੋਹੇ ਪਾਸੀ ਲਟਕਾ ਲੈਂਦਾ ਹੈ। ਪਰ ਜਦੋਂ ਹੈਂਡਲ ਤੇ ਬੋਝ ਖਾਕੇ ਸਾਈਕਲ ਘਸੀਟਣ ਲਗਦਾ ਹੈ ਤਾਂ ਪਿਛਲਾ ਪਹੀਆ ਚਿਮਟੇ ਨਾਲ ਲੱਗਣ ਕਰਕੇ ਸਾਈਕਲ ਉਸ ਤੋਂ ਘੜੀਸਿਆ, ਨਹੀਂ ਜਾ ਰਿਹਾ। ਉਸਦਾ ਸਾਹ ਫੁੱਲਣ ਲਗਦਾ ਹੈ। ਪਿੱਛੇ ਜ਼ਿਆਦਾ ਭਾਰ ਹੋਣ ਕਰਕੇ ਅਗਲਾ ਪਹੀਆ ਵਾਰ ਵਾਰ ਉਪਰ ਚਕਿਆ ਜਾਂਦਾ ਹੈ। ਗੋਰਾ ਸਾਈਕਲ ਨਾਲ ਘੁਲਦਾ ਗਿੱਲਾਂ ਦੀ ਟਰਾਲੀ ਕੋਲੇ ਜਾ ਕੇ ਜਦੋਂ ਕੈਨ ਰੱਖਣ ਬਾਰੇ ਸੋਚ ਕੈਨ ਖੋਹਲਣ ਲਗਦਾ ਹੈ ਤਾਂ ਉਨ੍ਹਾਂ ਦਾ ਸੀਰੀ ਬੋਲ ਪੈਂਦਾ ਹੈ, 'ਬਾਈ ਸਿੰਘਾਂ, ਰੱਖ ਬਿੱਸ਼ਕ ਲੈ। ਪਰ ਅਸੀਂ ਜ਼ਿੰਮੇਵਾਰ ਨ੍ਹੀ! ਮਗਰੋਂ ਆਖੇਂਗਾ ਮੇਰਾ ਤੇਲੂ ਡੁੱਲ੍ਹ ਗਿਆ........ ਨਾਲੇ ਹੁਣ ਟਰੈਕਟਰਾਂ ਆਲਿਆਂ ਬਿਨ?" ਸੁਣਕੇ ਗੋਰੇ ਦੀ ਮਾਨਸਿਕ ਸਥਿਤੀ ਵਿਗੜ ਜਾਂਦੀ ਹੈ। ਉਸਦੇ ਮਿੰਨ੍ਹਾਂ ਮਿਨਾਂ ਹੱਸਣ ਤੇ ਵੀ ਗੋਰੇ ਨੂੰ ਖਿੱਝ ਚੜ੍ਹਦੀ ਹੈ। ਉਸ ਤੋਂ ਵੀ ਵੱਧ ਉਸਦੀ ਮਾਨਸਿਕ ਦਸ਼ਾ ਉਦੋਂ ਵਿਗੜ ਜਾਂਦੀ ਹੈ ਜਦੋਂ ਉਹ ਬਦਲੇ ਦੀ ਭਾਵਨਾ ਨਾਲ ਕਹਿੰਦਾ ਹੈ: "ਨਾਲੇਂ ਤੂੰ ਤਾਂ ਉਦੋਂ ਕਹਿ ਦਿਨੈਂ ਹੁੰਨੈ, ਵੀਹ ਲਊਂ ਬੋਤਲ ਦੇ, ਖਰੀ ਮਾੜੀ ਦੀ ਨਹੀਂ?" ਉਸ ਤੋਂ ਅੱਗੇ ਉਸਦੀ ਪ੍ਰੇਸ਼ਾਨੀ ਉਦੋਂ ਵਧਦੀ ਹੈ ਜਦੋਂ ਉਹ ਸੀਰੀ ਨੂੰ ਇਹ ਕਹਿੰਦਾ ਹੈ ਕਿ, 'ਤੂੰ ਤਾਂ ਢੇਡੇ ਐਮੇਂ ਆਕੜੀ ਜਾਨੈ! ਤੇਰਾ ਟਰੈਕਟਰ ਐ, "ਬਈ ਮਾਲਕ ਤਾਂ ਹੁਣ ਇਹੀ ਐ, ਪੰਜ ਕਰੇ ਪੰਜਾਹ ਕਰੇ, ਗਿਲਾਂ ਦੇ ਮੁੰਡੇ ਤੋਂ ਜੁਆਬ ਸੁਣਕੇ ਉਹ ਭਮੰਤਰ ਜਾਂਦਾ ਹੈ। ਭਾਵੇਂ ਗੋਰੇ ਨੂੰ ਠਿੱਠ ਕਰਨ ਪਿੱਛੋਂ ਉਹ ਹੱਸਦੇ ਹੱਸਦੇ ਕੈਨ ਰੱਖਣ ਲਈ ਕਹਿੰਦੇ ਵੀ ਹਨ ਪਰ ਗੋਰਾ ਨਹੀਂ ਰੱਖਦਾ। ਗੋਰਾ ਸੱਜੇ ਪੈਂਡਲ ਤੇ ਦਬਾ ਪਾਕੇ ਸਾਈਕਲ ਰੇੜ ਲੈਂਦਾ ਹੈ। ਆਪਣੇ ਮਨ ਦੀ ਗੁੱਭ ਗੁਭਾਟ ਉਹ ਨਾਲ ਦੇ ਇਕ ਸਾਈਕਲ ਸਵਾਰ ਕੋਲ ਕੱਢਦੇ ਜਿਹੜਾ ਉਸਨੂੰ ਸਾਥ ਦਿੰਦਾ ਹੈ। ਇਕ ਸਵਾਰੀਆਂ ਦੀ ਭਰੀ ਬੱਸ ਜਦੋਂ ਕੋਲ ਦੀ ਲੰਘ ਦੀ ਹੈ ਤਾਂ ਸਾਈਕਲ ਗੋਰੇ ਨੂੰ ਬਿਲਕੁਲ ਕੱਚੇ ਉਤਾਰਨਾ ਪੈਂਦਾ ਹੈ। ਗੋਰੇ ਦਾ ਸਾਈਕਲ ਤੁਰਨ ਤੋਂ ਉੱਕਾ ਜੁਆਬ ਦੇ ਗਿਆ ਹੁੰਦਾ ਹੈ ਉਸਨੇ ਵਾਰੀ ਵਾਰੀ ਦੋਵੇਂ ਕੈਨਾਂ ਹੇਠਾ ਲਾਹੀਆਂ ਤੇ ਸਾਈਕਲ ਧਰਤੀ ਤੇ ਟੇਢਾ ਪਾਕੇ ਸੱਜੇ ਪਹੀਏ ਨੂੰ ਸਹਿੰਦੇ ਸਹਿੰਦੇ ਜ਼ੋਰ ਨਾਲ ਦਬਾਉਂਦਾ ਹੈ। ਉਹ ਦੁਬਾਰਾ ਚਲਦਾ ਹੈ ਤਾਂ ਸਾਈਕਲ ਦੀ ਘਸਰ ਘਸਰ ਹੋਰ ਵੀ ਵੱਧ ਜਾਂਦੀ ਹੈ। ਵਾਰੀ ਵਾਰੀ ਸਾਈਕਲ ਦੀ ਚੈਨ ਲੱਥ ਜਾਂਦੀ ਹੈ। ਚੈਨ ਚੜ੍ਹਾਉਂਦੇ ਉਸਦੇ ਹੱਥ ਕਾਲੇ ਹੋ ਜਾਂਦੇ ਹਨ। ਉਸਨੂੰ ਪੇਸ਼ਾਬ ਆਉਂਦਾ ਹੈ ਤਾਂ ਉਹ ਸੇਮ ਦੇ ਪੁਲ ਤੇ ਸਾਈਕਲ ਰੋਕਕੇ ਇਕ ਹੱਥ ਕਾਠੀ ਨੂੰ ਪਾਕੇ ਫਰਾਈਵੀਲ ਉਤੇ ਹੀ ਪੇਸ਼ਾਬ ਕਰ ਲੈਂਦਾ ਹੈ। ਪਿੰਡ ਦੀ ਜੂਹ ਤੱਕ ਪਹੁੰਚਦਿਆਂ ਗੋਰਾ ਹਾਲੋਂ ਬੇਹਾਲ ਹੋ ਜਾਂਦਾ ਹੈ। ਉਸਦਾ ਸਾਂਹ ਸੁੱਕ ਜਾਂਦਾ ਹੈ। ਉਹ ਪਿਪਲ ਹੇਠਲੇ ਨਲਕੇ ਤੋਂ ਪਾਣੀ ਪੀਂਦਾ ਹੈ ਤਾਂ ਗਿੱਲਾਂ ਦਾ ਟਰੈਕਟਰ ਵੀ ਪਹੁੰਚ ਜਾਂਦਾ ਹੈ। ਉਹ ਪੋਚਾ ਮਾਰਵੀਆਂ ਗਲਾਂ ਗੋਰੇ ਨੂੰ ਕਹਿੰਦੇ ਹਨ। ਪਰੰਤੂ, ਉਸਦਾ ਗੁੱਸਾ ਅਜੇ ਢੈਲਾ ਨਹੀਂ ਹੋਇਆ ਹੁੰਦਾ ਜਿਸ ਕਰਕੇ ਉਹ ਉਤਰ ਦਿੰਦਾ ਹੈ: "ਕੋਈ ਨੀ ਬਾਈ! ਮਖਿਆ ਥੋਡਾ ਟਰੈਕਟਰ ਹੰਭਜੂ ਕਾਹਨੂੰ ਭਾਰ ਲੱਦਣਾ।" ਇਉਂ ਜਰਖਲਿਆ ਹੋਇਆ ਬਿਨਾਂ ਬਰੇ ਕਾਂ ਦੇ, ਬਿਨਾਂ ਪੈਂਡਲਾਂ ਦੇ, ਸਾਈਕਲ ਨੂੰ ਘੜੀਸਦਾ ਗੋਰਾ ਮਸਾਂ-ਮਸਾਂ ਘਰ ਪਹੁੰਚਦਾ ਹੈ। ਘਰ ਜਾਕੇ ਉਹ ਠੰਢੀ ਅਤੇ ਘੈਲੀ ਜਿਹੀ ਚਾਹ ਨਾਲ ਇਕ ਰੋਟੀ ਮਰੋੜਕੇ ਅੰਦਰ ਲੰਘਾਉਂਦਾ ਹੈ ਜਿਸ ਨਾਲ ਉਸਨੂੰ ਧਰਵਾਸ ਮਿਲਦਾ ਹੈ।

ਇਹ ਘਟਨਾ ਇਸ ਕਰਕੇ ਚੰਗੀ ਲਗਦੀ ਜਾਂ ਮਨ ਨੂੰ ਟੁੰਬਦੀ ਹੈ ਕਿ ਇਸ ਵਿਚ ਗੋਰਾ ਹੱਦ ਤੋਂ ਵੱਧ ਸਟਰਗਲ ਕਰਦਾ ਹੈ। ਜਿਥੇ ਨਾਵਲ ਦੀਆਂ ਪਹਿਲੀਆਂ ਸਥਿਤੀਆਂ ਵਿਚ ਉਹ ਬਹੁਤ ਛੇਤੀ ਔਖੀ ਜਾਂ ਅਣਮਨੁੱਖੀ ਸਥਿਤੀ ਵਿਚੋਂ ਭੱਜ ਆਉਂਦਾ ਹੈ। ਜਾਂ ਲੜ ਪੈਂਦਾ ਹੈ ਇਸ ਸਥਿਤੀ ਵਿਚ ਉਹ ਗੁੱਸੇ ਨੂੰ ਜੀਰਦਾ ਵੀ ਹੈ ਤੇ ਸਰੀਰ ਦਾ ਸਾਰਾ ਤਾਣ ਲਾਕੇ ਤੇਲ ਦੇ ਕੈਨਾਂ ਨੂੰ ਟੁੱਟੇ ਸਾਈਕਲ ਤੇ ਰੱਖਦਾ ਘਰ ਤੱਕ ਘਸੀਟਕੇ ਲੈ ਵੀ ਆਉਂਦਾ ਹੈ। ਗਿੱਲਾਂ ਦੇ ਮੁੰਡੇ ਅਤੇ ਸੀਰੀ ਦੀਆਂ ਤਨਜ਼ ਭਰਪੂਰ ਗੱਲਾਂ ਵੀ ਸੁੱਣਦਾ ਹੈ ਤੇ ਉਨ੍ਹਾਂ ਨਾਲ ਸਮਝੌਤਾ ਵੀ ਨਹੀਂ ਕਰਦਾ। ਟਰਾਲੀ ਵਿਚ ਕੈਨ ਰਖਣ ਦੀ ਭਾਵੇਂ ਸਥਿਤੀ ਪੈਦਾ ਹੋ ਸਕਦੀ ਸੀ ਪਰੰਤੂ ਗਿੱਲਾਂ ਦੇ ਮੁੰਡੇ ਨਾਲੋਂ ਵੀ ਵੱਧ ਉਸਨੂੰ

ਉਸਦੇ ਸੀਰੀ ਤੇ ਗੁੱਸਾ ਆਉਂਦਾ ਹੈ। ਜਿਹੜਾ ਆਪਣੇ ਆਪ ਨੂੰ ਮਾਲਕ ਸਮਝਦਾ ਹੋਇਆ ਗਿੱਲਾਂ ਦੇ ਮੁੰਡੇ ਦੇ ਜੁਆਬ ਦੇਣ ਤੋਂ ਪਹਿਲਾਂ ਹੀ ਬੋਲ ਪੈਂਦਾ ਹੈ ਹਾਲਾਂਕਿ ਗਿੱਲਾਂ ਦਾ ਛੋਟਾ ਮੁੰਡਾ ਟਰੈਕਟਰ ਚਲਾ ਰਿਹਾ ਹੁੰਦਾ ਹੈ ਤੇ ਸੀਰੀ ਸਾਈਡ ਦੇ ਖੜ੍ਹਾ ਹੁੰਦਾ ਹੈ। ਸੀਰੀ ਗੋਰੇ ਨੂੰ ਗੱਲ ਰੜਕਾ ਕੇ ਅਤੇ ਚੁੱਭਵੇਂ ਢੰਗ ਨਾਲ ਕਹਿੰਦਾ ਹੈ ਜਿਸ ਕਰਕੇ ਗੋਰੇ ਦਾ ਇਸ ਸਥਿਤੀ ਵਿਚ ਸਾਵਾਂ ਰਹਿਣਾ ਇਸ ਗੱਲ ਦੀ ਪ੍ਰੋੜਤਾ ਕਰਦਾ ਹੈ ਕਿ ਗੋਰਾ ਪਹਿਲਾਂ ਨਾਲੋਂ ਵੱਧ ਸਹਿੰਦੜ, ਗੰਭੀਰ ਅਤੇ ਸਥਿਤੀਆਂ ਦੀ ਨਾਜੁਕਤਾ ਨੂੰ ਸਮਝਣ ਲੱਗ ਪਿਆ ਹੈ। ਗੋਰੇ ਦੀ ਅਜਿਹੀ ਸਥਿਤੀ ਜਿੱਥੇ ਉਸਦੇ ਘਰ ਪਰਿਵਾਰ ਦੀ ਆਰਥਿਕ ਤੇ ਤਰਸਯੋਗ ਹਾਲਤ ਨੂੰ ਦਰਸਾਉਂਦੀ ਹੈ, ਉਥੇ ਗੋਰੇ ਦੇ ਸੁਭਾਅ ਵਿਚ ਆਏ ਬਦਲਾਅ ਨੂੰ ਵੀ ਚਿਤਰਦੀ ਹੈ। ਗੋਰਾ ਇਸ ਔਖੀ ਸਥਿਤੀ ਵਿਚੋਂ ਪਹਿਲਾਂ ਵਾਂਗ ਭਜਦਾ ਨਹੀਂ, ਬਲਕਿ ਉਸ ਵਿਚ ਸਰੀਰਕ ਅਤੇ ਮਾਨਸਿਕ ਜਦੋਂ ਜਹਿਦ ਕਰਦਾ ਹੋਇਆ ਉਹ ਟੁੱਟੇ ਸਾਈਕਲ ਉਤੇ ਤੇਲ ਦੇ ਭਰੇ ਦੋ ਕੈਨਾਂ ਨੂੰ ਘੜੀਸ ਕੇ ਲਿਜਾਣ ਤੱਕ ਕਾਮਯਾਬ ਹੋ ਜਾਂਦਾ ਹੈ। ਘਰ ਪਹੁੰਚਕੇ ਵੀ ਉਹ ਅੱਕਿਆ ਥੱਕਿਆ ਹੋਣ ਤੇ ਭੁੱਖਾ ਹੋਣ ਕਰਕੇ ਉਹ ਮਾਂ ਨਾਲ ਨਹੀਂ ਕਰਦਾ ਬਲਕਿ ਜੋ ਕੁਝ ਰੁੱਖਾ-ਮਿੱਸਾ, ਠੰਢਾ ਖਾਣ ਨੂੰ ਮਿਲਦਾ ਹੈ ਖਾਕੇ ਧਰਵਾਸ ਕਰ ਲੈਂਦਾ ਹੈ। ਇਉਂ ਗੋਰੇ ਦੀ ਸਥਿਤੀ ਇਕ ਅਜਿਹਾ ਪ੍ਰਤੀਬਿੰਬ ਸਿਰਜਦੀ ਹੈ ਜਿਸਦਾ ਚਿਰ ਸਥਾਈ ਪਾਠਕਾਂ ਦੇ ਮਨ ਤੇ ਪ੍ਰਭਾਵ ਬਣਿਆ ਰਹਿੰਦਾ ਹੈ।

**ਪ੍ਰਸ਼ਨ:5** ਰੋਹੀ ਬੀਆਬਾਨ ਨਾਵਲ ਦੇ ਇੱਕ ਮਹੱਤਵਪੂਰਨ ਮਰਦ ਪਾਤਰਾਂ ਬਾਰੇ ਜਾਣ ਪਛਾਣ ਕਰਾਉ।

**ਉੱਤਰ** 'ਰੋਹੀ ਬੀਆਬਾਨ' ਨਾਵਲ ਵਿਚ ਗਿੰਦਰ ਇਕ ਮਹੱਤਵਪੂਰਨ ਪਾਤਰ ਹੈ ਜਿਹੜਾ ਛੋਟੀ ਕਿਰਸਾਣੀ ਦਾ ਪ੍ਰਤੀਨਿਧ ਪਾਤਰ ਹੈ। ਇਹ ਪਾਤਰ ਨਾਵਲ ਵਿਚ ਅਰੰਭ ਤੋਂ ਲੈ ਕੇ ਅੰਤ ਤਕ ਹਾਜਰ ਰਹਿੰਦਾ ਹੈ। ਲੇਖਕ ਨੇ ਇਸ ਪਾਤਰ ਦੀ ਘਰ ਪਰਿਵਾਰ ਦੀ ਸਥਿਤੀ ਰਾਹੀਂ ਜਿਥੇ ਗਿੰਦਰ ਨੂੰ ਵਿਅਕਤੀਗਤ ਤੌਰ ਤੇ ਚਿਤਰਿਆ ਹੈ ਉਥੇ ਇਸਨੂੰ ਪ੍ਰਤੀਕਾਤਮਕ ਪੱਧਰ ਉਤੇ ਛੋਟੀ ਕਿਰਸਾਣੀ ਦੇ ਪ੍ਰਤੀਰੂਪ ਵਜੋਂ ਸਿਰਜਿਆ ਹੈ। ਇਹ ਪਾਤਰ ਆਰਥਿਕ ਤੌਰ ਤੋਂ ਵੰਡ ਵਿਚ ਆਈ ਕੇਵਲ ਪੌਣਾ ਕਿਲਾ ਜ਼ਮੀਨ ਹੈ ਜਿਸਦੀ ਕਮਾਈ ਨਾਲ ਇਹ ਪੰਜ ਜੀਆਂ ਦੇ ਪਰਿਵਾਰ ਦਾ ਠੀਕ ਢੰਗ ਨਾਲ ਪਾਲਣ ਪੋਸ਼ਣ ਨਹੀਂ ਕਰ ਸਕਦਾ। ਜਿਸ ਕਰਕੇ ਇਹ ਮਾਨਸਿਕ ਕਲੇਸ਼ ਵਿਚੋਂ ਗੁਜ਼ਰਦਾ ਹੈ। ਹਿੱਸੇ ਠੇਕੇ ਤੇ ਜ਼ਮੀਨ ਲੈਕੇ ਵਾਹੁੰਦਾ ਹੈ। ਪਰੰਤੂ, ਬਿਨਾਂ ਸੀਰੀ ਤੋਂ ਕੰਮ ਕਰਨ ਕਰਕੇ ਘਰ ਅਤੇ ਖੇਤ ਦਾ ਦੂਹਰਾ ਕੰਮ ਕਰਨਾ ਇਕੱਲੇ ਬੰਦੇ ਲਈ ਸੰਭਵ ਨਹੀਂ। ਡੰਗਰ ਪਸ਼ੂਆਂ ਦੀ ਸਾਂਭ ਸੰਭਾਲ, ਖੇਤੋਂ ਕੱਖ ਲੈ ਕੇ ਆਉਣੇ, ਕੁਤਰਨੇ ਪਸ਼ੂਆਂ ਨੂੰ ਪੌਣੇ, ਪਸ਼ੂਆਂ ਨੂੰ ਧੁੱਪੇ ਛਾਵੇਂ ਕਰਨਾ, ਪਾਣੀ ਪਿਆਉਣਾ, ਗੋਹਾ ਕੂੜਾ ਸਿੱਟਣਾ, ਖੇਤ ਚਾਹ ਰੋਟੀ ਲੈ ਕੇ ਜਾਣਾ ਆਦਿ ਅਨੇਕਾਂ ਕੰਮ ਲੈਂਦੇ ਹਨ। ਜਿੰਨ੍ਹਾਂ ਦਾ ਬੋਝ ਗਿੰਦਰ ਅਤੇ ਮਹਿੰਦਰੋਂ ਚੁੱਕ ਨਹੀਂ ਸਕਦੇ ਜਿਸਦੇ ਫਲਸਰੂਪ ਉਨ੍ਹਾਂ ਨੂੰ ਨੌ ਦਸ ਸਾਲ ਦੇ ਗੋਰੇ ਨੂੰ ਘਰ ਦੇ ਕੰਮਾਂ ਲਈ ਕਸ਼ਟ ਦੇਣਾ ਪੈਂਦਾ ਹੈ। ਗੋਰੇ ਨੂੰ ਜਦੋਂ ਘਰ ਅਤੇ ਸਕੂਲ ਦੋਹੀ ਥਾਈਂ ਕੰਮ ਕਰਨਾ ਪੈਂਦਾ ਹੈ ਤਾਂ ਉਹ 'ਵੀਚਰ' ਜਾਂਦਾ ਹੈ। ਉਹ ਰੁੜੀ ਚੁੱਕਣ ਵਿਚ ਤੇ ਹੋਰ ਕੰਮਾਂ ਵਿਚ ਲਾਪ੍ਰਵਾਹੀ ਵਰਤਦਾ ਅਕਸਰ ਘਰੋਂ ਲੁਕਦਾ ਰਹਿੰਦਾ ਹੈ। ਉਹ ਘਰੋਂ ਭੱਜਕੇ ਖੇਡਣ ਚਲਾ ਜਾਂਦਾ ਹੈ। ਪਰੰਤੂ ਕੰਮਾ-ਕਾਰਾਂ ਦਾ ਬੋਝ ਗਿੰਦਰ ਨੂੰ ਬੱਚਿਆਂ ਪ੍ਰਤੀ ਨਿਸ਼ਠਰ ਤੇ ਅਮਾਨਵੀ ਬਣਾ ਦਿੰਦਾ ਹੈ ਜਿਸ ਕਰਕੇ ਉਹ ਗੋਰੇ ਨੂੰ ਆਖੇ ਨਾ ਲੱਗਣ 'ਤੇ ਪਰਾਣੀਆਂ ਨਾਲ ਕੁਟਦਾ ਹੈ। ਕੁੱਟਣ ਤੋਂ ਪਿਛੋਂ ਜਦੋਂ ਗੋਰੇ ਨੂੰ ਬੁਖਾਰ ਚੜ੍ਹ ਜਾਂਦਾ ਹੈ ਤਾਂ ਉਸਦੇ ਅੰਦਰ ਮੋਹ ਦੀ ਭਾਵਨਾ ਜਾਗਦੀ ਹੈ ਉਹ ਗੋਰੇ ਨੂੰ ਗੋਦੀ ਚੁੱਕਕੇ ਡਾਕਟਰ ਕੋਲ ਲੈ ਜਾਂਦਾ ਹੈ। ਉਸ ਕੋਲ ਡਾਕਟਰ ਨੂੰ ਦੁਆਈ ਦੇ ਪੈਸੇ ਦੇਣ ਦੀ ਪੁੱਜਤ ਨਹੀਂ ਹੁੰਦੀ ਜਿਸ ਕਰਕੇ ਉਹ ਡਾਕਟਰ ਨਾਲ ਵੀ ਹੁਦਾਰ ਕਰਦਾ ਹੈ। ਉਸਦੀਆਂ ਪਿੰਜਣੀਆਂ ਉਤੇ ਨਾੜਾਂ ਉਭਰ ਆਈਆਂ ਹਨ। ਚਿਹਰਾ ਵੀ ਢਲ ਗਿਆ ਹੋਇਆ ਹੈ। ਕੱਪੜੇ ਵੀ ਪਹਿਨਣ ਲਈ ਪੂਰੇ ਨਹੀਂ। ਜਿਸ ਹਾਲਤ ਵਿਚ ਉਹ ਡਾਕਟਰ ਕੋਲ ਮੈਲੇ ਕੁਚੈਲੇ ਜਿਹੇ ਕੱਛੇ ਨੂੰ ਪਾਕੇ ਜਾਂਦਾ ਹੈ ਉਸ ਤੋਂ ਪਾਠਕਾਂ ਨੂੰ ਇਕ ਘਿਣ ਜਿਹੀ ਦੇ ਨਾਲ ਉਸਦੀ ਸਥਿਤੀ ਤੇ ਤਰਸ ਵੀ ਆਉਂਦਾ ਹੈ। ਇਹ ਇਕ ਮਿਹਨਤੀ ਇਮਾਨਦਾਰ ਪਰ ਮਾਨਸਿਕ ਤੌਰ ਤੇ ਕਮਜ਼ੋਰ ਪਾਤਰ ਹੈ। ਭਰਾ ਦੇ ਮਰਨ ਪਿਛੋਂ ਜਦੋਂ ਦੂਜੀ ਵਾਰੀ ਪਰਿਵਾਰ ਨਾਲ ਇਕੱਠੇ ਹੁੰਦੇ ਹਨ ਤਾਂ ਉਸ ਵਿਚ ਉਸਦੀ ਕਰਜਾ ਲਾਹੁਣ ਦੀ ਨੀਤ ਸ਼ਾਮਲ ਹੁੰਦੀ ਹੈ। ਦੂਜੀ ਕਮੀਨਗੀ ਉਸਦੀ ਉਦੋਂ ਪ੍ਰਗਟ ਹੁੰਦੀ ਹੈ ਜਦੋਂ ਉਹ ਮਹਿੰਦਰੋ ਨੂੰ ਇਸ਼ਾਰੇ ਮਾਤਰ ਇਹ ਕਹਿਣ ਤੋਂ ਸੰਕੋਚ ਨਹੀਂ ਕਰਦਾ ਕਿ ਉਹ ਕਿਸੇ ਨਾਲ ਲਾਕੇ ਕੱਟਣ ਵਾਲੀ ਨਹੀਂ। ਜਦੋਂ ਮਹਿੰਦਰੋ ਘੋਅਟੀ ਅਤੇ ਜੈਲੇ ਦੀ ਪਤਨੀ ਬਣ ਕੇ ਰਹਿਣ ਲਈ ਤਿਆਰ ਨਹੀਂ ਹੁੰਦੀ ਤਾਂ ਗਿੰਦਰ ਇਸ ਗੱਲ ਤੋਂ ਦੁਖੀ ਹੋਕੇ ਇਹ ਗੱਲ ਇਸ਼ਾਰਾ ਮਾਤਰ ਕਰਦਾ ਹੈ। ਗਿੰਦਰ ਦੀ ਤੀਜੀ ਵੱਡੀ ਕਮਜ਼ੋਰੀ ਚੋਰੀ, ਘਰ ਦੀ ਸ਼ਰਾਬ ਕੱਢਣ ਵਾਲੀ ਹੈ। ਇਸਦੇ ਨਾਲ ਹੀ ਉਹ ਇਸ ਵਿਚ ਗੋਰੇ ਨੂੰ ਵੀ ਭਾਈਵਾਲ ਬਣਾਉਂਦਾ ਹੈ। ਉਸਨੂੰ ਵੀ ਉਨ੍ਹਾਂ ਸਾਰੀਆਂ ਆਦਤਾਂ ਦਾ ਆਦੀ ਬਣਾ ਦਿੰਦਾ

ਹੈ ਜਿਹੜੀਆਂ ਉਹ ਆਪ ਕਰਦਾ ਰਿਹਾ ਹੈ। ਗੁਆਂਢੀ ਘਰੋਂ ਪਟਾ ਚੁੱਕਣ ਵਾਲੀ ਘਟਨਾ ਇਸੇ ਕਰਕੇ ਵਾਪਰਦੀ ਹੈ। ਇਹੀ ਕਾਰਨ ਹੈ ਕਿ ਉਸਨੂੰ ਗੋਰੇ ਦੀ ਨਿੱਕੀ ਮੋਟੀ ਚੋਰੀ ਕਪਾਹ ਵਗੈਰਾ ਚੁਗਣਾ, ਜਾਂ ਚੋਰੀ ਡੰਗਰ ਚਾਰਨ ਦੀ ਕੋਈ ਨਮੋਸ਼ੀ ਨਹੀਂ ਹੁੰਦੀ। ਉਹ ਖੇਤ ਦਾ ਹਰਜਾਨਾ ਭਰਨ ਲਈ ਤਾਂ ਤਿਆਰ ਹੈ ਪਰ ਗੋਰੇ ਨੂੰ ਉਸ ਕਦਰ ਸਮਝਾਉਂਦਾ ਨਹੀਂ ਜਿਸ ਕਦਰ ਉਸਨੂੰ ਸਮਝਾਉਣਾ ਚਾਹੀਦਾ ਹੈ। ਇਸ ਤੋਂ ਇਹ ਪਤਾ ਲਗਦਾ ਹੈ ਕਿ ਨਿਮਨ ਕਿਰਸਾਣੀ ਦੀਆਂ ਤੰਗੀਆਂ ਤੁਰਸ਼ੀਆਂ ਕਰਕੇ ਇਹੋ ਜਿਹੀਆਂ ਨਿੱਕੀਆਂ ਮੋਟੀਆਂ ਕਮਜ਼ੋਰੀਆਂ ਉਨ੍ਹਾਂ ਵਿਚ ਆਮ ਆ ਜਾਂਦੀਆਂ ਹਨ। ਇਉਂ ਗਿੰਦਰ ਜਿਥੇ ਮਿਹਨਤੀ ਈਮਾਨਦਾਰ ਅਤੇ ਸਾਊ ਸੁਭਾਅ ਵਾਲਾ ਤੇ ਇਕ ਕਮਜ਼ੋਰ ਕਿਸਮ ਦਾ ਪਾਤਰ ਹੈ, ਉੱਥੇ ਆਪਣੀ ਜਮਾਤ ਦੀਆਂ ਕਮਜ਼ੋਰੀਆਂ ਉਸਦੇ ਸੁਭਾਅ ਵਿਚੋਂ ਉਘੜਕੇ ਸਾਹਮਣੇ ਆਉਂਦੀਆਂ ਹਨ। ਉਹ ਚਾਹੁੰਦਾ ਹੈ ਕਿ ਗੋਰਾ ਕਿਸੇ ਕੰਮ ਨੂੰ ਹੱਥ ਪਾਵੇ। ਗੋਰਾ ਜਦੋਂ ਸਕੂਲੋਂ ਹਟ ਜਾਂਦਾ ਹੈ ਤਾਂ ਗਿੰਦਰ ਉਸ ਤੋਂ ਖੇਤੀ ਦਾ ਔਖਾ ਕੰਮ ਇਸ ਲਈ ਕਰਵਾਉਂਦਾ ਹੈ ਕਿ ਗੋਰਾ ਪੜ੍ਹਾਈ ਵੱਲ ਮੂੰਹ ਕਰੇ। ਪਰ ਗੋਰਾ ਖੇਤੀ ਦੇ ਕਠਿਨ ਕੰਮ ਨੂੰ ਪੜ੍ਹਾਈ ਨਾਲੋਂ ਵਧੇਰੇ ਦਿਲ ਨਾਲ ਕਰਦਾ ਹੈ ਕਿਉਂਕਿ ਇਸ ਤਰ੍ਹਾਂ ਉਸਦੀਆਂ ਸਰੀਰਕ ਅਤੇ ਮਾਨਸਿਕ ਸੰਭਾਵਨਾਵਾਂ ਉਜਾਗਰ ਹੁੰਦੀਆਂ ਹਨ। ਗਿੰਦਰ ਗੋਰੇ ਨੂੰ ਬਾਹਰ ਭੇਜਣ ਲਈ ਵੀ ਆਪਣੇ ਵਿਤ ਅਨੁਸਾਰ (ਕਰਜ਼ਾ ਲੈ ਕੇ ਭੇਜਦਾ ਹੈ) ਤੇ ਸਥਿਤੀ ਦੀ ਕਠੋਰਤਾ ਵਿਚੋਂ ਉਸਨੂੰ ਸੀਰੀ ਰਲਣ ਲਈ ਵੀ ਮਜ਼ਬੂਰ ਕਰਦਾ ਹੈ। ਇਉਂ ਇਹ ਪਾਤਰ ਵਿਅਕਤੀਗਤ ਤੇ ਘੱਟ ਬਲਕਿ ਕਠੋਰ ਸਥਿਤੀਆਂ ਦੀ ਉਪਜ ਵਧੇਰੇ ਹੈ ਜਿਹੜੀ ਉਸਨੂੰ ਕਠੋਰ ਨਿਰਦਈ ਅਤੇ ਨਿਸ਼ਠਰ ਬਣਾ ਦਿੰਦੀਆਂ ਹਨ।

**ਪ੍ਰਸ਼ਨ: 6** ਲੇਖਕ ਦੀ ਭਾਸ਼ਾ ਸ਼ੈਲੀ ਬਾਰੇ ਜਾਣ ਪਛਾਣ ਕਰਾਉ।

**ਉੱਤਰ** ਭਾਸ਼ਾ ਕੇਵਲ ਸੰਚਾਰ ਦਾ ਮਾਧਿਅਮ ਹੀ ਨਹੀਂ ਬਲਕਿ ਸਮੁੱਚੀ ਸਰੰਚਨਾ ਅਨੁਸਾਰ ਆਪਣਾ ਨਵਾਂ ਰੂਪ ਵੀ ਗ੍ਰਹਿਣ ਕਰਦੀ ਹੈ, ਜਿਸ ਪ੍ਰਕਾਰ ਦੀ ਲੇਖਕ ਦੀ ਸ਼ਖਸੀਅਤ ਹੋਏਗੀ ਉਸੇ ਪ੍ਰਕਾਰ ਦੀ ਉਸਦੀ ਭਾਸ਼ਾ ਜਾਂ ਲਿਖਣ ਢੰਗ ਹੋਏਗਾ। ਹਰ ਲੇਖਕ ਦੀ ਭਾਸ਼ਾ ਅਤੇ ਲਿਖਣ ਢੰਗ ਦੂਸਰੇ ਲੇਖਕ ਨਾਲੋਂ ਵੱਖਰਾ ਹੁੰਦਾ ਹੈ। ਭਾਸ਼ਾ ਦਾ ਸੰਬੰਧ ਲੇਖਕ ਦੇ ਵਿਚਾਰਾਂ ਦੀ ਅਭਿਵਿਅਕਤੀ ਨਾਲ ਹੁੰਦਾ ਹੈ। ਉਸਦੇ ਵਿਚਾਰ ਉਸਦੇ ਪ੍ਰਾਪਤ ਕੀਤੇ ਗਿਆਨ ਅਤੇ ਅਨੁਭਵ ਰਾਹੀਂ ਹੋਂਦ ਵਿਚ ਆਉਂਦੇ ਹਨ। ਇਸ ਤਰ੍ਹਾਂ ਕਿਸੇ ਵੀ ਲੇਖਕ ਦੀ ਵਰਤੋਂ ਵਿਚ ਲਿਆਂਦੀ ਭਾਸ਼ਾ ਸ਼ੈਲੀ ਉਸਦੀ ਅੱਡਰੀ ਪਹਿਚਾਣ ਬਣਾਉਂਦੀ ਹੈ। ਭਾਸ਼ਾ ਆਮ ਤੌਰ ਤੇ ਤਿੰਨ ਕਾਰਜ ਨਿਭਾਉਂਦੀ ਹੈ ਪਹਿਲਾਂ ਵਰਣਨਾਤਮਕ ਦੂਜੀ ਵਿਧੀ ਬਿਰਤਾਂਤਕ ਅਤੇ ਤੀਜੀ ਵਾਰਤਾਲਾਪੀ। ਭਾਸ਼ਾ ਦਾ ਪ੍ਰਯੋਗ ਨਾਵਲ ਦੀ ਵਿਧੀ ਅਨੁਸਾਰ ਹੋਂਦ ਵਿਚ ਆਉਂਦਾ ਹੈ।

'ਰੋਹੀ ਬੀਆਬਾਨ' ਨਾਵਲ ਯਥਾਰਥਵਾਦੀ ਧਾਰਾ ਦਾ ਨਾਵਲ ਹੈ ਇਸ ਵਿਚ ਲੇਖਕ ਦੀ ਸ਼ੈਲੀ ਵੀ ਯਥਾਰਥਵਾਦੀ ਹੈ। ਉਸਨੇ ਨਾਵਲ ਵਿਚ ਇਕ ਪ੍ਰੌੜ ਗਲਪਕਾਰ ਵਜੋਂ ਵਰਣਾਤਮਕ ਅਤੇ ਵਿਸ਼ਲੇਸ਼ਣਾਤਮਕ ਵਿਧੀ ਦਾ ਪ੍ਰਯੋਗ ਕੀਤਾ ਹੈ। ਲੇਖਕ ਨੇ ਯਥਾਰਥਵਾਦੀ ਪਾਤਰਾਂ ਦੀ ਸਿਰਜਣਾ ਕੀਤੀ ਹੈ ਜਿਸ ਕਰਕੇ ਉਸਦੇ ਪਾਤਰ ਯਥਾਰਥਵਾਦੀ ਭਾਸ਼ਾ ਦਾ ਪ੍ਰਯੋਗ ਕਰਦੇ ਹਨ। ਇਹੀ ਕਾਰਨ ਹੈ ਕਿ ਨਾਵਲ ਪੜ੍ਹਦਿਆਂ ਕਿਧਰੇ ਅਕਾਊ ਨਹੀਂ ਜਾਪਦਾ ਉਸਦੇ ਨਾਵਲ ਰੋਹੀ ਬੀਆਬਾਨ ਵਿਚ ਉਸਦਾ ਵਰਣਨ ਸੂਚਨਾ ਦੀ ਪੱਧਰ ਤੇ ਨਹੀਂ ਬਲਕਿ ਪ੍ਰਕਾਰ ਜੀ ਰੂਪ ਵਿਚ ਪੇ ਸ਼ ਹੋਇਆ ਹੈ। ਲੇਖਕ ਲੱਗਭੱਗ ਸਾਰੇ ਪਾਤਰਾਂ ਦੇ ਸਰੀਰਕ, ਮਾਨਸਿਕ ਪੱਧਰ ਨੂੰ ਸਿਰਜਣ ਲਈ ਇਕ ਅਜਿਹਾ ਗਲਪ ਬਿੰਬ ਸਿਰਜਦਾ ਹੈ ਜਿਸ ਰਾਹੀਂ ਪਾਤਰ ਦੀ ਸਰੀਰਕ, ਮਾਨਸਿਕ ਬਣਤਰ ਅਤੇ ਸਥਿਤੀ ਬਾਰੇ ਪੂਰਨ ਰੂਪ ਵਿਚ ਪਹਿਚਾਣ ਹੋ ਜਾਂਦੀ ਹੈ। ਮਹਿੰਦਰੋਂ ਦੇ ਕਿਰਦਾਰ ਨੂੰ ਲੇਖਕ ਨੇ ਨਾਵਲ ਦੇ ਅਰੰਭ ਵਿਚ ਹੀ ਅਜਿਹਾ ਚਿਤਰਤ ਕੀਤਾ ਹੈ ਕਿ ਉਸਦੀ ਸ਼ਕਲ ਸੂਰਤ ਦੇ ਨਾਲ ਉਸ ਦੀ ਮਾਨਸਿਕ ਸਥਿਤੀ ਪੂਰਨ ਰੂਪ ਵਿਚ ਸਾਹਮਣੇ ਆ ਜਾਂਦੀ ਹੈ। ਲੇਖਕ ਨੇ ਭਾਸ਼ਾ ਦਾ ਪ੍ਰਯੋਗ ਪਾਤਰਾਂ ਦੇ ਅਨੁਕੂਲ ਕਰਨ ਕਰਕੇ ਮਾਲਵਾ ਖੇਤਰ ਦੀ ਠੇਠ ਮੁਹਾਵਰੇ ਵਾਲੀ ਭਾਸ਼ਾ ਦਾ ਪ੍ਰਯੋਗ ਕੀਤਾ ਹੈ। ਮਾਲਵਾ ਖੇਤਰ ਦੇ ਅਖਾਣ ਮੁਹਾਵਰੇ ਅਤੇ ਗਾਲ੍ਹਾਂ ਵਾਲੀ ਸ਼ਬਦਾਵਲੀ ਦੀ ਢੁੱਕਵੀ ਅਤੇ ਪਾਤਰਾਂ ਦੇ ਕਿਰਦਾਰ ਨੂੰ ਪੇਸ਼ ਕਰਨ ਵਾਲੀ ਹੈ। ਮਹਿੰਦਰੋਂ ਦੀਆਂ ਗਾਲ੍ਹਾਂ ਅਤੇ ਉਸਦਾ ਮੁਹਾਵਰਾ ਉਸਦੇ ਮੂੰਹੋਂ ਇਉਂ ਝਰਦਾ ਹੈ ਜਿਵੇਂ ਉਸਦੇ ਅੰਦਰੋਂ ਕੋਈ ਆਪ ਮੁਹਾਰਾ ਚਸ਼ਮਾ ਫੁਟਿਆ ਹੋਵੇ। ਕਿਧਰੇ ਵੀ ਕੋਈ ਸ਼ਬਦ ਜਾਂ ਗਾਲ੍ਹ, ਅੱਖਰ ਦੀ ਨਹੀਂ। ਉਸਦਾ ਬੋਲਿਆ ਕੋਈ ਵਾਕ ਅਧੂਰਾ ਜਾਂ ਅਢੁੱਕਵਾਂ ਨਹੀਂ ਜਾਪਦਾ। ਬਲਕਿ ਨਾਵਲ ਨੂੰ ਪੜ੍ਹਨ ਲਈ ਉਤਸੁਕਤਾ ਜਾਗਦੀ ਹੈ।

ਵਾਰਤਾਲਾਪਾਂ ਦੀ ਚੋਣ ਕਰਨ ਲਗਿਆਂ ਵੀ ਕਰਮਜੀਤ ਸਿੰਘ ਕੁੱਸੇ ਨੇ ਬੜੇ ਸੰਜਮ ਅਤੇ ਸੰਖੇਪਤਾ ਤੋਂ ਕੰਮ ਲਿਆ ਹੈ। ਉਸਨੇ ਮਲਵਈ ਰੰਗ ਵਾਲੇ ਸੰਖੇਪ ਅਤੇ ਚੁਸਤ ਵਾਰਤਾਲਾਪਾਂ ਦੀ ਵਰਤੋਂ ਕੀਤੀ ਹੈ। ਜਿਸ ਕਰਕੇ ਉਸਦੇ ਵਾਰਤਾਲਾਪਾ ਦਾ ਮੁਹਾਵਰਾ ਆਂਚਲਿਕਤਾ ਵਾਲਾ ਹੈ। ਇਸ ਨਾਵਲ ਵਿਚ ਲੇਖਕ ਨੇ ਪਾਤਰਾਂ ਦੇ ਜਾਤੀ ਅਤੇ ਜਮਾਤੀ ਪੱਧਰ ਅਨੁਕੂਲ ਆਂਚਲਿਕ ਸੁਭਾਅ ਨੂੰ ਪੇਸ਼ ਕਰਦਿਆਂ ਪਾਤਰਾਂ ਦੀਆਂ ਮਾਨਸਿਕ ਸਥਿਤੀਆਂ ਨੂੰ ਯਥਾਰਥ ਰੂਪ ਵਿਚ ਪੇਸ਼ ਕੀਤਾ ਹੈ। ਭਾਸ਼ਾ ਦੇ ਮੁਹਾਂਦਰੇ ਨੂੰ ਸਮਝਣ ਲਈ ਹੇਠਾਂ ਉਦਾਹਰਨ ਦਿਤੀ ਜਾਂਦੀ ਹੈ। ਮਹਿੰਦਰੋਂ ਦੇ ਆਪਣੀ ਸੱਸ ਪ੍ਰਤੀ ਰਵੱਈਆਂ ਵਿਚੋਂ ਭਾਸ਼ਾ ਵੇਖਣ ਵਾਲੀ ਹੈ।

"ਪਤਾ ਨ੍ਹੀ ਕਿਹੋ ਜੀ ਮੁੰਨੜੀ-ਖੁਥੜੀ ਦੀ ਜੜੀਐ, ਜਮਾਂ ਕਿਹੜਾ ਭਾਉਂਦੀ ਹੈ! ਪੁੱਤਾਂ ਦਾ ਵੱਗ ਜੰਮ ਲਿਆ। ਇਹਨਾਂ ਕੰਜਰਾਂ ਨੂੰ ਵਿਆਹ ਵੀ ਫੂਕ ਵੀ।........ ਵਿਆਹੁਣ ਨੂੰ ਇਹਨਾਂ ਨੂੰ ਜਣੀ ਆਹਲੂਵਾਲੀਏ ਦੀ ਧੀ ਦੇ ਡੋਲੇ ਆਉਂਦੇ ਐ; ਇਹ ਖਵਨੀ ਮੇਰੇ ਪਿਉ ਦੇ ਸਿਰ ਕੀ ਸੁਆਹ ਪੈਗੀ।......... ਪਰ ਉਹਨੂੰ ਦਰਵੇਸ਼ ਨੂੰ ਕੀਹਨੇ ਪੁਛਿਆ ਸੱਪ ਤਾਂ ਲੜਿਆ, ਉਜੜ ਜਾਣੇ ਚਾਚੇ ਦੇ! ਅਹੁ ਨੂੰ ਕੁੱਤੀ ਕਮਜਾਤ ਭੂਆ ਨੇ ਹੱਥ ਤੇ ਚੜ੍ਹਾ ਲਿਐ। ਹੁਣ ਕਿਤੇ ਜਾ ਵੱਢੀ ਨੇ ਭੁਲਕੇ ਬੱਤੀ ਨ੍ਹੀ ਬਾਲੀ।

ਨੋਟ :- ਇਸੇ ਤਰ੍ਹਾਂ ਦੀ ਉਦਾਹਰਨਾਂ ਪਾਤਰਾਂ ਬਾਰੇ, ਵਿਸ਼ੇ ਬਾਰੇ, ਅੰਤ ਕਥਾਨਕ ਬਾਰੇ ਵੀ ਦਿੱਤੀਆਂ ਜਾ ਸਕਦੀਆਂ ਹਨ।

## ਛੋਟੇ ਪ੍ਰਸ਼ਨਾਂ ਵਾਲੇ ਉਤਰ

**ਪ੍ਰਸ਼ਨ:1** ਰੋਹੀ ਬੀਆਬਾਨ ਦੇ ਸਿਰਲੇਖ ਬਾਰੇ ਲਿਖੋ?

**ਉਤਰ** ਰੋਹੀ ਬੀਆਬਾਨ ਤੋਂ ਭਾਵ ਹੈ ਜਿਥੇ ਦੂਰ ਤੱਕ ਬਨਸਪਤੀ ਜਾਂ ਹੋਰ ਕੋਈ ਜੀਵ ਜੰਤੂ ਨਾ ਹੋਵੇ। ਚਾਰੇ ਪਾਸੇ ਇਕ ਸੁੰਨ ਤੇ ਹਨ੍ਹੇਰ ਪਸਰਿਆ ਹੋਵੇ। ਲੇਖਕ ਨੇ ਸਿਰਲੇਖ ਦੀ ਸਿਰਜਣਾ ਪ੍ਰਤੀਕਾਤਮਕ ਪੱਧਰ ਉਤੇ ਕੀਤੀ ਹੈ। 'ਰੋਹੀ ਬੀਆਬਾਨ' ਸਿਰਲੇਖ ਵਿਸ਼ਾ ਵਸਤੂ ਅਤੇ ਲੇਖਕ ਦੇ ਦ੍ਰਿਸ਼ਟੀਕੋਣ ਅਨੁਸਾਰ ਢੁੱਕਵਾਂ ਅਤੇ ਭਾਵਪੂਰਤ ਹੈ। ਇਸ ਵਿਚ ਲੇਖਕ ਨੇ ਛੋਟੀ ਕਿਰਸਾਣੀ ਦੇ ਭਵਿਖ ਨੂੰ ਪੇਸ਼ ਕਰਨ ਦਾ ਯਤਨ ਕੀਤਾ ਹੈ। ਗੋਰਾ, ਮਹਿੰਦਰੋਂ ਅਤੇ ਗਿੰਦਰ ਅਜਿਹੀਆਂ ਸਥਿਤੀਆਂ ਦੀ ਸਿਰਜਣਾ ਕਰਦੇ ਹਨ ਜਿਨ੍ਹਾਂ ਵਿਚੋਂ ਨਿਕਲਣ ਲਈ ਕੋਈ ਰਾਹ ਨਹੀਂ ਹੈ। ਉਨ੍ਹਾਂ ਦਾ ਆਰਥਿਕ ਸੰਕਟ ਐਨਾ ਡੂੰਘਾ ਹੈ ਕਿ ਜਿਸ ਵਿਚੋਂ ਨਿਕਲਣ ਲਈ ਕੋਈ ਹਾਂ ਪੱਖੀ ਸ਼ਕਤੀਆਂ ਦੇ ਉਭਰਨ ਦੀ ਸੰਭਾਵਨਾ ਨਹੀਂ। ਇਸ ਪਰਿਵਾਰ ਦੀ ਆਰਥਿਕ ਮੰਦਹਾਲੀ ਭੂਮੀਹੀਣ ਹੋ ਰਹੀ ਪੰਜਾਬ ਦੀ ਛੋਟੀ ਕਿਰਸਾਣੀ ਨਾਲ ਜੁੜੀ ਹੋਈ ਹੈ।

**ਪ੍ਰਸ਼ਨ:2** ਮਲਵਈ ਭਾਸ਼ਾ ਦੇ ਆਂਚਲਿਕ ਮੁਹਾਵਰੇ ਨੂੰ ਪੇਸ਼ ਕਰਨ ਵਾਲੇ ਚਾਰ ਅਖਾਣ, ਮੁਹਾਵਰੇ ਤੇ ਉਨ੍ਹਾਂ ਦੇ ਅਰਥ ਲਿਖੋ?

**ਉਤਰ**

| | | |
|---|---|---|
| ਅੰਨ੍ਹੀ ਪੀਹਵੇ ਕੁੱਤਾ ਚੱਟੇ | - | ਅਨੁਸ਼ਾਸਨ ਦੀ ਕਮੀ |
| ਅੰਨ੍ਹਾ ਜੁਲਾਹਾ ਮਾਂ ਨਾਲ ਮਸ਼ਕਰੀਆਂ | - | ਰਿਸ਼ਤਿਆਂ ਦੀ ਸੋਝੀ ਨਾ ਹੋਣਾ |
| ਡਾਢੇ ਦਾ ਸੱਤੀ ਬੀਹੀ ਸੌ | - | ਧੱਕਾ ਸਹਿਣਾ/ਧੱਕਾ ਕਰਨਾ |
| ਡੰਡੇ ਵਜਾਉਂਦੇ ਫਿਰਨਾ | - | ਵਿਹਲੇ ਫਿਰਨਾ |
| ਟੁੱਕ ਤੇ ਡੇਲਾ ਸਮਝਣਾ | - | ਬੁਧੂ ਸਮਝਣਾ |
| ਸੱਥਰੀ ਪਾਉਣੀ | - | ਭਾਈ ਵਾਲੀ ਪਾਉਣੀ |
| ਲੱਲ੍ਹਰ ਲਾਉਣਾ | - | ਚੰਦ ਚੜ੍ਹਾਉਣਾ, ਨਾ ਕਰਨਾ |
| ਤਵੇ ਤੇ ਅੱਗ ਮਚਾਉਣੀ | - | ਕਾਹਲੀ ਕਰਨੀ |

**ਪ੍ਰਸ਼ਨ:3** ਗੋਰੇ ਨੂੰ ਪਈ ਕੁੱਟ ਪਿਛੋਂ ਮਹਿੰਦਰੋਂ ਦੀ ਮਾਨਸਿਕ ਦਸ਼ਾ ਕਿਹੋ ਜਿਹੀ ਸੀ ਉਸ ਬਾਰੇ ਲਿਖੋ?

**ਉਤਰ** ਮਹਿੰਦਰੋਂ ਦਾ ਮਨ ਮੋਮ ਵਾਂਗ ਪਿੰਘਲ ਜਾਂਦਾ ਹੈ ਉਹ ਫੁੱਲੜੀ ਵਾਲੀ ਕੌਲੀ 'ਚ ਦਾਲ ਪਾਕੇ ਪਤੀਲੇ ਦਾ ਢੱਕਣ ਚੁੱਕੇ ਕੇ ਰੋਟੀਆਂ ਪਕਾਉਂਦੀ ਗੋਰੇ ਨੂੰ ਬੁਸ਼ਕਾਰਦੀ ਹੋਈ ਕਹਿੰਦੀ ਹੈ "ਖਾ ਲੈ ਮੇਰਾ ਪੁੱਤ ਬਣਕੇ।' ਗੋਰਾ

ਭਾਵੇਂ ਦੂਜੇ ਪਾਸੇ ਮੂੰਹ ਭੰਵਾ ਲੈਂਦਾ ਹੈ ਪਰੰਤੂ ਮਹਿੰਦਰੋਂ ਉਸ ਅਗੇ ਕੋਡੀ ਹੋਈ ਖੜ੍ਹੀ ਹੈ। ਫੇਰ ਮੋਹ ਭਿਜੇ ਬੋਲ ਨਾਲ ਕਹਿੰਦੀ ਹੈਃ ''ਖਾ ਲੈ ਮੇਰਾ ਪੁੱਤ! ਇਹ ਤਾਂ ਮੇਰਾ ਪੁੱਤ ਬਾਹਲਾ ਸਿਆਣੈ। ਲਿਆ, ਦੇਖਾਂ ਕਿਥੇ ਸੱਟ ਵੱਜੀ ਮੇਰੇ ਪੁੱਤ ਦੇ ਹੱਥ ਤੇ!" ਮਹਿੰਦਰੋਂ ਦਾ ਮਨ ਪੂਰੀ ਤਰ੍ਹਾਂ ਪੰਘਰਿਆ ਹੋਇਆ ਹੈ। ਗੋਰਾ ਭਾਵੇਂ ਆਪਣਾ ਹੱਥ ਛਡਾ ਲੈਂਦਾ ਹੈ। ਪਰ ਮਹਿੰਦਰੋਂ ਦੀ ਮਜ਼ਬੂਰੀ, ਬੇਵਸੀ ਤੇ ਮਮਤਾ ਇਕ ਰੂਪ ਹੋਕੇ ਜਦੋਂ ਉਸਦੀ ਮਿੰਨਤ ਕਰਦੀ ਹੈ ਤਾਂ ਪਾਠਕ ਦਾ ਮਨ ਪੂਰੀ ਤਰ੍ਹਾਂ ਦ੍ਰਵ ਜਾਂਦਾ ਹੈ ਜਦੋਂ ਕਹਿੰਦੀ ਹੈ,' ਦੁਸਟਿਆ-ਵਿਆ ਖਾ ਲੈ ! ਨਾ ਆਤਮਾ ਤਪਾ ਤਾਂ ਸੰਤਾਪ ਉਪਜਦਾ।

**ਪ੍ਰਸ਼ਨ: 4** ਮਹਿੰਦਰੋਂ ਦੀ ਆਪਣੀ ਸੱਸ ਨਾਲ ਨਾ ਬਣਨ ਦੇ ਕਾਰਨ ਦੱਸੋ?

**ਉੱਤਰ** ਨੂੰਹ ਸੱਸ ਦੀ ਆਪਸ ਵਿਚ ਨਾ ਬਣਨ ਦਾ ਮੁਢਲਾ ਕਾਰਨ ਤਾਂ ਇਹ ਸੀ ਕਿ ਮਹਿੰਦਰੋਂ ਦੀ ਸੱਸ ਦਾ ਸੁਭਾਅ ਚੰਗਾ ਨਹੀਂ ਸੀ ਉਹ ਸਾਰਾ ਦਿਨ ਕਿੜ ਕਿੜ ਕਰਦੀ ਮਹਿੰਦਰੋਂ ਨੂੰ ਦੇਖ ਨਹੀਂ ਸੀ ਹੰਡਦੀ। ਦੂਜਾ ਵੱਡਾ ਕਾਰਨ ਉਸਦੇ ਪਰਿਵਾਰ ਦੇ ਕਈ ਜੀਆਂ ਦਾ ਹੋਣਾ ਵੀ ਉਸਦੀ ਸੱਸ ਲਈ ਖਰਚੇ ਦਾ ਵੱਡਾ ਕਾਰਨ ਸੀ ਜਿਸ ਕਰਕੇ ਉਹ ਗੋਰੇ ਨੂੰ ਇੱਕ ਆਂਡਾਂ ਦੇਣ ਬਦਲੇ ਵੀ ਗੋਰੇ ਨਾਲ ਲੜਾਈ ਝਗੜਾ ਕਰਦੀ ਹੈ। ਤੀਜਾ ਵੱਡਾ ਕਾਰਨ ਸੀ ਉਸਦੇ ਦੋ ਪੁੱਤਾਂ ਦਾ ਵਿਆਹੇ ਨਾ ਜਾਣਾ ਛੜੇ ਰਹਿ ਜਾਣਾ। ਉਸਦੀ ਸੱਸ ਚਾਹੁੰਦੀ ਸੀ ਮਹਿੰਦਰੋਂ ਉਸਦੇ ਦੂਜੇ ਪੁੱਤਾਂ ਨਾਲ ਲਾਕੇ ਖਾਵੇ। ਜਦੋਂ ਉਸਨੂੰ ਇਸ ਗੱਲ ਦਾ ਵਿਸ਼ਵਾਸ਼ ਹੋ ਜਾਂਦਾ ਹੈ ਕਿ ਉਹ ਉਹਦੇ ਪੁੱਤਾਂ ਨੂੰ ਟੁੱਕ ਤੇ ਡੇਲਾ ਸਮਝਦੀ ਹੈ ਤਾਂ ਘਰ ਵਿਚ ਅਜਿਹੀ ਸਥਿਤੀ ਪੈਦਾ ਕਰ ਦਿੰਦੀ ਹੈ ਜਿਸ ਤੋਂ ਅੱਕ ਕੇ ਉਹ ਦੁਬਾਰਾ ਅੱਡ ਹੋ ਜਾਂਦੇ ਹਨ।

**ਨੋਟ** : ਨਾਵਲ ਵਿਚੋਂ ਪਾਤਰਾਂ ਬਾਰੇ, ਘਟਨਾਵਾਂ, ਬਾਰੇ ਅਤੇ ਸਥਿਤੀਆਂ ਬਾਰੇ, ਪਾਤਰਾਂ ਦੇ ਸੰਬੰਧਾਂ ਬਾਰੇ ਛੋਟੇ ਪ੍ਰਸ਼ਨ ਪੁੱਛੇ ਜਾ ਸਕਦੇ ਹਨ ਜਿਨ੍ਹਾਂ ਦਾ ਕੇਵਲ ਪੰਜ ਸੱਤ ਚੋਣਵੀਆਂ ਸੱਤਰਾਂ ਰਾਹੀਂ ਉਤਰ ਲਿਖਣਾ ਹੈ।

**Converted in Self Learning Mode by Dr. Gurpreet Kaur Brar**
**Last Update June, 2023**

# Mandatory Student Feedback Form

https://forms.gle/KS5CLhvpwrpgjwN98

Note: Students, kindly click this google form link, and fill this feedback form once.